@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 4 February 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 4 ਫਰਵਰੀ 2024, 19 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 65, qpatrika@gmail.com ਫੋਨ : 9971359517 www.qaumipatrika.org

ਭਾਰਤ ਰਤਨ: ਮੇਰੇ ਆਦਰਸ਼ਾਂ ਅਤੇ ਸਿਧਾਂਤਾਂ ਦਾ ਸਨਮਾਨ ਹੈ: ਅਡਵਾਨੀ

ਨਵਦੀਪ ਸਿੰਘ ਸਾਹਨ

ਨਵੀਂ ਦਿੱਲੀ 3 ਫਰਵਰੀ। ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਉੱਪ ਪ੍ਰਧਾਨ ਮੰਤਰੀ ਲਾਲਕ੍ਰਿਸ਼ਨ ਅਡਵਾਨੀ ਨੇ ਉਨ੍ਹਾਂ ਨੂੰ ਸਰਵਉੱਚ ਨਾਗਰਿਕ ਸਨਮਾਨ

ਭਾਰਤ ਰਤਨ ਤੋਂ ਸਨਮਾਨਤ ਕੀਤੇ ਜਾਣ ਲਈ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਨਾ ਸਿਰਫ ਉਨ੍ਹਾਂ ਦਾ ਸਗੋਂ ਉਨ੍ਹਾਂ ਦੇ ਆਦਰਸ਼ਾਂ ਅਤੇ ਸਿਧਾਂਤਾ ਦਾ ਵੀ ਸਨਮਾਨ ਹੈ। ਪ੍ਰਧਾਨ ਮੰਤਰੀ ਨੇ ਸ਼ਨੀਵਾਰ ਨੂੰ ਐਲਾਨ ਕੀਤਾ ਕਿ ਅਡਵਾਨੀ ਨੂੰ ਭਾਰਤ ਰਤਨ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਐਲਾਨ ਮਗਰੋਂ ਅਡਵਾਨੀ (96) ਨੇ ਕਿਹਾ ਕਿ ਇਹ ਇਕ ਵਿਅਕਤੀ ਦੇ ਰੂਪ ਵਿਚ ਨਾ ਸਿਰਫ ਉਨ੍ਹਾਂ ਦਾ, ਸਗੋਂ ਉਨ੍ਹਾਂ ਆਦਰਸ਼ਾਂ ਅਤੇ ਸਿਧਾਂਤਾਂ ਦਾ ਵੀ ਸਨਮਾਨ ਹੈ, ਜਿਨ੍ਹਾਂ ਦਾ ਪਾਲਣ ਕਰਨ ਦੀ ਉਨ੍ਹਾਂ ਨੇ ਕੋਸ਼ਿਸ਼ ਕੀਤੀ। ਅਡਵਾਨੀ ਨੇ ਕਿਹਾ ਕਿ ਰਾਸ਼ਟਰੀ ਸਵੈ-ਸੇਵਕ ਸੰਘ 'ਚ ਸ਼ਾਮਲ ਹੋਣ ਮਗਰੋਂ ਜੀਵਨ ਵਿਚ ਮੈਨੂੰ ਜੋ ਵੀ ਜ਼ਿੰਮੇਵਾਰੀ ਮਿਲੀ, ਉਸ ਨੂੰ ਨਿਭਾਉਂਦੇ ਹੋਏ ਆਪਣੇ ਪਿਆਰੇ ਦੇਸ਼ ਦੀ ਸਮਰਪਿਤ ਅਤੇ ਨਿਸਵਾਰਥ ਸੇਵਾ ਕਰਨ ਵਿਚ ਹੀ ਮੈਨੂੰ ਖੁਸ਼ੀ ਮਿਲੀ। ਉਨ੍ਹਾਂ ਨੇ ਕਿਹਾ ਕਿ ਮੈਨੂੰ ਭਾਰਤ ਰਤਨ ਦੇਣ ਲਈ ਰਾਸ਼ਟਰਪਤੀ ਮੁਰਮੂ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਦਿਲੋਂ ਧੰਨਵਾਦ ਦਿੰਦਾ ਹਾਂ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ ਕਿ ਸਾਡੇ ਸਮੇਂ ਦੇ ਸਭ ਤੋਂ ਸਤਿਕਾਰਤ ਨੇਤਾਵਾਂ 'ਚੋਂ ਇਕ ਅਡਵਾਨੀ ਨੇ ਭਾਰਤ ਦੇ ਵਿਕਾਸ 'ਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਜਮੀਨੀ ਪੱਧਰ 'ਤੇ ਕੰਮ ਕਰਕੇ ਆਪਣਾ ਜੀਵਨ ਸ਼ੁਰੂ ਕੀਤਾ ਅਤੇ ਉਪ ਪ੍ਰਧਾਨ ਮੰਤਰੀ ਵਜੋਂ ਦੇਸ ਦੀ ਸੇਵਾ ਕੀਤੀ।

ਪੰਜਾਬ ਸਰਕਾਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਲਈ ਜਾਰੀ ਕੀਤੀ ਕਰੋੜਾਂ ਦੀ ਰਾਸ਼ੀ

ਸਿੰਮੀ ਕੌਰ ਬੱਬਰ

ਚੰਡੀਗੜ੍ਹ 3 ਫਰਵਰੀ। ਪੰਜਾਬ ਸਰਕਾਰ ਨੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਮਾਣਭੱਤੇ ਦੀ ਅਦਾਇਗੀ ਲਈ 46.89 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀਆਂ ਲੋੜਵੰਦ ਮਹਿਲਾਵਾਂ ਅਤੇ ਬੱਚਿਆਂ ਦੀ ਭਲਾਈ ਲਈ ਯਤਨ ਜਾਰੀ ਰੱਖੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਆਈ. ਸੀ. ਡੀ. ਐੱਸ. ਸਕੀਮ ਅਧੀਨ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਨਵੰਬਰ 2023 ਤੋਂ ਜਨਵਰੀ 2024 ਤੱਕ ਦੇ ਮਾਣਭੱਤੇ ਦੀ ਅਦਾਇਗੀ ਲਈ 46.89 ਕਰੋੜ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ 6 ਮਹੀਨੇ ਤੋਂ 6 ਸਾਲ ਦੀ ਉਮਰ ਦੇ ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਅਨੁਪੂਰਕ ਪੋਸ਼ਣ, ਟੀਕਾਕਰਨ, ਸਿਹਤ ਜਾਂਚ, ਰੈਫਰਲ ਸੇਵਾਵਾਂ, ਪੋਸ਼ਣ ਅਤੇ ਸਿਹਤ ਸਿੱਖਿਆ ਅਤੇ ਪ੍ਰੀ-ਸਕੂਲ

ਵਰਗੀਆਂ ਸੇਵਾਵਾਂ ਮੁਹੱਈਆ ਕਰਵਾਈਆ ਜਾ ਰਹੀਆਂ ਹਨ। ਸਮਾਜਿਕ ਸੁਰੱਖਿਆ ਮੰਤਰੀ ਨੇ ਦੱਸਿਆ ਕਿ ਪਠਾਨਕੋਟ ਨੂੰ 1.83 ਕਰੋੜ ਰੁਪਏ, ਤਰਨਤਾਰਨ ਨੂੰ 1.94 ਕਰੋੜ ਰੁਪਏ, ਸ੍ਰੀ ਮੁਕਤਸਰ ਸਾਹਿਬ 1.61 ਕਰੋੜ ਰੁਪਏ, ਐਸ.ਬੀ.ਐਸ ਨਗਰ 1.54 ਕਰੋੜ ਰੁਪਏ, ਮੋਗਾ ਨੂੰ 1.62 ਕਰੋੜ ਰੁਪਏ, ਮਾਨਸਾ ਨੂੰ 1.64 ਕਰੋੜ ਰੁਪਏ, ਪਟਿਆਲਾ ਨੂੰ 3.70 ਕਰੋੜ ਰੁਪਏ, ਸੰਗਰੂਰ ਨੂੰ 36.96 ਲੱਖ ਰੁਪਏ, ਕਪੂਰਥਲਾ ਨੂੰ 1.63 ਕਰੋੜ ਰੁਪਏ, ਜਲੰਧਰ ਨੂੰ 3.08 ਕਰੋੜ ਰੁਪਏ, ਹੁਸ਼ਿਆਰਪੁਰ 4.01 ਕਰੋੜ ਰੁਪਏ, ਫਿਰੋਜ਼ਪੁਰ ਨੂੰ 2.18 ਕਰੋੜ ਰੁਪਏ, ਫਾਜ਼ਿਲਕਾ ਨੂੰ 1.71 ਕਰੋੜ ਰੁਪਏ, ਫਤਹਿਗੜ੍ਹ ਸਾਹਿਬ 1.32 ਕਰੋੜ ਰੁਪਏ, ਫਰੀਦਕੋਟ 97.32 ਲੱਖ, ਬਠਿੰਡਾ ਨੂੰ 1.73 ਕਰੋੜ ਰੁਪਏ, ਬਰਨਾਲਾ ਨੂੰ 1.33 ਕਰੋੜ ਰੁਪਏ, ਅੰਮ੍ਰਿਤਸਰ ਨੂੰ 3.31 ਕਰੋੜ ਰੁਪਏ, ਲੁਧਿਆਣਾ ਨੂੰ 4.71 ਕਰੋੜ ਰੁਪਏ, ਰੂਪਨਗਰ ਨੂੰ 1.76 ਕਰੋੜ ਰੁਪਏ, ਐਸ.ਏ.ਐਸ ਨਗਰ ਨੂੰ 1.22 ਕਰੋੜ ਰੁਪਏ, ਗੁਰਦਾਸਪੁਰ ਨੂੰ 3.58 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਸੂਬੇ ਦੀਆਂ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਵਚਨਬੱਧ ਹੈ

ਉੱਤਰਾਖੰਡ ਸਮੇਤ ਹੋਰ ਹਿਮਾਲੀਆਈ ਸੂਬਿਆਂ 'ਚ ਸੈਰ-ਸਪਾਟੇ ਨੂੰ ਲੱਗਣਗੇ ਖੰਭ

ਦੇਹਰਾਦੂਨ 3 ਫਰਵਰੀ। ਉੱਤਰਾਖੰਡ ਦਾ ਸੈਰ-ਸਪਾਟਾ ਵਿਭਾਗ ਵੀ ਕੇਂਦਰੀ ਬਜਟ ਤੋਂ ਬਹੁਤ ਉਤਸ਼ਾਹਿਤ ਹੈ। ਸੈਰ-ਸਪਾਟਾ ਵਿਕਾਸ ਪ੍ਰੀਸ਼ਦ ਦੀ ਸਹਾਇਕ ਡਾਇਰੈਕਟਰ ਪੂਨਮ ਚੰਦ ਨੇ ਕਿਹਾ ਕਿ ਲਾਖਾ ਮੰਡਲ, ਚਕਰਾਤਾ, ਲੈਂਸਡਾਊਨ, ਬੇਰੀਨਾਗ, ਮੁਨਸਯਾਰੀ ਵਰਗੇ ਸੈਰ-ਸਪਾਟਾ ਕੇਂਦਰਾਂ ਨੂੰ ਵਿਸ਼ਵ ਪੱਧਰੀ ਕੇਂਦਰ ਬਣਾਉਣ ਵਿਚ ਲਾਭ ਮਿਲੇਗਾ। ਇਸ ਦੇ ਨਾਲ ਹੀ ਚੰਪਾਵਤ ਅਤੇ ਪਿਥੌਰਾਗੜ੍ਹ ਦੇ ਅਣਛੂਹੇ ਕੇਂਦਰਾਂ ਦੇ ਵਿਕਾਸ ਦੀ ਰਾਹ ਵੀ ਖੁੱਲ੍ਹੇਗਾ। ਉੱਚ ਹਿਮਾਲੀਆਈ ਖੇਤਰ ਹਮੇਸ਼ਾ ਸੈਰ-ਸਪਾਟੇ ਨੂੰ ਆਕਰਸ਼ਿਤ ਕਰਦੇ ਰਹੇ ਹਨ। ਐਡਵੈਂਚਰ ਟੂਰਿਜਮ ਦੇ ਮਾਮਲੇ ਵਿਚ ਤਾਂ ਇਸ ਖੇਤਰ ਦਾ ਦੁਨੀਆ ਦੇ ਪੱਧਰ 'ਤੇ ਕੋਈ ਬਿਹਤਰ ਬਦਲ ਨਹੀਂ ਹੈ।

ਆਖਰ ਕਿਉਂ ਦਿੱਤਾ ਪੰਜਾਬ ਗਵਰਨਰ ਨੇ ਅਸਤੀਫਾ !

ਚੰਡੀਗੜ੍ਹ 3 ਫਰਵਰੀ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਰਾਜਪਾਲ ਨੇ ਸ਼ੁੱਕਰਵਾਰ ਨੂੰ ਰਾਸਟਰਪਤੀ ਨਾਲ ਮੁਲਾਕਾਤ ਕੀਤੀ ਅਤੇ ਅਹੁਦਾ ਛੱਡਣ ਦੀ ਇੱਛਾ ਜਾਹਰ ਕੀਤੀ ਸੀ। ਪ੍ਰਾਪਤ ਜਾਣਕਾਰੀ ਮੁਤਾਬਕ ਉਨ੍ਹਾਂ ਨੇ ਨਿੱਜੀ ਕਾਰਨਾਂ ਕਾਰਨ ਅਸਤੀਫਾ ਦਿੱਤਾ। ਰਾਜਪਾਲ ਵਲੋਂ ਅਚਾਨਕ ਦਿੱਤੇ ਗਏ ਇਸ ਅਸਤੀਫੇ ਨੇ ਸਾਰਿਆਂ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਲਾਲ ਕ੍ਰਿਸ਼ਨ ਅਡਵਾਨੀ ਭਾਰਤ ਰਤਨ ਸਨਮਾਨ ਦਿੱਤਾ ਜਾ ਰਿਹਾ ਹੈ, ਇਸੇ ਦਰਮਿਆਨ ਗਵਰਨਰ ਦਾ

ਅਸਤੀਫਾ ਹੋ ਜਾਣਾ, ਇਸ ਤਰ੍ਹਾਂ ਲੱਗ ਰਿਹਾ ਹੈ ਕਿ ਭਾਜਪਾ ਪਾਰਟੀ ਦੇ ਲੀਡਰਾਂ ਨੂੰ ਐਡਜਸਟ ਕਰਨਾ ਚਾਹੁੰਦੀ ਹੈ। 84 ਸਾਲਾ ਬਨਵਾਰੀ ਲਾਲ ਪੁਰੋਹਿਤ 8 ਸਾਲ ਵੱਖ ਵੱਖ ਜਗ੍ਹਾ 'ਤੇ ਗਵਰਨਰ ਦੇ ਅਹੁਦੇ 'ਤੇ ਸੇਵਾਵਾਂ ਨਿਭਾਅ ਚੁੱਕੇ ਹਨ। ਤਿੰਨ ਸੂਬਿਆਂ ਦੇ ਉਹ ਗਵਰਨਰ ਰਹਿ ਚੁੱਕੇ ਹਨ, ਇਸ ਤੋਂ ਇਲਾਵਾ ਤਿੰਨ ਵਾਰ ਉਹ ਨਾਗਪੁਰ ਤੋਂ ਐੱਮ. ਪੀ. ਵੀ ਰਹਿ ਚੁੱਕੇ ਹਨ। ਲਿਹਾਜਾ ਭਾਜਪਾ ਨਵੇਂ ਆਗੂਆਂ ਨੂੰ ਨਾਰਾਜ ਨਾ ਕਰਕੇ ਉਨ੍ਹਾਂ ਨੂੰ ਐਡਜਸਟ ਕਰਨਾ ਚਾਹੁੰਦੀ ਹੈ। ਦਰਅਸਲ ਭਾਜਪਾ ਨਹੀਂ ਚਾਹੁੰਦੇ ਕਿ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਨਾਲ ਜੁੜੇ ਜਾਂ ਨਵੇਂ ਆਗੂਆਂ ਦੀ ਨਾਰਾਜਗੀ ਦਾ ਸਾਹਮਣਾ ਕਰਨਾ ਪਵੇ। ਲਿਹਾਜਾ ਪਾਰਟੀ ਹੁਣ ਉਨ੍ਹਾਂ ਆਗੂਆਂ ਨੂੰ ਮੌਕਾ ਦੇਣਾ ਚਾਹੁੰਦੀ ਹੈ ਜਿਹੜੇ ਲੰਮੇ ਸਮੇਂ ਤੋਂ ਸਾਈਡ ਲਾਈਨ ਸਨ।

ਕੁੱਤੇ ਦੀ ਤਰ੍ਹਾਂ ਭੌਂਕਣ ਵਾਲੇ ਵਰਕਰਾਂ ਨੂੰ ਸੌਂਪਿਆ ਜਾਵੇ ਬੂਥ ਦਾ ਕੰਮ : ਮਲਿਕਾਰਜੁਨ ਖੜਗੇ

ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 3 ਫਰਵਰੀ। ਕਾਂਗਰਸ ਨੇ ਦਿੱਲੀ ਦੇ ਰਾਮਲੀਲਾ ਮੈਦਾਨ 'ਚ ਸ਼ਨੀਵਾਰ ਨੂੰ ਨਿਆਂ ਸੰਕਲਪ ਰੈਲੀ ਦਾ ਆਯੋਜਨ ਕੀਤਾ। ਇਸ ਰੈਲੀ 'ਚ ਕਾਂਗਰਸ ਦੇ ਬੂਥ ਲੇਵਲ ਦੇ ਵਰਕਰ ਤੋਂ ਲੈ ਕੇ ਸੀਨੀਅਰ ਨੇਤਾ ਸ਼ਾਮਲ ਹੋਏ। ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕੇਂਦਰ ਸਰਕਾਰ 'ਤੇ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਨੇ ਸਭ ਕਾ

ਸੱਤਿਆਨਾਸ਼ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਿਵੇਂ ਕੁੱਤਾ ਖਰੀਦਦੇ ਸਮੇਂ ਦੇਖਿਆ ਜਾਂਦਾ ਹੈ ਕਿ ਸਹੀ ਨਾਲ ਭੌਂਕਦਾ ਹੈ ਜਾਂ ਨਹੀਂ, ਉਂਝ ਹੀ ਭੌਂਕਣ ਵਾਲੇ ਵਰਕਰਾਂ ਨੂੰ ਬੂਥ ਦਾ ਕੰਮ ਸੌਂਪਣਾ ਚਾਹੀਦਾ। ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਖੜਗੇ ਨੇ ਨਿਆਂ ਸੰਕਲਪ ਰੈਲੀ 'ਚ ਕਿਹਾ ਕਿ ਰਾਹੁਲ ਗਾਂਧੀ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਭਾਜਪਾ ਸਰਕਾਰ 'ਚ ਹੋ ਰਹੇ ਅੱਤਿਆਚਾਰਾਂ ਖ਼ਿਲਾਫ ਲੜ ਰਹੇ ਹਨ। ਜੇਕਰ ਤੁਸੀਂ ਇਸ ਲੜਾਈ 'ਚ ਹਾਰ ਗਏ ਤਾਂ ਤੁਸੀਂ ਮੋਦੀ ਦੇ ਗੁਲਾਮ ਹੋ ਜਾਵੋਗੇ। ਖੜਗੇ ਨੇ ਕਿਹਾ ਕਿ ਪੀ.ਐੱਮ. ਇਸ ਦੇਸ਼ ਦੀ ਜਨਤਾ ਨੂੰ ਗੁਲਾਮੀ 'ਚ ਪਾ ਦੇਣਗੇ। ਅੱਜ ਦੇਸ਼ 'ਚ 30 ਲੱਖ ਨੌਕਰੀਆਂ ਖਾਲੀ ਹਨ। ਇਨ੍ਹਾਂ ਨੌਕਰੀਆਂ ਨੂੰ ਇਸ ਲਈ ਨਹੀਂ ਭਰਿਆ ਜਾ ਰਿਹਾ, ਕਿਉਂਕਿ ਉੱਥੇ ਐੱਸ.ਸੀ., ਐੱਸ.ਟੀ. ਦੇ ਲੋਕ ਆ ਜਾਣਗੇ।

ਦਿੱਲੀ ਸਰਕਾਰ
ਆਪ ਦੀ ਸਰਕਾਰ

ਰੋਹਿਣੀ ਸੇਕਟਰ 41 'ਚ ਦਿੱਲੀ ਸਰਕਾਰ ਦੇ

ਦੋ ਨਵੇਂ ਸਕੂਲਾਂ ਦਾ ਸ਼ਿਲਾਨਿਆਸ

ਪ੍ਰਾਚੀਨ ਸਕੂਲ ਭਵਨ ਦਾ ਕਲਾਤਮਕ ਮੱਡਲ

ਉਤੱਰ ਪੱਛਮੀ ਦਿੱਲੀ ਦੇ ਕਿਰਾੜੀ ਖੇਤਰ ਦੇ ਜ਼ਿਆਦਾ ਆਬਾਦੀ ਵਾਲੇ ਇਲਾਕੇ ਦੇ ਬੱਚੇ ਹੋਣਗੇ ਲਾਭਾਂਵਿਤ

ਮੁੱਖ ਵਿਸ਼ੇਸ਼ਤਾਵਾਂ

- ਦੋ ਪਲਾਂਟਸ 'ਚ ਬਣਨਗੇ ਦੋ ਨਵੇਂ ਵਰਲਡ ਕਲਾਸ ਸਕੂਲ
- ਦੋਨੋਂ ਸਕੂਲਾਂ 'ਚ ਬਣਨਗੇ ਕੁਲ 100 ਤੋਂ ਜਿ0ਆਦਾ ਸ਼ਾਨਦਾਰ ਕਲਾਸਰੂਮ
- ਹਾਈਟੇਕ ਲੇਬੋਰੇਟ੍ਰੀ, ਸਮ੍ਰਿਧ ਲਾਈਬ੍ਰੇਰੀ ਤੋਂ ਲੈਸ ਹੋਣਗੇ ਸਕੂਲ
- ਸਕੂਲਾਂ 'ਚ ਆੱਫਿਸ, ਸਟਾਫ ਰੂਮ ਸਹਿਤ ਸ਼ਾਨਦਾਰ ਐਕਟੀਵਿਟੀ ਰੂਮ
- ਹਰੇਕ ਮੰਜ਼ਿਲ 'ਤੇ ਟੱਾਯਲੇਟ ਬਲੱਾਕ 'ਤੇ ਲਿਫਟ ਦੀ ਸੁਵਿਧਾ
- ਇਕ ਸਕੂਲ 'ਚ 300 ਲੋਕਾਂ ਦੀ ਸ਼ਮਤਾ ਵਾਲਾ ਏਅਰ-ਕੰਡੀਸ਼ਡ ਮਲਟੀ-ਪਰਪਸ ਹੱਾਲ ਵੀ

ਐਤਵਾਰ, 4 ਫਰਵਰੀ 2024

ਮੁੱਖ ਮਹਿਮਾਨ
ਅਰਵਿੰਦ ਕੇਜਰੀਵਾਲ, ਮੁੱਖਮੰਤਰੀ, ਦਿੱਲੀ

ਵਿਸ਼ੇਸ਼ ਮਹਿਮਾਨ
ਆਤਿਸ਼ੀ, ਸਿੱਖਿਆ ਮੰਤਰੀ, ਦਿੱਲੀ

DIP/Shabdarth/Display/0129/23-24

ਸਿੱਖਿਆ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਬਾਜ਼ਾਰਾਂ 'ਚ ਘਟੀਆਂ ਸਮੱਗਰੀ ਨਾਲ ਤਿਆਰ ਖਾਣ-ਪੀਣ ਚੀਜਾਂ ਵੇਚ ਰਹੇ ਲੋਕਾਂ ਦੀ ਸਿਹਤ ਨਾਲ ਕੀਤਾ ਜਾ ਰਿਹਾ ਖਿਲਵਾੜ

ਗੁਰਦਾਸਪੁਰ 3 ਫਰਵਰੀ। ਇਸ ਸਾਲ ਮੌਸਮ 'ਚ ਆਏ ਦਿਨ ਤਬਦੀਲੀ ਹੋ ਰਹੀ ਹੈ ਅਤੇ ਇਕ-ਦੋ ਦਿਨ ਦੀ ਗਰਮੀ ਤੋਂ ਬਾਅਦ ਜ਼ੋਰਦਾਰ ਬਰਸਾਤ ਵੇਖਣ ਨੂੰ ਮਿਲੀ ਹੈ। ਅਪ੍ਰੈਲ ਅਤੇ ਮਈ ਮਹੀਨੇ 'ਚ ਬਹੁਤ ਘੱਟ ਦਿਨ ਗਰਮੀ ਦੇ ਵੇਖਣ ਨੂੰ ਮਿਲੇ, ਜਿਸ ਕਾਰਨ ਇਲਾਕੇ 'ਚ ਮੱਖੀਆਂ ਅਤੇ ਮੱਛਰਾਂ ਦੀ ਭਰਮਾਰ ਹੈ ਪਰ ਇਸ ਦੇ ਬਾਵਜੂਦ ਸ਼ਹਿਰਾਂ 'ਚ ਸੜਕਾਂ, ਬਾਜ਼ਾਰਾਂ, ਗਲੀਆਂ-ਮੁਹੱਲਿਆਂ, ਪ੍ਰਮੁੱਖ ਚੌਂਕਾਂ 'ਚ ਅਤੇ ਪੇਂਡੂ ਖੇਤਰਾਂ 'ਚ ਘਟੀਆਂ ਮਟੀਰੀਅਲ ਤੋਂ ਤਿਆਰ ਕੀਤੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਵਿਕਰੀ ਸ਼ਰੇਆਮ ਹੋ ਰਹੀ ਹੈ, ਜਿਸ ਕਾਰਨ ਇਨ੍ਹਾਂ ਲੋਕਾਂ ਵੱਲੋਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਚੁੱਪ ਬੈਠਾ ਹੈ। ਇਸ ਵਾਰ ਇਕ ਦਿਨ ਦੀ ਗਰਮੀ ਤੋਂ ਬਾਅਦ ਜ਼ੋਰਦਾਰ ਬਰਸਾਤ ਹੁੰਦੀ ਰਹੀ। ਇਨ੍ਹਾਂ ਦੋ ਮਹੀਨਿਆਂ 'ਚ ਸ਼ਾਇਦ ਹੀ 4-5 ਦਿਨ ਗਰਮੀ ਵੇਖਣ ਨੂੰ ਮਿਲੀ ਹੋਵੇ। ਮੌਸਮ ਦੇ ਇਸ ਬਦਲਾਅ ਕਾਰਨ ਗਰਮੀ ਨਾ ਪੈਣ ਅਤੇ ਬਰਸਾਤ ਹੁੰਦੇ ਰਹਿਣ ਕਾਰਨ ਮੱਖੀ ਅਤੇ ਮੱਛਰਾਂ ਤੋਂ ਮੁਕਤੀ ਨਹੀਂ ਮਿਲੀ, ਪਰ ਜਦ ਵੇਖਿਆ ਜਾਵੇ ਤਾਂ ਇਸ ਸਮੇਂ ਸ਼ਹਿਰ ਦੇ ਮੁੱਖ ਬਾਜ਼ਾਰਾਂ, ਗਲੀ-ਮੁਹੱਲਿਆਂ, ਸੜਕਾਂ ਅਤੇ ਚੌਂਕਾਂ 'ਚ ਅਜਿਹੀਆਂ ਚੀਜ਼ਾਂ ਖਾਣ-ਪੀਣ ਵਾਲੀਆਂ ਵੇਚੀਆਂ ਜਾ ਰਹੀਆਂ ਹਨ। ਜਿਨ੍ਹਾਂ ਦੀ ਕੁਆਲਿਟੀ ਬਹੁਤ ਹੀ ਘਟੀਆ ਹੈ। ਰੇਹੜੀਆਂ 'ਤੇ ਵਿਕਣ ਵਾਲਾ ਇਹ ਸਾਮਾਨ ਬਹੁਤ ਹੀ ਘਟੀਆਂ ਸਮੱਗਰੀ ਅਤੇ ਘਟੀਆਂ ਤੇਲ ਨਾਲ ਤਿਆਰ ਕੀਤਾ ਜਾਂਦਾ ਹੈ। ਰੇਹੜੀਆਂ 'ਚ ਚਾਰੇ ਪਾਸੇ ਗੰਦਗੀ ਦਾ ਵੀ ਬੋਲਬਾਲਾ ਰਹਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਰੇਹੜੀਆਂ ਜ਼ਿਆਦਾਤਰ ਬਰਸਾਤ ਦੇ ਪਾਣੀ ਦੇ ਨਿਕਾਸ ਲਈ ਬਣਾਏ ਗੰਦੇ ਨਾਲਿਆਂ ਦੇ ਉਪਰ ਹੀ ਖੜ੍ਹੀਆਂ ਹਨ। ਜਦਕਿ ਕਈ ਵੱਡੀਆਂ ਦੁਕਾਨਾਂ ਗੰਦੇ ਨਾਲਿਆਂ 'ਤੇ ਹੀ ਬਣਾ ਦਿੱਤੀਆਂ ਗਈਆਂ ਹਨ, ਜਿਸ ਕਾਰਨ ਲੋਕਾਂ ਨੂੰ ਸਾਫ-ਸੁਥਰਾ ਖਾਣ-ਪੀਣ ਦਾ ਸਾਮਾਨ ਮਿਲਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸ਼ਹਿਰਾਂ ਅਤੇ ਪਿੰਡਾਂ ਵਿਚ ਕੁਝ ਹਲਵਾਈਆਂ ਵੱਲੋਂ ਸ਼ਰੇਆਮ ਸਵਾਦੀ ਸਨੈਕਸ, ਨੂਡਲਜ, ਚੈਂਪਸ, ਮਾਸਾ-ਹਾਰੀ ਖਾਣ ਦੀਆਂ ਕਈ ਕਿਸਮਾਂ ਅਤੇ ਹੋਰ ਸਮਾਨ ਸੜਕਾਂ 'ਤੇ ਵੇਚਿਆ ਜਾ ਰਿਹਾ ਹੈ। ਅਜਿਹਾ ਨਹੀਂ ਹੈ ਕਿ ਇਹ ਕੰਮ ਕੁਝ ਦਿਨਾਂ ਤੋਂ ਅਮਲ ਵਿਚ ਆਇਆ ਹੈ, ਜਦੋਂ ਕਿ ਸਾਲਾਂ ਤੋਂ ਇਹ ਧੰਦਾ ਗਲੀਆਂ-ਬਾਜ਼ਾਰਾਂ ਵਿਚ ਬਿਨਾਂ ਕਿਸੇ ਰੁਕਾਵਟ ਦੇ ਚੱਲ ਰਿਹਾ ਹੈ। ਇਨ੍ਹਾਂ 'ਤੇ ਬੈਠੀਆਂ ਮੱਖੀਆਂ ਅਤੇ ਹੋਰ ਜ਼ਹਿਰੀਲੇ ਕੀੜਿਆਂ ਕਾਰਨ ਲੋਕ ਟਾਈਫਾਈਡ, ਲੂਜ ਮੋਸਨ ਅਤੇ ਡਾਇਰੀਆ ਵਰਗੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਸਮੱਸਿਆ ਨੂੰ ਲੈ ਕੇ ਸਮਾਜਿਕ ਜਥੇਬੰਦੀਆਂ ਪਹਿਲਾਂ ਵੀ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦਾ ਧਿਆਨ ਖਿੱਚ ਚੁੱਕੀਆਂ ਹਨ ਪਰ ਜ਼ਿਲ੍ਹਾ ਪ੍ਰਸ਼ਾਸਨ ਇਕ-ਦੋ ਦਿਨਾਂ ਦੀ ਸਖਤੀ ਤੋਂ ਬਾਅਦ ਉਹੀ ਪੁਰਾਣੀ ਚਾਲ 'ਤੇ ਮੁੜ ਆਉਂਦਾ ਹੈ। ਕੁਝ ਹਲਵਾਈਆਂ ਅਤੇ ਹੋਰ ਦੁਕਾਨਾਂ 'ਤੇ

ਜਾ ਕੇ ਪਤਾ ਲੱਗਦਾ ਹੈ ਕਿ ਕਿਵੇਂ ਨਕਲੀ ਜਹਿਰੀਲੇ ਰੰਗਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸ਼ਹਿਰਾਂ ਦੇ ਨਾਲ-ਨਾਲ ਪੇਂਡੂ ਖੇਤਰਾਂ ਵਿਚ ਘਟੀਆ ਸਮੱਗਰੀ ਦੀ ਵਰਤੋਂ ਦੇ ਨਾਲ-ਨਾਲ ਜਹਿਰੀਲੇ ਰੰਗਾਂ ਅਤੇ ਚਾਂਦੀ ਦੇ ਢੱਕਣ ਦੀ ਵਰਤੋਂ ਕੀਤੀ ਜਾ ਰਹੀ ਹੈ। ਬੇਸ਼ੱਕ ਇਨ੍ਹਾਂ ਚੀਜ਼ਾਂ ਦੀ ਵਿਕਰੀ 'ਤੇ ਪਾਬੰਦੀ ਲਗਾਉਣ ਲਈ ਕਾਗਜਾਂ 'ਤੇ ਬਹੁਤ ਕੁਝ ਹੋ ਚੁੱਕਾ ਹੈ ਪਰ ਅਮਲੀ ਤੌਰ 'ਤੇ ਕੁਝ ਹੁੰਦਾ ਨਜਰ ਨਹੀਂ ਆ ਰਿਹਾ ਹੈ। ਕੁਝ ਦੁਕਾਨਦਾਰ ਸਿਹਤ ਵਿਭਾਗ ਦੇ ਨਿਯਮਾਂ ਦੀ ਪ੍ਰਵਾਹ ਕੀਤੇ ਬਿਨਾਂ ਘਟੀਆ ਤੇਲ ਵਿਚ ਘਟੀਆ ਸਨੈਕਸ ਤਲਦੇ ਹਨ, ਜਿਸ ਕਾਰਨ ਲੋਕਾਂ ਅਤੇ ਖਾਸ ਕਰ ਕੇ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਖਾਸ ਕਰ ਕੇ ਮਾਸਪੇਸੀਆਂ ਦੀ ਸਮੱਸਿਆ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸੇ ਤਰ੍ਹਾਂ ਪੂਰੇ ਜ਼ਿਲ੍ਹੇ ਵਿਚ ਤਾਜੇ ਫਲਾਂ ਦੇ ਜੂਸ ਦੇ ਕਾਰੋਬਾਰ ਵਿਚ ਕਈ ਤਰ੍ਹਾਂ ਦੇ ਜਹਿਰੀਲੇ ਰੰਗਾਂ ਅਤੇ ਹੋਰ ਪਦਾਰਥਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਸਮੱਸਿਆ ਬਾਰੇ ਗੁਰਦਾਸਪੁਰ ਦੇ ਬੱਚਿਆਂ ਦੇ ਮਾਹਿਰ ਡਾਕਟਰ ਪੀ. ਕੇ. ਮਹਾਜਨ ਅਨੁਸਾਰ ਇਨ੍ਹੀ ਦਿਨੀਂ ਨਿਊਰੋਸਿਸ ਤੋਂ ਪੀੜਤ ਜ਼ਿਆਦਾ ਬੱਚੇ ਇਲਾਜ ਲਈ ਆ ਰਹੇ ਹਨ। ਜਦੋਂ ਕਿ ਮਾਂ ਦਾ ਦੁੱਧ ਪੀਣ ਵਾਲੇ ਬੱਚੇ ਵੀ ਮਾਂ ਵੱਲੋਂ ਬਾਜਾਰ ਦੀਆਂ ਇਹ ਸਸਤੀਆਂ ਅਤੇ ਮਸਾਲੇਦਾਰ ਚੀਜਾਂ ਖਾਣ ਕਾਰਨ ਕਈ ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਅੱਜਕੱਲ ਇਹ ਸਮੱਸਿਆ ਆਮ ਦਿਨਾਂ ਦੇ ਮੁਕਾਬਲੇ ਬੱਚਿਆਂ ਵਿੱਚ ਜ਼ਿਆਦਾ ਦੇਖਣ ਨੂੰ ਮਿਲ ਰਹੀ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਘਰ ਵਿਚ ਹੀ ਬੱਚਿਆਂ ਨੂੰ ਭੋਜਨ ਤਿਆਰ ਕਰ ਕੇ ਦੇਣ। ਸ਼ਹਿਰ ਦੇ ਪ੍ਰਮੁੱਖ ਡਾ.ਕੇ.ਐੱਸ.ਬੱਬਰ ਅਨੁਸਾਰ ਅੱਜ ਜ਼ਿਆਦਾਤਰ ਬਿਮਾਰੀਆਂ ਦਾ ਕਾਰਨ ਖਾਣ-ਪੀਣ ਦੀ ਸ਼ੁੱਧਤਾ ਦੀ ਘਾਟ ਹੈ। ਬਾਜਾਰਾਂ ਵਿਚ ਵਿਕਣ ਵਾਲੇ ਸਾਮਾਨ ਦੀ ਗੁਣਵੱਤਾ ਕੀ ਹੈ, ਇਹ ਕਿਸੇ ਤੋਂ ਲੁਕਿਆ ਨਹੀਂ ਹੈ। ਆਈਸ ਕੈਂਡੀ ਸਮੇਤ ਹੋਰ ਮਿੱਠਾ ਦੁੱਧ ਜੋ ਬਾਜਾਰ ਵਿਚ ਵਿਕ ਰਿਹਾ ਹੈ, ਉਹ ਕਿਸੇ ਜਹਿਰ ਤੋਂ ਘੱਟ ਨਹੀਂ ਹੈ। ਮਿੱਠੇ ਅਤੇ ਠੰਡੇ ਦੁੱਧ ਦੇ ਨਾਂ 'ਤੇ ਸੜਕਾਂ 'ਤੇ ਵਿਕ ਰਹੇ ਦੁੱਧ ਦੇ ਮੁਕਾਬਲੇ ਜ਼ਿਲੇ ਵਿਚ ਦੁੱਧ ਦਾ ਉਤਪਾਦਨ 50 ਫੀਸਦੀ ਵੀ ਨਹੀਂ ਹੈ। ਗੁੱਜਰ ਵੀ ਗਰਮੀ ਦਾ ਮੌਸਮ ਸ਼ੁਰੂ ਹੁੰਦੇ ਹੀ ਵਾਪਸ ਚਲੇ ਜਾਂਦੇ ਹਨ ਅਤੇ ਸਾਡੇ ਪਸ਼ੂਆਂ ਤੋਂ ਮਿਲਣ ਵਾਲੇ ਦੁੱਧ ਦੀ ਮਾਤਰਾ ਵੀ ਘੱਟ ਜਾਂਦੀ ਹੈ। ਇਹੀ ਕਾਰਨ ਹੈ ਕਿ ਲੋਕ ਕਈ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਲੋਕ ਟਾਈਫਾਈਡ, ਲੂਜ ਮੋਸਨ ਅਤੇ ਡਾਇਰੀਆ ਦਾ ਸ਼ਿਕਾਰ ਹੋ ਰਹੇ ਹਨ। ਇਸ ਸਬੰਧੀ ਸਹਿਰ ਦੇ ਮੋਹਤਬਰ ਵਿਅਕਤੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਨੂੰ ਇਸ ਸਬੰਧੀ ਸਖਤੀ ਨਾਲ ਕੰਮ ਕਰਨਾ ਚਾਹੀਦਾ ਹੈ । ਮਨੁੱਖ ਲਈ ਉਸ ਦੀ ਸਿਹਤ ਤੋਂ ਵੱਧ ਕੁਝ ਵੀ ਮਹੱਤਵਪੂਰਨ ਨਹੀਂ ਹੈ। ਲੋਕ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਚਿੰਤਾਵਾਂ ਨਾਲ ਜੂਝ ਰਹੇ ਹਨ, ਜੇਕਰ ਲੋਕਾਂ ਨੂੰ ਸੁੱਧ ਖਾਣ-ਪੀਣ ਨਾ ਮਿਲਿਆ ਤਾਂ ਲੋਕਾਂ ਨੂੰ ਹੋਰ ਵੀ ਕਈ ਬੀਮਾਰੀਆਂ ਦਾ ਸ਼ਿਕਾਰ ਹੋਣਾ ਪਵੇਗਾ। ਇਸ ਲਈ ਮੌਸਮ ਦੇ ਹਿਸਾਬ ਨਾਲ ਘਟੀਆ ਮਟੀਰੀਅਲ ਤੋਂ ਤਿਆਰ ਕੀਤੀਆਂ ਜਾਣ ਵਾਲੀਆਂ ਚੀਜਾਂ ਅਤੇ ਬਿਨਾਂ ਕਵਰ ਤੋਂ ਵਿਕਣ ਵਾਲੀਆਂ ਚੀਜਾਂ 'ਤੇ ਸਖਤ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

ਨਾਇਬ ਤਹਿਸੀਲਦਾਰ ਪ੍ਰੀਖਿਆ : ਪਹਿਲੀ ਵਾਰ ਬਾਇਓ ਮੈਟ੍ਰਿਕ ਮਸੀਨ ਰਾਹੀਂ ਹੋਵੇਗਾ ਉਮੀਦਵਾਰਾਂ ਦਾ ਦਾਖਲਾ

ਜਲੰਧਰ 3 ਫਰਵਰੀ। ਪੰਜਾਬ ਦੀ ਨਾਇਬ ਤਹਿਸੀਲਦਾਰ ਦੀ ਹੋਣ ਵਾਲੀ ਪ੍ਰੀਖਿਆ ਪੰਜਾਬ ਸਰਕਾਰ ਲਈ ਚੁਣੌਤੀ ਬਣੀ ਹੋਈ ਹੈ। ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਲੋਕ ਸੇਵਾ ਕਮਿਸਨ ਰਾਹੀਂ ਕਰਵਾਈ ਜਾਣ ਵਾਲੀ ਇਹ ਪਹਿਲੀ ਪ੍ਰੀਖਿਆ ਦੂਜੀ ਵਾਰ ਹੋ ਰਹੀ ਹੈ। ਪਿਛਲੇ ਸਾਲ 22 ਮਈ ਨੂੰ ਹੋਈ ਇਸ ਪ੍ਰੀਖਿਆ 'ਚ ਧਾਂਦਲੀ ਹੋਈ ਸੀ, ਜਿਸ ਕਾਰਨ ਇਹ ਪ੍ਰੀਖਿਆ ਰੱਦ ਕਰ ਦਿੱਤੀ ਗਈ ਸੀ, ਜਿਸ ਦੇ ਮੱਦੇਨਜਰ ਇਸ ਵਾਰ ਪੰਜਾਬ ਸਰਕਾਰ ਨੇ ਸੁਰੱਖਿਆ ਦੇ ਵਿਸੇਸ ਪ੍ਰਬੰਧ ਕੀਤੇ ਹਨ, ਜਿਸ 'ਚ ਦਾਖਲ ਹੋਣ ਤੋਂ ਪਹਿਲਾਂ ਹਰ ਉਮੀਦਵਾਰ ਨੂੰ ਬਾਇਓ ਮੈਟ੍ਰਿਕ ਮਸੀਨ ਤੋਂ ਲੰਘਣਾ ਹੋਵੇਗਾ ਅਤੇ ਉਸ ਤੋਂ ਬਾਅਦ ਉਸ ਦੇ ਐਡਮਿਟ ਕਾਰਡ 'ਤੇ ਇਕ ਹੋਲੋਗ੍ਰਾਮ ਵੀ ਲਗਾਇਆ ਜਾਵੇਗਾ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਹੇਰਾਫੇਰੀ ਦੀ ਗੁੰਜਾਇਸ ਨਾ ਰਹੇ। ਨਾਇਬ ਤਹਿਸੀਲਦਾਰ ਦੀਆਂ 78 ਅਸਾਮੀਆਂ ਲਈ ਹੋਣ ਵਾਲੀ ਇਸ ਪ੍ਰੀਖਿਆ 'ਚ ਕਰੀਬ 70 ਹਜਾਰ ਉਮੀਦਵਾਰ ਸ਼ਾਮਲ ਹੋਣਗੇ। ਪ੍ਰੀਖਿਆ ਦਾ ਪੇਪਰ ਕਿਤੇ ਵੀ ਲੀਕ ਨਾ ਹੋਵੇ, ਇਸ ਲਈ ਪੀ. ਪੀ. ਐੱਸ. ਸੀ. ਵੱਲੋਂ ਤਿੰਨ-ਪੱਧਰੀ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਵਿਸੇਸ ਸਾਵਧਾਨੀ ਵਰਤੀ ਜਾ ਰਹੀ ਹੈ। ਨਾਇਬ ਤਹਿਸੀਲਦਾਰ ਦੀ ਹੋਣ ਵਾਲੀ ਇਹ ਪ੍ਰੀਖਿਆ ਨੇ ਤੀਸਰੀ ਸਰਕਾਰ ਵੀ ਦੇਖ ਲਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਚ ਨਾਇਬ ਤਹਿਸੀਲਦਾਰਾਂ ਦੀ ਭਰਤੀ ਲਈ ਇਸਤਿਹਾਰ ਜਾਰੀ ਹੋਏ ਸਨ। ਬਾਅਦ 'ਚ ਇਹ ਪ੍ਰੀਖਿਆ ਕੋਰੋਨਾ ਪੀਰੀਅਡ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਵੀ ਬਣੀ ਤਾਂ ਉਸ ਸਮੇਂ ਦੌਰਾਨ ਵੀ ਪ੍ਰੀਖਿਆ ਨਹੀਂ ਹੋ ਸਕੀ। ਹੁਣ ਭਗਵੰਤ ਮਾਨ ਦੀ ਤੀਜੀ ਸਰਕਾਰ ਹੈ, ਜੋ ਦੂਜੀ ਵਾਰ ਇਹ ਪ੍ਰੀਖਿਆ ਕਰਵਾਉਣ ਜਾ ਰਹੀ ਹੈ। 21 ਸਾਲਾਂ ਬਾਅਦ ਨਾਇਬ ਤਹਿਸੀਲਦਾਰਾਂ ਦੀ ਭਰਤੀ ਲਈ ਪ੍ਰੀਖਿਆ ਹੋਣ ਜਾ ਰਹੀ ਹੈ। ਦੇਸ ਦੇ ਵੱਖ-ਵੱਖ ਹਿੱਸਿਆਂ 'ਚ ਸੂਬੇ ਦੇ ਲੋਕ ਸੇਵਾ ਕਮਿਸਨ ਦੇ ਪ੍ਰਸਨ ਪੱਤਰ ਲੀਕ ਹੋਣ ਦੀਆਂ ਘਟਨਾਵਾਂ ਦੇ ਮੱਦੇਨਜਰ ਪੰਜਾਬ 'ਚ ਇਸ ਲਈ ਸੁਰੱਖਿਆ ਦੇ ਵਿਸੇਸ ਪ੍ਰਬੰਧ ਕੀਤੇ ਜਾ ਰਹੇ ਹਨ। ਪ੍ਰੀਖਿਆ ਕੇਂਦਰ 'ਚ ਦਾਖਲ ਹੋਣ ਤੋਂ ਪਹਿਲਾਂ ਉਮੀਦਵਾਰ ਨੂੰ ਬਾਇਓ ਮੈਟ੍ਰਿਕ ਮਸੀਨ 'ਤੇ ਆਪਣੇ ਅੰਗੂਠੇ ਦਾ ਨਿਸਾਨ ਦੇਣਾ ਹੋਵੇਗਾ। ਉਸ ਦੀ ਪੁਸ਼ਟੀ ਹੋਣ ਤੋਂ ਬਾਅਦ ਹੀ ਉਸ ਦੇ ਦਾਖਲੇ ਪੱਤਰ 'ਤੇ ਪੀ. ਪੀ. ਐੱਸ. ਸੀ. ਵੱਲੋਂ ਜਾਰੀ ਹੋਲੋਗ੍ਰਾਮ ਲਗਾਇਆ ਜਾਵੇਗਾ। ਉਮੀਦਵਾਰ ਆਪਣੇ ਨਾਲ ਘੜੀ ਵੀ ਨਹੀਂ ਲਿਜਾ ਸਕਣਗੇ। ਪਹਿਲਾਂ ਡਿਜੀਟਲ ਘੜੀ 'ਤੇ ਪਾਬੰਦੀ ਸੀ ਪਰ ਹੁਣ ਡਿਜੀਟਲ ਅਤੇ ਐਨਾਲਾਗ ਘੜੀਆਂ ਲੈ ਕੇ ਜਾਣ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਪਾਬੰਦੀ ਸਿਰਫ ਉਮੀਦਵਾਰਾਂ 'ਤੇ ਹੀ ਨਹੀਂ ਸਗੋਂ ਪ੍ਰੀਖਿਆ ਲੈਣ ਵਾਲੇ ਸਟਾਫ 'ਤੇ ਵੀ ਲਗਾਈ ਗਈ ਹੈ। ਪ੍ਰੀਖਿਆ ਕੇਂਦਰ ਦੇ ਅੰਦਰ ਹਰ ਤਰ੍ਹਾਂ ਦੇ ਇਲੈਕਟ੍ਰਾਨਿਕ ਯੰਤਰ ਲੈ ਕੇ ਜਾਣ 'ਤੇ ਪਾਬੰਦੀ ਰਹੇਗੀ। ਹੁਕਮ ਨਾ ਮੰਨਣ 'ਤੇ ਉਮੀਦਵਾਰ ਵਿਰੁੱਧ ਮੁਕੱਦਮਾ ਵੀ ਦਰਜ ਕੀਤਾ ਜਾਵੇਗਾ ਅਤੇ ਉਸ ਨੂੰ ਪ੍ਰੀਖਿਆ ਕੇਂਦਰ 'ਚੋਂ ਬਾਹਰ ਕੱਢ ਦਿੱਤਾ ਜਾਵੇਗਾ। ਇਸ ਪ੍ਰੀਖਿਆ ਲਈ ਪੰਜਾਬ ਅਤੇ ਚੰਡੀਗੜ੍ਹ 'ਚ ਵੱਖ-ਵੱਖ ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਇਸ ਪ੍ਰੀਖਿਆ ਦੇ ਸਬੰਧ 'ਚ ਪੀ. ਪੀ. ਐੱਸ. ਸੀ. ਵੱਲੋਂ ਪੰਜਾਬ ਅਤੇ ਚੰਡੀਗੜ੍ਹ 'ਚ ਪ੍ਰੀਖਿਆ ਕਰਵਾਉਣ ਵਾਲੇ ਸਟਾਫ ਅਤੇ ਪੁਲਸ ਨਾਲ ਵਿਸੇਸ ਮੀਟਿੰਗ ਵੀ ਕਰ ਰਹੀ ਹੈ। ਪੀ. ਪੀ. ਐੱਸ. ਸੀ. ਵੱਲੋਂ 13 ਜੂਨ ਨੂੰ ਚੰਡੀਗੜ੍ਹ ਦੇ ਸੈਕਟਰ 26 ਸਥਿਤ ਮੈਡੀਸਪਾ ਸੈਂਟਰ ਵਿਖੇ ਸਟਾਫ ਨੂੰ ਸਿਖਲਾਈ ਵੀ ਦਿੱਤੀ ਗਈ ਸੀ, ਜਦਕਿ ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਵੀ ਅਜਿਹੀ ਸਿਖਲਾਈ ਦਿੱਤੀ ਗਈ ਸੀ। ਇਸ ਵਾਰ ਦੀ ਪ੍ਰੀਖਿਆ ਵਿੱਚ ਖਾਸ ਗੱਲ ਇਹ ਹੈ ਕਿ ਕੋਰੋਨਾ ਨੂੰ ਨਜਰਅੰਦਾਜ ਕੀਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਸ ਤੋਂ ਪਹਿਲਾਂ ਪ੍ਰੀਖਿਆ ਦੇਣ ਵਾਲੇ ਕੇਂਦਰਾਂ ਨੂੰ ਪ੍ਰਤੀ ਪ੍ਰੀਖਿਆਰਥੀ ਨੂੰ 30 ਰੁਪਏ ਅਦਾ ਕਰਨ ਦਾ ਫੈਸਲਾ ਕੀਤਾ ਗਿਆ ਸੀ, ਜਿਸ ਵਿੱਚ ਪੀਣ ਲਈ ਪਾਣੀ ਦੇ ਨਾਲ-ਨਾਲ ਮਾਸਕ, ਸੈਨੀਟਾਈਜਰ ਦੀ ਕੀਮਤ, ਥਰਮਾਮੀਟਰ ਆਦਿ ਸਾਮਲ ਸਨ। ਹੁਣ ਇਹ ਬਜਟ ਘਟਾ ਕੇ ਪ੍ਰਤੀ ਪ੍ਰੀਖਿਆਰਥੀ 20 ਰੁਪਏ ਕਰ ਦਿੱਤਾ ਗਿਆ ਹੈ, ਜਦੋਂ ਕਿ ਇਸ ਸਿਖਲਾਈ ਮੀਟਿੰਗ ਵਿੱਚ ਪਹਿਲਾਂ ਵਾਂਗ ਹੀ ਪ੍ਰੀਖਿਆ ਕੇਂਦਰਾਂ ਦੇ ਸਟਾਫ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪ੍ਰੀਖਿਆ ਕਰਵਾਉਣ ਦੀ ਬਜਾਏ ਹਰੇਕ ਨਿਗਰਾਨ ਨੂੰ ਸਿਰਫ 600 ਰੁਪਏ ਦੇਣਾ ਘੱਟ ਹੈ, ਜਦੋਂ ਕਿ ਚੌਥੇ ਦਰਜੇ ਦੇ ਮੁਲਾਜਮ ਨੂੰ ਸਿਰਫ 300 ਰੁਪਏ ਦਿੱਤੇ ਜਾਣੇ ਹਨ।

ਨਸ਼ਾ ਸਮੱਗਲਰਾਂ ਸਬੰਧੀ ਪੁਲਸ ਨੂੰ ਸੂਚਨਾ ਦੇਣੀ ਪਈ ਮਹਿੰਗੀ, ਨੌਜਵਾਨ 'ਤੇ ਹੋਇਆ ਕਾਤਲਾਨਾ ਹਮਲਾ

ਲੁਧਿਆਣਾ 3 ਫਰਵਰੀ। ਨਸ਼ਾ ਸਮੱਗਲਰਾਂ ਸਬੰਧੀ ਪੁਲਸ ਨੂੰ ਸੂਚਨਾ ਦੇਣ ਵਾਲੇ ਨੌਜਵਾਨ 'ਤੇ ਕੁਝ ਲੋਕਾਂ ਨੇ ਕਾਤਲਾਨਾ ਹਮਲਾ ਕਰ ਦਿੱਤਾ। ਜ਼ਖਮੀ ਪੰਕਜ ਸਾਹਨੀ ਨੂੰ ਗੰਭੀਰ ਹਾਲਤ ਵਿਚ ਨਿਜੀ ਹਸਪਤਾਲ ਵਿਚ ਐਡਮਿਟ ਕਰਵਾਇਆ ਗਿਆ ਹੈ। ਥਾਣਾ ਡਵੀਜ਼ਨ ਨੰ.7 ਦੀ ਪੁਲਸ ਨੇ ਪੰਕਜ ਦੀ ਸ਼ਿਕਾਇਤ 'ਤੇ ਤਾਜਪੁਰ ਰੋਡ ਦੀ ਬਿਹਾਰੀ ਕਾਲੋਨੀ ਦੇ ਰਹਿਣ ਵਾਲੇ ਭੀਮ ਸਾਹਨੀ, ਇੰਦਰ, ਵਿੱਕੀ, ਚੰਦੂ, ਰਾਕੇਸ਼, ਅਜੇ, ਬੀਰੂ, ਈ.ਡਬਲਿਊ.ਐੱਸ. ਕਾਲੋਨੀ ਦੇ ਮਹੇਸ਼, ਸੋਨੂ, ਪਰਦੁਮ, ਬਰਗਰ, ਸੁਮਿਤ ਅਤੇ ਚਾਰ-ਪੰਜ ਵਿਅਕਤੀ ਅਤੇ ਚਾਰ ਅਣਪਛਾਤੀਆਂ ਔਰਤਾਂ ਖਿਲਾਫ ਕਤਲ ਦੇ ਯਤਨ, ਲੁੱਟਖੋਹ ਅਤੇ ਆਰਮਜ਼ ਐਕਟ ਦੇ ਤਹਿਤ ਕੇਸ ਦਰਜ ਕੀਤਾ ਹੈ। ਪੁਲਸ ਨੇ ਭੀਮ ਸਾਹਨੀ ਅਤੇ ਇੰਦਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦੋਂਕਿ ਬਾਕੀ ਦੇ ਮੁਲਜ਼ਮ ਅਜੇ ਫਰਾਰ ਹਨ। ਪੁਲਸ ਸ਼ਿਕਾਇਤ ਵਿਚ ਪੰਕਜ ਕੁਮਾਰ ਨੇ ਦੱਸਿਆ ਕਿ 24 ਅਪ੍ਰੈਲ ਨੂੰ ਆਪਣੇ ਘਰ ਪੈਦਲ ਹੀ ਜਾ ਰਿਹਾ ਸੀ। ਰਸਤੇ ਵਿਚ ਮੁਲਜ਼ਮ ਭੀਮ ਸਾਹਨੀ ਅਤੇ ਇੰਦਰ ਨੇ ਉਸ ਨੂੰ ਰੋਕ ਲਿਆ ਕਿ ਉਹ ਪੁਲਸ ਨੂੰ ਨਸ਼ਾ ਸਮੱਗਲਰਾਂ ਦੀ ਸੂਚਨਾ ਪਹੁੰਚਾਉਂਦਾ ਹੈ। ਇਸੇ ਦੌਰਾਨ ਮੁਲਜ਼ਮ ਦੇ ਬਾਕੀ ਸਾਥੀ ਵੀ ਆ ਗਏ। ਉਨ੍ਹਾਂ ਨੇ ਲਾਠੀ ਡੰਡਿਆਂ ਦੇ ਨਾਲ ਕੁੱਟਮਾਰ ਕੀਤੀ, ਫਿਰ ਤੇਜ਼ਧਾਰ ਹਥਿਆਰ ਨਾਲ ਉਸ 'ਤੇ ਹਮਲਾ ਕਰਕੇ ਪਿਸਤੌਲ ਤਾਣ ਦਿੱਤੀ ਜਿਸ ਤੋਂ ਬਾਅਦ ਉਸ ਨੇ ਰੌਲਾ ਪਾਇਆ ਅਤੇ ਆਸ ਪਾਸ ਦੇ ਲੋਕ ਇਕੱਠੇ ਹੋ ਗਏ। ਇਸ ਤੋਂ ਬਾਅਦ ਮੁਲਜ਼ਮ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਜਾਂਚ ਅਧਿਕਾਰੀ ਪ੍ਰੇਮ ਚੰਦ ਨੇ ਦੱਸਿਆ ਕਿ ਮੁਲਜ਼ਮ ਅਜੇ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ ਜੋ ਗ੍ਰਿਫਤਾਰ ਹੋਏ ਹਨ, ਉਨ੍ਹਾਂ ਨੂੰ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ।

ਕੈਨੇਡਾ ਜਾਣ ਲਈ ਦੇ ਦਿੱਤੇ 28 ਲੱਖ ਰੁਪਏ, ਅਸਲੀਅਤ ਜਾਣ ਹੱਕਾ-ਬੱਕਾ ਰਹਿ ਗਿਆ ਪਰਿਵਾਰ

ਖਰੜ 3 ਫਰਵਰੀ। ਵਿਦੇਸ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ ਅਧੀਨ ਥਾਣਾ ਸਿਟੀ ਵਿਖੇ ਇਕ ਫਰਜੀ ਇਮੀਗ੍ਰੇਸਨ ਕੰਪਨੀ ਦੇ ਪ੍ਰਬੰਧਕ ਸਣੇ ਇਕ ਨਿੱਜੀ ਬੈਂਕ ਦੇ ਮੁਲਾਜਮ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਪਹਿਲੇ ਮਾਮਲੇ 'ਚ ਜਿ਼ਲ੍ਹਾ ਫਿਰੋਜਪੁਰ ਨਾਲ ਸਬੰਧਤ ਬੇਅੰਤ ਸਿੰਘ ਨਾਂ ਦੇ ਵਿਅਕਤੀ ਨੇ ਦੱਸਿਆ ਕਿ ਉਸਨੇ ਆਪਣੀ ਕੁੜੀ ਲਈ ਕੈਨੇਡਾ ਦਾ ਸਟੱਡੀ ਵੀਜਾ ਲਵਾਉਣ ਲਈ ਖਰੜ ਦੀ ਛੱਜੂ ਮਾਜਰਾ ਰੋਡ 'ਤੇ ਸਥਿਤ ਗਲੋਬਲ ਇਮੀਗ੍ਰੇਸਨ ਕੰਪਨੀ ਦੇ ਪ੍ਰਬੰਧਕ ਹਰਜੀਤ ਸਿੰਘ ਨੂੰ ਵੱਖ-ਵੱਖ ਸਮੇਂ ਚੈੱਕ ਅਤੇ ਨਕਦੀ ਦੇ ਰੂਪ 'ਚ 28,34,275 ਰੁਪਏ ਦਿੱਤੇ ਸਨ ਪਰ 7 ਮਹੀਨੇ ਬੀਤ ਜਾਣ ਦੇ ਬਾਵਜੂਦ ਉਸਦੀ ਧੀ ਦਾ ਵੀਜਾ ਨਹੀ ਲੱਗਾ। ਉਨ੍ਹਾਂ ਜਦੋਂ ਉਕਤ ਥਾਂ ਕੰਪਨੀ ਦਫਤਰ

ਜਾ ਕੇ ਦੇਖਿਆ ਤਾਂ ਦਫਤਰ ਬੰਦ ਮਿਲਿਆ ਅਤੇ ਇਸਦੇ ਮਾਲਕ ਆਪਣਾ ਸਾਰਾ ਸਾਮਾਨ ਚੁੱਕ ਕੇ ਉੱਥੋਂ ਫਰਾਰ ਹੋ ਚੁੱਕੇ ਸਨ। ਇਸੇ ਤਰ੍ਹਾਂ ਦੂਜੇ ਮਾਮਲੇ 'ਚ ਜਿ਼ਲ੍ਹਾ ਮਾਨਸਾ ਦੇ ਹਰਜੀਤ ਸਿੰਘ ਨੇ ਆਪਣੀ ਦਰਖਾਸਤ ਰਾਹੀਂ ਦੱਸਿਆ ਕਿ ਉਹ ਆਪਣੀ ਘਰਵਾਲੀ ਨਾਲ ਯੂ. ਕੇ. ਜਾਣ ਲਈ ਉਪਰੋਕਤ ਕੰਪਨੀ ਦੇ ਮਾਲਕ ਹਰਜੀਤ ਸਿੰਘ ਦੇ ਸੰਪਰਕ ਵਿਚ ਆਇਆ ਸੀ। ਹਰਜੀਤ ਸਿੰਘ ਤੇ ਦਾਊ ਵਿਖੇ ਸਥਿਤ ਇਕ ਨਿੱਜੀ ਬੈਂਕ ਦੇ ਮੁਲਾਜਮ ਗੌਰਵ ਸੈਣੀ ਨੇ ਮਿਲੀਭੁਗਤ ਰਾਹੀਂ ਉਨ੍ਹਾਂ ਨਾਲ 12 ਲੱਖ ਰੁਪਏ ਦੀ ਠੱਗੀ ਮਾਰੀ। ਉਨ੍ਹਾਂ ਦਾ ਨਾ ਤਾਂ ਵੀਜਾ ਲੱਗਿਆ ਅਤੇ ਨਾ ਹੀ ਰਕਮ ਵਾਪਸ ਮਿਲੀ। ਮਾਮਲੇ ਵਿੱਚ ਪੁਲਸ ਨੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

ਪ੍ਰੈਕਟਿਸ ਕਰ ਰਹੇ 17 ਸਾਲਾ ਅਥਲੀਟ ਦੀ ਮੌਤ, ਦੋ ਭੈਣਾਂ ਦਾ ਇਕਲੌਤਾ ਭਰਾ ਸੀ ਗੁਰਤੇਜ

ਮਲੋਟ 3 ਫਰਵਰੀ। ਮਲੋਟ ਨੇੜਲੇ ਪਿੰਡ ਈਨਾਖੇੜਾ ਵਿਖੇ ਗਰਾਊਂਡ ਵਿਚ ਪ੍ਰੈਕਟਿਸ ਦੌਰਾਨ 17 ਸਾਲਾ ਅਥਲੀਟ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੀ ਪਛਾਣ ਗੁਰਤੇਜ ਸਿੰਘ ਪੁੱਤਰ ਤਜਿੰਦਰ ਸਿੰਘ ਵਾਸੀ ਈਨਾਖੇੜਾਸ, ਜੋ ਲੱਕੜ ਦਾ ਕੰਮ ਕਰਦੇ ਹਨ, ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਗੁਰਤੇਜ ਸਿੰਘ 1600 ਮੀਟਰ ਦੀ ਦੌੜ ਦਾ ਸਕੂਲ ਪੱਧਰ ਦਾ ਚੈਂਪੀਅਨ ਅਤੇ ਗੋਲਡ ਮੈਡਲ ਜੇਤੂ ਸੀ। ਬੁੱਧਵਾਰ ਸਾਮ ਨੂੰ 7 ਵਜੇ ਦੇ ਕਰੀਬ ਉਹ ਪਿੰਡ ਦੇ ਆਦਰਸ ਸਕੂਲ ਵਿਚ ਬਣੇ ਸਟੇਡੀਅਮ ਵਿਚ ਪ੍ਰੈਕਟਿਸ ਕਰਨ ਆਇਆ ਸੀ। ਇਸ ਮੌਕੇ ਰੋਜਾਨਾ ਵਾਂਗ ਉਸਦੇ ਪਿਤਾ ਵੀ ਨਾਲ ਸੀ ਪਰ ਇਕ ਰਾਊਂਡ ਪੂਰਾ ਕਰਨ ਤੋਂ ਪਹਿਲਾਂ ਹੀ ਗੁਰਤੇਜ ਦੀ ਦਿਲ ਦੀ ਧੜਕਨ ਰੁਕ ਗਈ ਅਤੇ ਉਸਦੀ ਮੌਤ ਹੋ ਗਈ। ਇਸ ਖਬਰ ਦਾ ਪਤਾ ਲੱਗਦਿਆਂ ਹੀ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ। ਦੱਸ ਦੇਈਏ ਮ੍ਰਿਤਕ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਪੂਰੇ ਪਰਿਵਾਰ ਦੀ ਆਸ ਸੀ। ਦਸਵੀਂ ਤੱਕ ਉਹ ਮਲੋਟ ਦੇ ਕਾਨਵੈਂਟ ਸਕੂਲ ਵਿਚ ਪੜ੍ਹਿਆ ਸੀ ਅਤੇ ਹੁਣ ਗਿੱਦੜਬਾਹਾ ਦੇ ਇਕ ਨਾਮੀ ਸਕੂਲ ਦਾ 12ਵੀਂ ਦਾ ਵਿਦਿਆਰਥੀ ਸੀ। ਅੱਜ ਦੁਪਹਿਰ ਵੇਲੇ ਮ੍ਰਿਤਕ ਦਾ ਅੰਤਿਮ ਸੰਸਕਾਰ ਪਿੰਡ ਵਿਖੇ ਕਰ ਦਿੱਤਾ ਗਿਆ, ਜਿੱਥੇ ਪਿੰਡ ਦੇ ਸਰਪੰਚ ਗੁਰਨਾਮ ਸਿੰਘ, ਮੈਂਬਰ ਪੰਚਾਇਤ ਜਸਵਿੰਦਰ ਸਿੰਘ ਸੰਧੂ, ਲਖਵਿੰਦਰ ਸਿੰਘ ਲੱਖਾ ਸਮੇਤ ਸੈਂਕੜੇ ਲੋਕਾਂ ਨੇ ਉਸਨੂੰ ਹੰਝੂਆਂ ਨਾਲ ਵਿਦਾਈ ਦਿੱਤੀ। ਉਨ੍ਹਾਂ ਕਿਹਾ ਕਿ ਗੁਰਤੇਜ ਨੇ ਭਵਿੱਖ ਵਿਚ ਦੇਸ ਲਈ ਮਾਨ-ਸਨਮਾਨ ਹਾਸਲ ਕਰਨਾ ਸੀ ਪਰ ਬੇਵਕਤੀ ਮੌਤ ਨਾਲ ਇਹ ਸਿਤਾਰਾ ਦੁਨੀਆ ਤੋਂ ਅਲੋਪ ਹੋ ਗਿਆ।

ਰਾਹ 'ਚ ਘੇਰ ਤੇਜਧਾਰ ਹਥਿਆਰਾਂ ਨਾਲ ਵੱਢਿਆ ਨੌਜਵਾਨ, ਧਾਹਾਂ ਮਾਰ ਰੋਂਦਿਆਂ ਨਹੀਂ ਵੇਖਿਆ ਜਾਂਦਾ ਪਰਿਵਾਰ

ਫਿਰੋਜ਼ਪੁਰ 3 ਫਰਵਰੀ। ਫਿਰੋਜ਼ਪੁਰ ਵਿਖੇ ਇਕ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਇਹ ਮਾਮਲਾ ਜਿ਼ਲ੍ਹੇ ਦੇ ਆਵਾ ਬਸਤੀ ਦਾ ਹੈ, ਜਿੱਥੇ ਮੁਹੱਲੇ ਦੇ ਹੀ ਕੁਝ ਮੁੰਡਿਆਂ ਨੇ ਤੇਜਧਾਰ ਹਥਿਆਰਾਂ ਨਾਲ ਨੌਜਵਾਨ ਦਾ ਕਤਲ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਇਹ ਕਤਲ ਪੁਰਾਣੀ ਰੰਜਿਸ਼ ਦੇ ਚੱਲਦਿਆਂ ਕੀਤਾ ਗਿਆ ਹੈ। ਇਸ ਸਬੰਧੀ ਗੱਲ ਕਰਦਿਆਂ ਮ੍ਰਿਤਕ ਨੌਜਵਾਨ ਦੇ ਪਿਤਾ ਰਮੇਸ਼ ਕੁਮਾਰ ਨੇ ਦੱਸਿਆ ਕਿ ਉਸਦੇ ਮੁੰਡੇ ਦੀ ਉਮਰ ਕਰੀਬ 21 ਸਾਲ ਦੀ ਸੀ। ਉਨ੍ਹਾਂ ਦੱਸਿਆ ਕਿ ਉਸਦਾ ਮੁੰਡਾ ਬੀਤੇ ਦਿਨੀਂ ਬਾਬੇ ਦੇ ਮੇਲੇ 'ਤੇ ਗਿਆ ਹੋਇਆ ਸੀ। ਇਸ ਦੌਰਾਨ ਜਦੋਂ ਉਹ ਵਾਪਸ ਆ ਰਿਹਾ ਸੀ ਤਾਂ ਉਸਦੇ ਮੋਟਰਸਾਈਕਲ ਦੀ ਟੱਕਰ ਕਿਸੇ ਵਿਅਕਤੀ ਨਾਲ ਹੋ ਗਈ, ਜਿਸ ਕਾਰਣ ਉਨ੍ਹਾਂ ਦਾ ਲੜਾਈ-ਝਗੜਾ ਹੋ ਗਿਆ। ਫਿਰ ਉਕਤ ਵਿਅਕਤੀ ਨੇ ਉਸ ਰਾਤ ਘਰ ਆ ਕੇ ਉਨ੍ਹਾਂ ਦੇ ਘਰ 'ਤੇ ਇੱਟਾਂ-ਰੋੜੇ ਚਲਾਏ। ਫਿਰ ਉਨ੍ਹਾਂ ਸਾਡੇ ਮੁੰਡੇ ਨੂੰ ਇਕੱਲਿਆਂ ਬੁਲਾ ਕੇ, ਚੌਂਕ 'ਚ ਉਸ 'ਤੇ ਕਾਪਿਆਂ ਨਾਲ ਹਮਲਾ ਕਰ ਦਿੱਤਾ ਤੇ ਉਸ ਦੇ ਸਿਰ ਅਤੇ ਛਾਤੀ 'ਤੇ ਵਾਰ ਕੀਤਾ, ਜਿਸ ਕਾਰਣ ਉਸਦੀ ਮੌਤ ਹੋ ਗਈ। ਨੌਜਵਾਨ ਦੇ ਪਿਤਾ ਨੇ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਛੋਟੀ ਜਿਹੀ ਗੱਲ ਪਿੱਛੇ ਅੱਜ ਸਾਡੇ ਮੁੰਡੇ ਦਾ ਕਤਲ ਹੋਇਆ ਤੇ ਕੱਲ੍ਹ ਕਿਸੇ ਹੋਰ ਦੇ ਮੁੰਡੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ। ਇਸ ਲਈ ਪੁਲਸ ਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮੌਕੇ ਨੌਜਵਾਨ ਦੀ ਮਾਂ ਨੇ ਰੋਂਦੀ-ਕੁਰਲਾਉਂਦੀ ਨੇ ਗੱਲ ਕਰਦਿਆਂ ਆਖਿਆ ਕਿ ਮੇਰੇ ਪੁੱਤ ਦਾ ਸ਼ਰੇਆਮ ਚੌਂਕ 'ਚ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਉਸ ਨੇ ਦੱਸਿਆ ਕਿ ਮੁਲਜਮਾਂ ਕੋਲ ਕਾਪੇ ਤੇ ਪਿਸਟਲ ਵੀ ਸੀ ਅਤੇ ਉਨ੍ਹਾਂ ਨੇ ਵਾਰਦਾਤ ਮੌਕੇ ਗੋਲੀ ਵੀ ਚਲਾਈ ਸੀ। ਮ੍ਰਿਤਕ ਦੀ ਮਾਂ ਨੇ ਦੱਸਿਆ ਕਿ ਉਸਦੇ ਤਿੰਨ ਬੱਚੇ ਹਨ, ਇੱਕ ਕੁੜੀ ਤੇ 2 ਮੁੰਡੇ। ਮ੍ਰਿਤਕ ਨੌਜਵਾਨ ਉਸਦਾ ਛੋਟਾ ਮੁੰਡਾ ਸੀ ਜੋ ਕਿ ਵਿਆਹਿਆ ਹੋਇਆ ਸੀ ਤੇ ਉਸਦਾ ਡੇਢ ਸਾਲ ਦਾ ਮੁੰਡਾ ਵੀ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਦੇ ਸਬ-ਇੰਸਪੈਕਟਰ ਅਜਮੇਰ ਸਿੰਘ ਨੇ ਦੱਸਿਆ ਕਿ ਆਪਸੀ ਰੰਜਿਸ਼ ਦੇ ਚੱਲਦਿਆਂ ਨੌਜਵਾਨ ਦਾ ਕਤਲ ਕੀਤਾ ਗਿਆ ਹੈ। ਵਾਰਦਾਤ ਮੌਕੇ 12-13 ਵਿਅਕਤੀਆਂ ਵੱਲੋਂ ਨੌਜਵਾਨ 'ਤੇ ਕਾਪਿਆਂ ਤੇ ਤਲਵਾਰਾਂ ਨਾਲ ਹਮਲਾ ਕੀਤਾ ਗਿਆ, ਜਿਸ ਕਾਰਣ ਉਹ ਗੰਭੀਰ ਰੂਪ 'ਚ ਜਖਮੀ ਹੋ ਗਿਆ ਤੇ ਉਸਦੀ ਮੌਕੇ 'ਤੇ ਮੌਤ ਹੋ ਗਈ। ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ 7 ਵਿਅਕਤੀ ਪਛਾਤੇ ਹਨ ਤੇ ਬਾਕੇ 5 ਅਣਪਛਾਤੇ ਹਨ ਤੇ ਪੁਲਸ ਵੱਲੋਂ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

ਸ਼ੀਤ ਲਹਿਰ ਨੇ ਛੇੜੀ ਕੰਬਨੀ, ਆਉਣ ਵਾਲੇ ਦਿਨਾਂ 'ਚ 3 ਡਿਗਰੀ ਤੱਕ ਹੋਰ ਡਿੱਗ ਸਕਦਾ ਤਾਪਮਾਨ

ਗੁਰਦਾਸਪੁਰ 3 ਫਰਵਰੀ। ਗੁਰਦਾਸਪੁਰ ਜਿ਼ਲ੍ਹੇ ਅੰਦਰ ਅੱਜ ਪਈ ਸੰਘਣੀ ਧੁੰਦ ਨੇ ਜਿੱਥੇ ਜਨਜੀਵਨ ਅਤੇ ਆਵਾਜਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਨਾਲ ਹੀ ਤਾਪਮਾਨ 'ਚ ਆਈ ਗਿਰਾਵਟ ਕਾਰਨ ਠੰਡ 'ਚ ਭਾਰੀ ਵਾਧਾ ਹੋਇਆ ਹੈ। ਮੌਸਮ ਵਿਭਾਗ ਅਨੁਸਾਰ ਇਸ ਖੇਤਰ 'ਚ ਅੱਜ ਇਸ ਸੀਜਨ ਦੀ ਸਭ ਤੋਂ ਸੰਘਣੀ ਧੁੰਦ ਪਈ ਹੈ, ਜਿਸ ਕਾਰਨ ਮੌਸਮ ਵਿਚ ਬਦਲਾਅ ਦੇਖਣ ਨੂੰ ਮਿਲਿਆ ਹੈ। ਅੱਜ ਕੁਝ ਥਾਵਾਂ 'ਤੇ ਧੁੰਦ ਇੰਨੀ ਸੰਘਣੀ ਸੀ ਕਿ ਵਿਜੀਬਿਲਟੀ 5 ਮੀਟਰ ਤੋਂ ਵੀ ਘੱਟ ਸੀ, ਜਿਸ ਕਾਰਨ ਸੜਕਾਂ 'ਤੇ ਆਵਾਜਾਈ ਵੀ ਪ੍ਰਭਾਵਿਤ ਹੋਈ। ਇਸ ਖੇਤਰ ਅੰਦਰ ਦਿਨ ਦਾ ਤਾਪਮਾਨ 19 ਡਿਗਰੀ ਦੇ ਕਰੀਬ ਰਿਹਾ ਜਦੋਂ ਕਿ ਰਾਤ ਦਾ ਤਾਪਮਾਨ 7 ਡਿਗਰੀ ਦੇ ਆਸ ਪਾਸ ਸੀ। ਮੌਸਮ ਵਿਭਾਗ ਅਨੁਸਾਰ ਆਗਾਮੀ ਦੋ ਦਿਨਾਂ ਵਿਚ ਤਾਪਮਾਨ ਵਿਚ 2 ਤੋਂ 3 ਡਿਗਰੀ ਗਿਰਾਵਟ ਆ ਸਕਦੀ ਹੈ, ਨਾਲ ਹੀ ਦੋ ਦਿਨ ਸੰਘਣੀ ਧੁੰਦ ਦਾ ਅਲਰਟ ਵੀ ਜਾਰੀ ਕੀਤਾ ਗਿਆ ਹੈ। ਪਹਾੜੀ ਖੇਤਰ ਵਿਚ ਹੋਈ ਹਲਕੀ ਬਰਫਬਾਰੀ ਤੋਂ ਬਾਅਦ ਮੈਦਾਨੀ ਇਲਾਕਿਆਂ ਵਿਚ ਠੰਡ ਵਧੀ ਹੈ। ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਨੇ ਠੰਡ ਦੇ ਮੌਸਮ ਨੂੰ ਮੁੱਖ ਰੱਖਦਿਆਂ ਅਹਿਮ ਸੁਝਾਅ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਰਦੀ ਦਾ ਅਸਰ ਬਜੁਰਗਾਂ ਅਤੇ ਛੋਟੇ ਬੱਚਿਆਂ 'ਤੇ ਜਿ਼ਆਦਾ ਹੁੰਦਾ ਹੈ। ਇਸ ਲਈ ਬਜੁਰਗ ਅਤੇ ਦਿਲ ਦੇ ਰੋਗਾਂ ਦੇ ਮਰੀਜ਼ ਸਵੇਰ ਅਤੇ ਦੇਰ ਸ਼ਾਮ ਦੇ ਸਮੇਂ ਜ਼ਿਆਦਾ ਠੰਡ ਅਤੇ ਧੁੰਦ ਹੋਣ 'ਤੇ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ ਕਰਨ। ਛੋਟੇ ਬੱਚਿਆਂ ਨੂੰ ਇਸ ਮੌਸਮ 'ਚ ਨਮੋਨੀਆ ਹੋਣ ਦਾ ਖਤਰਾ ਜਿ਼ਆਦਾ ਰਹਿੰਦਾ ਹੈ ਅਤੇ ਠੰਡ ਲੱਗਣ ਨਾਲ ਛੋਟੇ ਬੱਚਿਆਂ ਨੂੰ ਉਲਟੀ, ਦਸਤ ਵੀ ਲੱਗ ਸਕਦੇ ਹਨ। ਇਸ ਲਈ ਬੱਚਿਆਂ ਨੂੰ ਪੂਰੀ ਤਰ੍ਹਾਂ ਸਰੀਰ ਢੱਕਣ ਵਾਲੇ ਗਰਮ ਕੱਪੜੇ ਪਾਉਣ ਦੇ ਨਾਲ ਸਿਰ 'ਤੇ ਟੋਪੀ ਅਤੇ ਪੈਰਾਂ 'ਚ ਜੁਰਾਬਾਂ ਜਰੂਰ ਪਾਈਆਂ ਜਾਣ। ਉਨ੍ਹਾਂ ਕਿਹਾ ਕਿ ਬੰਦ ਕਮਰੇ 'ਚ ਅੰਗੀਠੀ ਬਾਲ ਕਦੇ ਵੀ ਅੱਗ ਨਾ ਸੇਕੀ ਜਾਵੇ ਕਿਉਂਕਿ ਬੰਦ ਕਮਰੇ 'ਚ ਅੰਗੀਠੀ ਬਾਲ ਕੇ ਅੱਗ ਸੇਕਣ ਨਾਲ ਬੰਦ ਕਮਰੇ 'ਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਜੋ ਜਾਨਲੇਵਾ ਸਿੱਧ ਸਕਦੀ ਹੈ। ਜਿਹੜੇ ਲੋਕਾਂ ਨੂੰ ਅਸਥਮਾ ਅਤੇ ਸਾਹ ਦੀ ਬਿਮਾਰੀ ਹੈ, ਉਹ ਜਿ਼ਆਦਾ ਠੰਡ ਦੇ ਦਿਨਾਂ ਵਿਚ ਘਰੋਂ ਬਾਹਰ ਜਾਣ ਤੋਂ ਗੁਰੇਜ ਕਰਨ ਅਤੇ ਸੂਪ, ਚਾਹ, ਕਾਫੀ, ਸੰਤੁਲਿਤ ਖੁਰਾਕ ਦਾ ਸੇਵਨ ਕਰਨ।

NAME CHANGE

I, Sonam D/O Chattar Singh R/O Satyam Enclave, House No-104,Gali No-02, Chhapraula, Gautam Buddha Nagar, Uttar Pradesh -201009 have changed my name from Sonam to Sonam Singh for all future purpose.

NAME CHANGE

I, RIYAZ KHAN S/O RAIES KHAN R/o JHUGGI NO-W-158/122 1st FLOOR, TALL NO-238/5, SADAR BAZAR, DELHI CANTT, SOUTH WEST DELHI, DELHI-110010, declare that name of my father and my mother has been wrongly written as RAHISUDDIN and RUKHSANA in my 10th class certificate and mark-sheet. The actual name of my father and my mother are RAIES KHAN

NAME CHANGE

I Pramod Prasad S/o Sateshwar Prasad Dobhal R/o Flat No-191,Rose Apartment,Sector-18B,Dwarka,Delhi-110078,Have Changed My Name To Pramod Dobhal For All Purpose

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

NAME CHANGE

I, SIMRAN D/O ASHOK KUMAR residing at H NO-142, 1ST FLOOR, POCKET-12, SECTOR-20, ROHINI, SULTANPURI, C-BLOCK, DELHI-110086 Have changed my name to SIMRAN ANEJA for all future purposes.

NAME CHANGE

I, MEENA W/o JC-769997X SUB RAJESH SINGH R/o VILL-BASELA, PO-MANINABALU, TEH-MANT, DIST-MATHURA, UTTAR PRADESH-281204, have changed my name from MEENA to MEENA DEVI for all future purposes and in my husband's service records my date of birth wrongly mentioned as 15/04/1982 instead of my correct date of birth as 05/04/1982 vide affidavit dated 28/12/2022 before Notary Public, Delhi.

NAME CHANGE

I, PRATUSH KUMAR SHARMA S/O RAJESH KUMAR SHARMA residing at D-118 GALI NO-2 SWAROOP NAGAR OUTER DELHI-110042 have changed my name to PRATYUSH SHARMA for all future purpose.

NAME CHANGE

I, hitherto known as SARABJEET SINGH Alias SARABJEET SINGH ARORA S/O SH. JOGINDER SINGH R/O DE-91, TAGORE GARDEN, WEST DELHI, DELHI-110027 have changed my name and shall hereafter be known as SARABJEET SINGH ARORA.

PUBLIC NOTICE

It is for general information that I, SANJAY KINDO son of SANTOSH KINDO Residing at F-116, Near Kali Mata Mandir, Lado Sarai, New Delhi-110030, declare that name of mine and my wife has been wrongly written as SANJAY and MARY DUNG DUNG in my minor son namely NAMAN KINDO aged 13Years in his Birth Certificate No.4867. The actual name of mine and my wife are SANJAY KINDO and FERESHKA KINDO respectively, which may be amended accordingly

NAME CHANGE

I, SALAHUDDIN S/O ISLAMUDDIN residing at H NO-1542, FIRST FLOOR, NEAR ASTHA NURSING HOME, PATAUDI HOUSE, DARYA GANJ, DELHI 110002 have changed my name to SALAHUDDIN QURESHI for all future purposes.

NAME CHANGE

I Nidhi Aggarwal W/o Suneet Gupta R/o Flat-502,Tower-17,The Close South,Sector-50,Nirvana Country,Gurgaon,Haryana-122018,Have Changed My Name To Nidhi Aggarwal Gupta For All Purpose

NAME CHANGE

I Surender Singh S/o Prem Singh R/o 1080 First Floor, Block c-2, Near Gems International School, Palam Vihar Gurgaon Haryana-122001,Have Changed My Name To Surinder Verma For All Purpose

NAME CHANGE

I, TARUN KUMAR S/O SURAJ BHAN residing at 320 DHEERPUR NIRANKARI COLONY DR MUKERJEE NAGAR DELHI-110009 have changed my name to TARUN KUMAR SHARMA for all future purpose.

PUBLIC NOTICE

Information is given to general public at large that our client Sh. Varun Bhutani is the owners of Freehold Residential Property bearing No. 1/5169, Plot No. 15, area measuring 160 sq. yds., out of Khasra No. 231 & 224, situated at the area of Village Sikdarpur, in the abadi of Gali No. 7 & 8, Balbir Nagar, Shahdara, Delhi. vide Sale Deed dated 12.11.2021 as Document No. 7419, in Book No. I, Volume No. 3873, on pages 77-90, SRO-IV-A In the chain Document Probate Order of Regd. Will dated 17.07.2008 & SMC of Late Smt. Suman Latanot available, Our client is declaring that that any other Person does not have any right over the said property. and Built on Third Floor, with roof rights to be sold to Sh. Ritu Kumar Garg which is to be financed by Piramal Capital & Housing Finance Ltd., Branch Aggarwal Metro Mall, Unit No. 107, First Floor,Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE

I, SANAL S/O SATISH KUMAR R/O HOUSE ON 5A, BLOCK -B, SULTAN GARDEN MAIN, NANGLOI ROAD, NAJAFGARH, NEW DELHI -110043 HAVE CHANGED MY NAME FROM SANAL TO SANAL KUMAR FOR ALL FUTURE PURPOSE.

NAME CHANGE

I Anjali W/o Satender Malik R/o RZ-5 Block-O New Roshan Pura Najafgarh New Delhi-110043 have changed my name to Anjali Malik for all future purposes.

NAME CHANGE

I MOLIKUTTY THOMAS D/O KURIAN PAPPAN R/O 20/374,DDA FLAT,DAKSHIN PURI EXT,NEW DELHI 110062 HAVE CHANGE MY NAME TO MOLI THOMAS FOR ALL FUTURE PURPOSE.

NAME CHANGE

I, HARPREET SINGH S/O MOHINDER SINGH residing at H NO-52/53, GALI NO-14, INDRA PARK, CHANDER NAGAR, KRISHNA NAGAR, DELHI-110051 have changed my name to HARPREET SINGH SIKKA for all future purpose.

PUBLIC NOTICE

Information is given to general public at large that our clients Sh. Praveen Kumar Bansal & Smt. Meenu Garg are the owners of Freehold Residential Property bearing No. B-5, part of Plot No. 16, area measuring 142.13 sq. mtrs. (170 sq. yds.), out of Khasra No. 335-336, situated at Village Chandrawali @ Shahdara, in the abadi of Mansarover Park, G.T. Road, Shahdara, Delhi. vide Sale Deed dated Sale Deed dated 25.09.2021 as Document No. 6211, in Book No. I, Volume No. 3814, on pages 1-10, SRO-IV-A. In the chain Document Probate Order of Regd. Will dated 27.01.1967 & SMC of Late Smt. Shanti Devi & Sh. Inderjeet Singh are not available, Our client is declaring that that any other Person does not have any right over the said property. and Built on Second Floor without Roof Right to be sold to Sh. Ram Gopal which is to be financed by Piramal Capital & Housing Finance Ltd., Branch Aggarwal Metro Mall, Unit No. 107, First Floor, Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

ਸੜਕ ਸੁਰੱਖਿਆ ਫ਼ੋਰਸ

5,000 ਨਵੇਂ ਸੜਕ ਸੁਰੱਖਿਆ ਕਰਮੀ ਤੁਹਾਡੀ ਸੁਰੱਖਿਆ ਲਈ ਤਿਆਰ

- 24 x 7 ਸੜਕ ਨਿਗਰਾਨੀ
- 24 x 7 ਆਵਾਜਾਈ ਵਿਵਸਥਾ ਦੇਖਣਾ
- 140 ਨਵੇਂ ਵਾਹਨ
- ਨਵੀਂ ਤਕਨਾਲੌਜੀ ਨਾਲ ਲੈਸ ਯੰਤਰ
- ਐਂਬੂਲੈਂਸ ਸਹੂਲਤ

" ਸਾਡਾ ਟੀਚਾ ਹੈ ਕਿ ਸੜਕ ਸੁਰੱਖਿਆ ਫ਼ੋਰਸ ਜ਼ਰੀਏ ਅਸੀਂ ਸੜਕ ਹਾਦਸਿਆਂ ਵਿੱਚ ਲੋਕਾਂ ਦੀ ਜਾਨ ਬਚਾਉਣ ਵਿੱਚ ਕਾਮਯਾਬ ਰਹਾਂਗੇ। ਆਮ ਆਦਮੀ ਦੀ ਜਾਨ ਬਚਾਉਣਾ ਸਾਡਾ ਫ਼ਰਜ਼ ਹੈ ਅਤੇ ਅਸੀਂ ਇਸ ਨੂੰ ਪੂਰਾ ਕਰਾਂਗੇ।"

-ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਦੁਨੀਆਂ ਦੇ ਸਭ ਤੋਂ ਵਧੀਆ ਸ਼ਹਿਰਾਂ ਦੀ ਸੂਚੀ 'ਚ ਨਿਊ ਯੌਰਕ ਟੌਪ 'ਤੇ



ਨਾਇਆਗਰਾ: ਗਲੋਬਲ ਮੀਡੀਆ ਅਤੇ ਹੌਸਪਿਟੈਲਿਟੀ ਬਿਜ਼ਨਸ ਗਰੁੱਪ ਟਾਈਮ ਆਊਟ ਨੇ ਦੁਨੀਆਂ ਦੇ ਸਭ ਤੋਂ ਵਧੀਆ 50 ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ 'ਚ ਅਮਰੀਕੀ ਸ਼ਹਿਰ ਨਿਊ ਯੌਰਕ ਟੌਪ 'ਤੇ ਰਿਹਾ ਜਦੋਂ ਕਿ ਭਾਰਤ ਦਾ ਸਿਰਫ਼ ਮੁੰਬਈ ਸ਼ਹਿਰ ਹੀ ਇਸ ਸੂਚੀ ਜਗ੍ਹਾ ਬਣਾਉਣ 'ਚ ਕਾਮਯਾਬ ਰਿਹਾ। ਇਸ ਸੂਚੀ 'ਚਦੂਜੇ ਨੰਬਰ 'ਤੇ ਦੱਖਣੀ ਅਫ਼ਰੀਕਾ ਦਾ ਕੇਪਟਾਊਨ ਹੈ। ਇਸ ਤੋਂ ਬਾਅਦ ਲੰਡਨ ਤੀਜੇ, ਬਰਲਿਨ ਚੌਥੇ ਅਤੇ ਮੈਡ੍ਰਿਡ ਪੰਜਵੇਂ ਸਥਾਨ 'ਤੇ ਹੈ।

ਸੂਚੀ 'ਚ ਥਾਂ ਬਣਾਉਣ ਵਾਲਾ ਭਾਰਤ ਦਾ ਇੱਕੋ-ਇੱਕ ਹੀ ਸ਼ਹਿਰ ਮੁੰਬਈ 12ਵੇਂ ਸਥਾਨ 'ਤੇ ਹੈ।

ਨਿਊ ਯੌਰਕ ਆਪਣੇ ਭੋਜਨ, ਸਭਿਆਚਾਰਕ ਵਿਭਿੰਨਤਾ ਅਤੇ ਸ਼ਾਨਦਾਰ ਨਾਈਟ ਲਾਈਫ਼ ਲਈ ਪਹਿਲੇ ਨੰਬਰ 'ਤੇ ਹੈ। ਇਸ ਸਾਲ ਟਾਈਮ ਆਊਟ ਦੀ ਦਰਜਾਬੰਦੀ ਜਨਤਕ ਸਰਵੇਖਣਾਂ ਅਤੇ ਇਸਦੀ ਅੰਤਰਰਾਸ਼ਟਰੀ ਟੀਮ ਦੀ ਤਰਫ਼ੋਂ ਪ੍ਰਦਾਨ ਕੀਤੀ ਮਾਹਰ ਸੂਝ 'ਤੇ ਆਧਾਰਿਤ ਹੈ। ਇਹ ਸੂਚੀ 20 ਹਜ਼ਾਰ ਸ਼ਹਿਰੀ ਨਿਵਾਸੀਆਂ ਦੇ ਸਰਵੇਖਣ 'ਤੇ ਆਧਾਰਤ ਹੈ ਅਤੇ ਲੇਖਕਾਂ ਅਤੇ ਸੰਪਾਦਕਾਂ ਦੇ ਇੱਕ ਵਿਆਪਕ ਨੈਟਵਰਕ ਦੇ ਯੋਗਦਾਨਾਂ 'ਤੇ ਵੀ ਆਧਾਰਿਤ ਹੈ।

ਚੋਟੀ ਦੇ ਸਰਬੋਤਮ 50 ਸ਼ਹਿਰਾਂ ਦੀ ਸੂਚੀ: 1. ਨਿਊ ਯੌਰਕ ਸਿਟੀ, ਅਮਰੀਕਾ; 2. ਕੇਪ ਟਾਊਨ, ਦੱਖਣੀ ਅਫ਼ਰੀਕਾ; 3. ਬਰਲਿਨ, ਜਰਮਨੀ; 4. ਲੰਡਨ, ਬ੍ਰਿਟੇਨ; 5. ਮੈਡ੍ਰਿਡ, ਸਪੇਨ; 6. ਮੈਕਸੀਕੋ ਸਿਟੀ, ਮੈਕਸਿਕੋ; 7. ਲਿਵਰਪੂਲ, ਬ੍ਰਿਟੇਨ; 8. ਟੋਕੀਓ, ਜਾਪਾਨ; 9. ਰੋਮ, ਇਟਲੀ; 10. ਪੋਰਟੋ, ਪੁਰਤਗਾਲ; 11. ਪੈਰਿਸ, ਫ਼ਰਾਂਸ; 12. ਮੁੰਬਈ, ਭਾਰਤ; 13. ਲਿਜ਼ਬਨ, ਪੁਰਤਗਾਲ; 14. ਸ਼ਿਕਾਗੋ, ਅਮਰੀਕਾ; 15. ਮੈਨਚੈਸਟਰ, ਬ੍ਰਿਟੇਨ; 16. ਸਾਓ ਪਾਓਲੋ, ਬ੍ਰਾਜ਼ੀਲ; 17. ਲੌਸ ਐਂਜਲਸ, ਅਮਰੀਕਾ; 18. ਐਮਸਟਰਡਮ, ਨੈਦਰਲੈਂਡਜ਼; 19. ਲੇਗੋਸ, ਨਾਈਜੀਰੀਆ; 20. ਮੈਲਬੌਰਨ, ਆਸਟ੍ਰੇਲੀਆ; 21. ਨੇਪਲਜ਼, ਇਟਲੀ; 22. ਸਿੰਗਾਪੁਰ, ਏਸ਼ੀਆਈ ਦੇਸ਼; 23. ਮਾਇਐਮੀ, ਫ਼ਲੌਰੀਡਾ; 24. ਬੈਂਕੌਕ, ਥਾਈਲੈਂਡ; 25. ਲੀਮਾ, ਪੇਰੂ; 26. ਬੁਡਾਪੇਸਟ, ਹੰਗਰੀ; 27. ਬੀਜਿੰਗ, ਚੀਨ; 28. ਦੁਬਈ, ਯੂਨਾਈਟਿਡ ਅਰਬ ਅਮੀਰਾਤ; 29. ਮੌਂਟਰੀਆਲ, ਕੈਨੇਡਾ; 30. ਗਲਾਸਗੋ, ਸਕੌਟਲੈਂਡ; 31. ਸਿਡਨੀ, ਆਸਟ੍ਰੇਲੀਆ; 32. ਬਿਊਨਸ ਆਇਰਸ, ਅਰਜਨਟੀਨਾ; 33. ਕੁਆਲਾਲੰਪੁਰ, ਮਲੇਸ਼ੀਆ; 34. ਮਨੀਲਾ, ਫ਼ਿਲੀਪੀਨਜ਼; 35. ਸੋਲ, ਸਾਊਥ ਕੋਰੀਆ; 36. ਹਨੋਈ, ਵੀਅਤਨਮ; 37. ਸੈਨ ਫ਼ਰੈਂਸਿਸਕੋ, ਕੈਲੇਫ਼ੋਰਨੀਆ; 38. ਬਾਰਸੇਲੋਨਾ, ਸਪੇਨ; 39. ਅਬੂਧਾਬੀ, ਯੂਨਾਈਟਿਡ ਅਰਬ ਅਮੀਰਾਤ; 40. ਨਿਊ ਔਰਲੀਆਨਜ਼, ਲੂਈਜ਼ੀਐਨਾ; 41. ਫ਼ਿਲੇਡੇਲਫ਼ੀਆ, ਪੈਨਸਿਲਵੇਨੀਆ; 42. ਔਸਟਿਨ, ਟੈਕਸਸ; 43. ਬੌਸਟਨ, ਮੈਸੇਚਿਊਸੈੱਟਸ; 44. ਅਕਰਾ, ਘਾਨਾ; 45. ਮਾਰਸਈ, ਫ਼ਰਾਂਸ; 46. ਤਾਈਪੇ, ਤਾਇਵਾਨ; 47. ਇਸਤਾਨਬੁਲ, ਤੁਰਕੀ; 48. ਓਸਾਕਾ, ਜਾਪਾਨ; 49. ਹੌਂਗ ਕੌਂਗ, ਚੀਨ; 50. ਵੈਨਕੂਵਰ, ਕੈਨੇਡਾ।

ਟਾਈਮ ਆਊਟ ਮੈਗਜ਼ੀਨ ਨੇ ਆਪਣੀ ਵੈੱਬਸਾਈਟ 'ਤੇ ਕਿਹਾ, "ਅਸੀਂ ਹਜ਼ਾਰਾਂ ਸ਼ਹਿਰ ਵਾਸੀਆਂ ਦਾ ਉਨ੍ਹਾਂ ਦੇ ਸ਼ਹਿਰ 'ਚ ਕਿਫ਼ਾਇਤੀ ਭੋਜਨ, ਸਭਿਆਚਾਰ ਅਤੇ ਨਾਈਟ ਲਾਈਫ਼ ਬਾਰੇ ਸਰਵੇਖਣ ਕੀਤਾ। ਅਸੀਂ ਸਥਾਨਕ ਲੋਕਾਂ ਨੂੰ ਇਹ ਵੀ ਪੁੱਛਿਆ ਕਿ ਉਨ੍ਹਾਂ ਦਾ ਸ਼ਹਿਰ ਉਨ੍ਹਾਂ ਨੂੰ ਕਿਵੇਂ ਮਹਿਸੂਸ ਕਰਾਉਂਦਾ ਹੈ: ਕੀ ਉਹ ਉੱਥੇ ਖ਼ੁਸ਼ ਹਨ? ਕੀ ਇਹ ਇੱਕ ਸੁੰਦਰ ਜਗ੍ਹਾ ਹੈ? ਕੀ ਸਮਾਜਿਕ ਸਬੰਧ ਬਣਾਉਣਾ ਆਸਾਨ ਹੈ? ਉਨ੍ਹਾਂ ਦੇ ਹਜ਼ਾਰਾਂ ਜਵਾਬਾਂ ਨੇ ਸਾਨੂੰ ਇਸ ਸਮੇਂ ਦੁਨੀਆਂ ਦੇ ਮਹਾਨ ਸ਼ਹਿਰਾਂ 'ਚ ਰਹਿਣ ਦੀ ਅਸਲੀਅਤ ਬਾਰੇ ਇੱਕ ਵਿਲੱਖਣ ਜਾਣਕਾਰੀ ਦਿੱਤੀ।

2021 'ਚ ਵਾਪਰੇ ਕਾਰ ਹਾਦਸੇ ਲਈ ਕੈਨੇਡੀਅਨ ਸਿੱਖ ਡਰਾਇਵਰ ਨੇ ਕੀਤਾ ਆਤਮ ਸਮਰਪਣ



ਟੋਰੌਂਟੋ: ਓਨਟੈਰੀਓ ਸੂਬੇ 'ਚ ਇੱਕ ਕਾਰ ਹਾਦਸੇ 'ਚ 21 ਸਾਲਾ ਲੜਕੀ ਦੀ ਮੌਤ ਹੋ ਜਾਣ ਤੋਂ ਦੋ ਸਾਲ ਤੋਂ ਵੱਧ ਸਮੇਂ ਬਾਅਦ ਇੱਕ 27 ਸਾਲਾ ਸਿੱਖ ਡਰਾਇਵਰ ਨੇ ਖ਼ੁਦ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ ਹੈ। ਆਤਮ ਸਮਰਪਣ ਕਰਨ ਵਾਲਾ ਹਰਕਮਲਪ੍ਰੀਤ ਸਿੰਘ 23 ਫ਼ਰਵਰੀ ਨੂੰ ਬਰੈਂਪਟਨ ਦੀ ਇੱਕ ਅਦਾਲਤ 'ਚ ਆਪਣੀ ਪਹਿਲੀ ਪੇਸ਼ੀ ਦਰਜ ਕਰਾਏਗਾ। ਓਨਟੈਰੀਓ ਸੂਬਾਈ ਪੁਲੀਸ (OPP) ਨੇ ਇੱਕ ਬਿਆਨ 'ਚ ਕਿਹਾ ਕਿ ਉਸ ਉੱਤੇ ਮੌਤ, ਅਧਿਕਾਰੀ ਨੂੰ ਭਜਾਉਣ ਅਤੇ ਹਾਦਸੇ ਨੂੰ ਰੋਕਣ 'ਚ ਅਸਫ਼ਲ ਰਹਿਣ ਦੇ ਦੋਸ਼ ਲਗਾਏ ਗਏ ਹਨ। ਇਹ ਟੱਕਰ 5 ਨਵੰਬਰ 2021 ਨੂੰ ਤੜਕੇ 3 ਵਜੇ ਤੋਂ ਠੀਕ ਪਹਿਲਾਂ ਹੋਈ ਸੀ ਜਦੋਂ ਮਿਸੀਸਾਗਾ ਦੇ ਇੱਕ OPP ਅਧਿਕਾਰੀ ਨੇ ਇੱਕ ਕਾਲੇ ਵਾਹਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜੋ ਬਰੈਂਪਟਨ 'ਚ ਹਾਈਵੇਅ 410 ਅਤੇ ਸੈਂਡਲਵੁਡ ਪਾਰਕਵੇਅ ਦੇ ਨੇੜੇ ਗ਼ਲਤ ਢੰਗ ਨਾਲ ਜਾ ਰਿਹਾ ਸੀ।

ਪੁਲੀਸ ਨੇ ਦੱਸਿਆ ਕਿ ਡਰਾਇਵਰ ਸੈਂਡਲਵੁੱਡ ਅਤੇ ਡਿਕਸੀ ਰੋਡ ਦੇ ਚੌਰਾਹੇ 'ਤੇ ਇੱਕ ਲਾਲ ਵਾਹਨ ਨਾਲ ਟਕਰਾਉਣ ਤੋਂ ਬਾਅਦ ਗੱਡੀ ਲੈ ਕੇ ਮੌਕੇ ਤੋਂ ਭੱਜ ਗਿਆ। ਜਦੋਂ ਕਿ ਲਾਲ ਗੱਡੀ ਦੀ ਡਰਾਇਵਰ ਸ਼ੈਲੋਮ ਪੀਅਰਟ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ, ਉਸ ਦੇ 25 ਸਾਲਾ ਸਹਿ-ਯਾਤਰੀ ਨੂੰ ਜਾਨਲੇਵਾ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ। CP-24 News ਦੀ ਰਿਪੋਰਟ ਅਨੁਸਾਰ, ਟੱਕਰ ਦੀ ਜਾਂਚ ਸੂਬੇ ਦੇ ਪੁਲੀਸ ਨਿਗਰਾਨ ਵਲੋਂ ਵੀ ਕੀਤੀ ਗਈ ਜਿਸ ਨੇ ਟ੍ਰੈਫ਼ਿਕ ਰੋਕਣ ਦੀ ਕੋਸ਼ਿਸ਼ ਕਰਨ ਵਾਲੇ ਅਧਿਕਾਰੀ ਦੇ ਵਿਵਹਾਰ ਦੀ ਜਾਂਚ ਕੀਤੀ। ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਨੇ ਪਾਇਆ ਕਿ OPP ਅਧਿਕਾਰੀ ਨੇ ਕਾਫ਼ੀ ਦੂਰ ਤਕ ਗੱਡੀ ਦਾ ਪਿੱਛਾ ਕੀਤਾ ਸੀ।

ਮਾਰਚ 'ਚ ਪਿਤਾ ਬਣੇਗਾ ਭਗਵੰਤ ਮਾਨ

ਵੈਨਕੂਵਰ: 75ਵੇਂ ਗਣਤੰਤਰ ਦਿਵਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਨਿੱਜੀ ਖ਼ੁਸ਼ੀ ਸਾਂਝੀ ਕੀਤੀ ਹੈ। ਲੁਧਿਆਣਾ 'ਚ ਭਾਰਤ ਦਾ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਭਾਰਤ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਉਹ ਜਨਤਾ ਨਾਲ ਆਪਣੀ ਨਿੱਜੀ ਖ਼ੁਸ਼ੀ ਸਾਂਝੀ ਕਰ ਰਹੇ ਹਨ। ਮਾਰਚ ਮਹੀਨੇ ਉਨ੍ਹਾਂ ਦੇ ਘਰ ਖ਼ੁਸ਼ੀ ਆਉਣ ਵਾਲੀ ਹੈ। ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਸੱਤ ਮਹੀਨਿਆਂ ਦੀ ਗਰਭਵਤੀ ਹੈ। ਮੁੱਖ ਮੰਤਰੀ ਨੇ ਕਿਹਾ, "ਤੁਹਾਨੂੰ ਇਹ ਜਾਣ ਕੇ ਖ਼ੁਸ਼ੀ ਅਤੇ ਹੈਰਾਨੀ ਹੋਵੇਗੀ ਕਿ ਅਸੀਂ ਅਜੇ ਤਕ ਇਹ ਨਹੀਂ ਪਤਾ ਕੀਤਾ ਕਿ ਲੜਕਾ ਹੈ ਜਾਂ ਲੜਕੀ। ਜਿਹੜਾ ਵੀ ਬੱਚਾ ਆਵੇ ਤੰਦਰੁਸਤ ਆਵੇ। ਤੰਦਰੁਸਤੀ ਕੁਦਰਤ ਦੀ ਸਭ ਤੋਂ ਵੱਡੀ ਨਿਯਾਮਤ ਹੈ। ਲੜਕੇ ਅਤੇ ਲੜਕੀਆਂ ਦੇ ਚੱਕਰਾਂ 'ਚ ਨਹੀਂ ਪੈਣਾ ਚਾਹੀਦਾ। ਇਹ ਨਾ ਦੇਖਿਆ ਕਰੋ ਕਿ ਤੁਹਾਡਾ ਹੋਣ ਵਾਲਾ ਬੱਚ ਇੱਕ ਲੜਕਾ ਹੈ ਜਾਂ ਲੜਕੀ ਹੈ, ਕੀ ਪਤਾ ਰੱਬ ਕਿਹੜੇ ਰੂਪ 'ਚ ਮਿਲ ਜਾਵੇ।"ਮੁੱਖ ਮੰਤਰੀ ਨੇ ਕਿਹਾ ਕਿ ਨਾਰੀ ਸ਼ਕਤੀ ਪੰਜਾਬ ਸਰਕਾਰ ਦਾ ਸੰਕਲਪ ਹੈ ਜਿਸ ਨੂੰ ਵੱਡੇ ਪੱਧਰ 'ਤੇ ਚਲਾਇਆ ਜਾ ਰਿਹਾ ਹੈ। 41 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦੇ ਚੁੱਕੇ ਹਾਂ ਜਿਨ੍ਹਾਂ 'ਚ ਜ਼ਿਆਦਾ ਨੌਕਰੀਆਂ ਧੀਆਂ ਨੂੰ ਹੀ ਮਿਲੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਾਡਾ ਸੂਬਾ ਨੰਬਰ ਇੱਕ ਸੀ ਅਤੇ ਫ਼ਿਰ ਨੰਬਰ ਇੱਕ ਬਣੇਗਾ ਕਿਉਂਕਿ ਪੰਜਾਬ ਸਰਕਾਰ ਸੱਚੀ ਨੀਅਤ ਅਤੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ।

ਕੈਨੇਡਾ ਦੀ ਅਦਾਲਤ ਵਲੋਂ ਟਰੂਡੋ ਨੂੰ ਫ਼ਿਟਕਾਰ

ਔਟਵਾ: ਕੈਨੇਡਾ ਦੀ ਅਦਾਲਤ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਖ਼ਤ ਫ਼ਿਟਕਾਰ ਲਗਾਈ ਹੈ। ਇਸ ਦਾ ਕਾਰਨ ਧਰਨਿਆਂ ਪ੍ਰਤੀ ਦੋਗਲਾ ਰਵੱਈਆ ਅਪਨਾਉਣਾ ਹੈ। ਕੈਨੇਡਾ ਦੀ ਸੰਘੀ ਅਦਾਲਤ ਦੇ ਜੱਜ ਰਿਚਰਡ ਮੋਸਲੇ ਨੇ ਆਪਣੇ ਫ਼ੈਸਲੇ 'ਚ ਲਿਖਿਆ ਕਿ ਦੇਸ਼ 'ਚ ਐਮਰਜੈਂਸੀ ਦੀ ਸਥਿਤੀ 'ਚ ਨਹੀਂ ਸੀ। ਅਜਿਹੇ 'ਚ ਐਮਰਜੈਂਸੀ ਐਕਟ ਦੇ ਸੱਦੇ ਨੂੰ ਜਾਇਜ਼ ਠਹਿਰਾਉਣ ਦਾ ਕੋਈ ਆਧਾਰ ਨਹੀਂ ਸੀ ਅਤੇ ਅਜਿਹਾ ਕਰਨ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੇ ਕੋਵਿਡ-19 ਟੀਕਾਕਰਨ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਫ਼ਰਵਰੀ 2022 'ਚ ਐਮਰਜੈਂਸੀ ਦੀ ਸਥਿਤੀ ਲਾਗੂ ਕਰ ਦਿੱਤੀ ਸੀ। ਇਸ ਮਾਮਲੇ ਸਬੰਧੀ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਔਟਵਾ ਦੀ ਇੱਕ ਸੰਘੀ ਅਦਾਲਤ ਨੇ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ।

ਕੈਨੇਡਾ ਦੀ ਫ਼ੈਡਰਲ ਅਦਾਲਤ ਦੇ ਫ਼ੈਸਲੇ 'ਚ ਇਹ ਵੀ ਕਿਹਾ ਗਿਆ ਹੈ ਕਿ ਵਿਰੋਧ ਪ੍ਰਦਰਸ਼ਨਾਂ 'ਚ ਸ਼ਾਮਿਲ ਵਿਅਕਤੀਆਂ ਨਾਲ ਜੁੜੇ ਬੈਂਕ ਖਾਤਿਆਂ ਨੂੰ ਫ਼੍ਰੀਜ਼ ਕਰਨ ਦੀ ਕਾਰਵਾਈ ਵੀ ਗ਼ੈਰ-ਵਾਜਬ ਸੀ। ਜੱਜ ਨੇ ਲਿਖਿਆ, "ਔਟਵਾ ਸ਼ਹਿਰ ਦੇ ਨਿਵਾਸੀਆਂ, ਕਾਮਿਆਂ ਅਤੇ ਕਾਰੋਬਾਰੀ ਮਾਲਕਾਂ ਨੂੰ ਪਰੇਸ਼ਾਨ ਕਰਨਾ ਅਤੇ ਉੱਥੇ ਜਨਤਕ ਸਥਾਨਾਂ ਦੇ ਸ਼ਾਂਤਮਈ ਆਨੰਦ ਲੈਣ ਦੇ ਅਧਿਕਾਰ ਦੀ ਆਮ ਉਲੰਘਣਾ, ਹਾਲਾਂਕਿ ਬਹੁਤ ਜ਼ਿਆਦਾ ਇਤਰਾਜ਼ਯੋਗ ਹੈ, ਇਹ ਗੰਭੀਰ ਹਿੰਸਾ ਜਾਂ ਗੰਭੀਰ ਹਿੰਸਾ ਦੀਆਂ ਧਮਕੀਆਂ ਦੇ ਬਰਾਬਰ ਨਹੀਂ। ਅਦਾਲਤ ਨੇ 2022 'ਚ ਆਜ਼ਾਦੀ ਦੇ ਵਿਰੋਧ ਨੂੰ ਦਬਾਉਣ ਲਈ ਟਰੂਡੋ ਸਰਕਾਰ ਦੀ ਆਲੋਚਨਾ ਕੀਤੀ। ਅਦਾਲਤ ਨੇ ਕਿਹਾ ਕਿ ਸਰਕਾਰ ਨੇ ਇਸ ਵਿਰੋਧ ਨੂੰ ਦਬਾਉਣ ਲਈ ਐਮਰਜੈਂਸੀ ਸ਼ਕਤੀਆਂ ਦੀ ਗ਼ਲਤ ਅਤੇ ਅਣਉਚਿਤ ਵਰਤੋਂ ਕੀਤੀ। ਜਸਟਿਸ ਰਿਚਰਡ ਮੋਸਲੇ ਨੇ ਕਿਹਾ ਕਿ ਜੇਕਰ ਹਾਲਾਤ ਇੰਨੇ ਮਾੜੇ ਸਨ ਤਾਂ ਮੌਜੂਦਾ ਕਾਨੂੰਨਾਂ ਤਹਿਤ ਵਿਰੋਧ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ।

ਅਮਰੀਕਾ ਦੇ ਨੌਜਵਾਨ ਤੋਂ ਫ਼ਿਰੌਤੀ ਲੈ ਕੇ ਕੀਤਾ ਕਤਲ

ਵਿਨੀਪੈੱਗ: ਤਿਲਕ ਨਗਰ 'ਚ ਐਨਕਾਊਂਟਰ ਕਰ ਕੇ ਫੜੇ ਲਾਰੈਂਸ ਬਿਸ਼ਨੋਈ ਗਰੁੱਪ ਦੇ ਪ੍ਰਾਇਮ ਸ਼ੂਟਰਸ ਨੇ ਹੀ ਬਲਾਚੌਰ ਦੇ ਪਿੰਡ ਕਾਨੂੰਨਗੋ 'ਚ ਇੱਕ ਵਿਅਕਤੀ ਨੂੰ ਗੋਲੀਆਂ ਮਾਰ ਕੇ ਕਤਲ ਕੀਤਾ ਸੀ। ਮੁਲਜ਼ਮਾਂ ਨੇ ਇੱਕ ਹੋਰ ਵਿਅਕਤੀ ਦੇ ਢਿੱਡ 'ਚ ਵੀ ਗੋਲੀ ਮਾਰੀ ਸੀ ਜਦ ਕਿ ਕਤਲ ਕੀਤੇ ਗਏ ਨਰਿੰਦਰ ਸਿੰਘ ਨੂੰ ਮਾਰਨ ਲਈ ਸ਼ੂਟਰ ਆਸ਼ੀਸ਼ ਅਤੇ ਨਿਤਿਨ ਨੂੰ USA 'ਚ ਬੈਠੇ ਮਨਪ੍ਰੀਤ ਸਿੰਘ ਮਨੀ ਨਿਵਾਸੀ ਸਜਾਵਲਪੁਰ ਨੇ ਸੁਪਾਰੀ ਦਿੱਤੀ ਸੀ। ਮੁਲਜ਼ਮ ਪੰਜਾਬ 'ਚ ਹਥਿਆਰਾਂ ਦੀ ਵੀ ਸਪਲਾਈ ਕਰਦੇ ਸਨ।ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਆਸ਼ੀਸ਼ ਉਰਫ਼ ਆਸ਼ੂ ਪੁੱਤਰ ਸਰਵਣ ਸਿੰਘ ਨਿਵਾਸੀ ਚੱਲੂਪੁਰ (ਹੁਸ਼ਿਆਰਪੁਰ) ਅਤੇ ਨਿਤਿਨ ਉਰਫ਼ ਨੰਨੂ ਪੁੱਤਰ ਰਵੀ ਘਈ ਨਿਵਾਸੀ ਗੁਰੂ ਨਾਨਕਪੁਰਾ ਤੋਂ ਪੁੱਛਗਿੱਛ 'ਚ ਪਤਾ ਲੱਗਾ ਕਿ ਮਨਪ੍ਰੀਤ ਸਿੰਘ ਮਨੀ ਦੀ ਨਰਿੰਦਰ ਸਿੰਘ ਨਾਲ ਪੰਜ ਸਾਲ ਪੁਰਾਣੀ ਰੰਜਿਸ਼ ਸੀ। ਉਹ ਲਗਭਗ ਡੇਢ ਸਾਲ ਪਹਿਲਾਂ USA ਚਲਾ ਗਿਆ ਸੀ ਜਿਥੋਂ ਫ਼ੋਨ ਕਰ ਕੇ ਉਸ ਨੇ ਨਰਿੰਦਰ ਸਿੰਘ ਨੂੰ ਧਮਕੀ ਵੀ ਦਿੱਤੀ ਸੀ। ਅਗਸਤ 2023 ਨੂੰ ਜਦੋਂ ਨਰਿੰਦਰ ਸਿੰਘ ਆਪਣੇ ਸਾਥੀ ਨਾਲ ਕਾਨੂੰਨਗੋ ਪਿੰਡ ਨਜ਼ਦੀਕ ਸ਼ਿਵ ਮੰਦਰ ਨੇੜੇ ਖੜ੍ਹਾ ਸੀ ਤਾਂ ਨਕਾਬਪੋਸ਼ ਦੋ ਸ਼ੂਟਰਾਂ ਨੇ ਗੋਲੀਆਂ ਮਾਰ ਕੇ ਨਰਿੰਦਰ ਸਿੰਘ ਨੂੰ ਕਤਲ ਕਰ ਦਿੱਤਾ ਅਤੇ ਇੱਕ ਗੋਲੀ ਨੇੜੇ ਖੜ੍ਹੇ ਉਸ ਦੇ ਸਾਥੀ ਨੂੰ ਵੀ ਲੱਗੀ ਸੀ ਤਾਂ ਥਾਣਾ ਬਲਾਚੌਰ 'ਚ ਮਨਪ੍ਰੀਤ ਸਿੰਘ ਮਨੀ ਸਮੇਤ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਕੇ ਤਿੰਨ ਸਾਥੀਆਂ ਨੂੰ ਬਲਾਚੌਰ ਦੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ, ਪਰ ਅਸਲੀ ਸ਼ੂਟਰਾਂ ਦਾ ਨਾਂ ਕਲੀਅਰ ਨਹੀਂ ਹੋ ਰਿਹਾ ਸੀ। CP ਨੇ ਦੱਸਿਆ ਕਿ ਕਮਿਸ਼ਨਰੇਟ ਪੁਲੀਸ ਵਲੋਂ ਕੀਤੀ ਪੁੱਛਗਿੱਛ 'ਚ ਦੋਵਾਂ ਨੇ ਕਬੂਲ ਕੀਤਾ ਕਿ ਗੋਲੀਆਂ ਮਾਰਨ ਲਈ ਉਨ੍ਹਾਂ ਫ਼ਿਰੌਤੀ ਲਈ ਸੀ। ਇਸ ਤੋਂ ਇਲਾਵਾ 2021 'ਚ ਆਸ਼ੀਸ਼ ਨੇ ਖ਼ੁਦ ਦੀ ਸੂਹ ਪੁਲੀਸ ਨੂੰ ਦੇਣ ਦੇ ਸ਼ੱਕ 'ਚ ਤਲਵੰਡੀ ਆਰਿਆ ਦੇ ਸੁਖਜੀਤ ਸਿੰਘ 'ਤੇ ਨੌਂ ਗੋਲੀਆਂ ਚਲਾਈਆਂ ਸਨ ਹਾਲਾਂਕਿ ਇਸ ਹਮਲੇ 'ਚ ਸੁਖਜੀਤ ਸਿੰਘ ਦਾ ਬਚਾਅ ਹੋ ਗਿਆ।ਆਸ਼ੀਸ਼ ਅਤੇ ਨੰਨੂ ਖ਼ਿਲਾਫ਼ ਕਮਿਸ਼ਨਰੇਟ ਪੁਲੀਸ ਦੇ CIA ਸਟਾਫ਼ 'ਤੇ ਗੋਲੀਆਂ ਚਲਾਉਣ 'ਤੇ ਥਾਣਾ ਭਾਰਗੋ ਕੈਂਪ 'ਚ ਮਾਮਲਾ ਦਰਜ ਕਰ ਲਿਆ ਗਿਆ। ਆਸ਼ੀਸ਼ ਖ਼ਿਲਾਫ਼ 2011 'ਚ ਪਹਿਲੀ ਰਿਪੋਰਟ ਉਸ ਦੇ ਪਿੰਡ ਨੂੰ ਪੈਂਦੇ ਥਾਣਾ ਬੱਲੋਪੁਰ 'ਚ ਲੜਾਈ-ਝਗੜੇ ਦੀ ਹੋਈ ਸੀ। ਆਸ਼ੀਸ਼ ਖ਼ਿਲਾਫ਼ ਅੱਠ ਕੇਸ ਦਰਜ ਹਨ ਜਿਨ੍ਹਾਂ 'ਚੋਂ ਕੁੱਝ ਕੇਸਾਂ 'ਚ ਉਹ PO (ਭਗੌੜਾ) ਵੀ ਹੈ। ਨੰਨੂ ਖ਼ਿਲਾਫ਼ ਲੜਾਈ-ਝਗੜੇ, ਨਸ਼ਾ ਸਮੱਗਲਿੰਗ, 107/51 ਤਹਿਤ ਰਾਮਾ ਮੰਡੀ 'ਚ ਕਾਰਵਾਈ ਕੀਤੀ ਗਈ ਸੀ। CP ਨੇ ਦੱਸਿਆ ਕਿ ਮੁਲਜ਼ਮ ਜਬਰੀ ਵਸੂਲੀ ਦਾ ਵੀ ਧੰਦਾ ਕਰਦੇ ਸਨ। ਉਨ੍ਹਾਂ ਨੂੰ ਜੋ ਵੀ ਪੈਸੇ ਮਿਲਦੇ ਸਨ, ਉਹ ਆਪਣੇ ਗੈਂਗ ਨੂੰ ਦਿੰਦੇ ਸੀ।

ਜ਼ਿਕਰਯੋਗ ਹੈ ਕਿ ਬੀਤੇ ਐਤਵਾਰ CIA ਸਟਾਫ਼ ਨੇ ਤਿਲਕ ਨਗਰ 'ਚ I-20 ਕਾਰ ਨੂੰ ਰੋਕਿਆ ਜਿਸ 'ਚ ਸਵਾਰ ਦੋ ਨੌਜਵਾਨਾਂ ਨੇ ਪੁਲੀਸ 'ਤੇ ਗੋਲੀਆਂ ਚਲਾ ਦਿੱਤੀਆਂ। ਇੱਕ ਗੋਲੀ CIA ਸਟਾਫ਼ ਦੇ ASI ਨਿਸ਼ਾਨ ਸਿੰਘ ਨੂੰ ਲੱਗੀ ਸੀ ਪਰ ਗੋਲੀ ਪੱਗ 'ਚ ਲੱਗਣ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ। ਕਾਰ 'ਚੋਂ ਨਿਕਲ ਕੇ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਟੀਮ ਨੇ ਮੁਲਜ਼ਮਾਂ ਦੀਆਂ ਲੱਤਾਂ 'ਤੇ ਗੋਲੀਆਂ ਮਾਰ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਮੁਲਜ਼ਮਾਂ ਕੋਲੋਂ 30 ਅਤੇ 32 ਪੰਜਾਬ 'ਚ ਹਥਿਆਰਾਂ ਦੀ ਸਪਲਾਈ ਦੀ ਕਰਦੇ ਸਨ ਦੋਵੇਂ ਸ਼ੂਟਰਸੀ. ਪੀ. ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਇਨਵੈਸਟੀਗੇਸ਼ਨ 'ਚ ਇਹ ਵੀ ਸਾਹਮਣੇ ਆਇਆ ਕਿ ਆਸ਼ੀਸ਼ ਅਤੇ ਨਿਤਿਨ ਦੋਵੇਂ ਮਿਲ ਕੇ ਪੂਰੇ ਪੰਜਾਬ 'ਚ ਹਥਿਆਰਾਂ ਦੀ ਸਪਲਾਈ ਵੀ ਕਰਦੇ ਸਨ। ਉਹ MP ਤੋਂ ਹਥਿਆਰ ਮੰਗਵਾਉਂਦੇਸਨ ਜਿਸ ਤੋਂ ਬਾਅਦ ਔਨਲਾਈਨ ਵੀ ਉਨ੍ਹਾਂ ਨੂੰ ਸੇਲ ਕਰਦੇ ਸਨ ਅਤੇ ਫ਼ਿਰ ਖ਼ੁਦ ਵੀ ਵੈਪਨ ਦੇਣ ਲਈ ਚਲੇ ਜਾਂਦੇ ਸਨ। ਪੁਲੀਸ ਹੁਣ ਹਥਿਆਰਾਂ ਦੇ ਚੱਲ ਰਹੇ ਨੈੱਟਵਰਕ ਨੂੰ ਢਹਿ-ਢੇਰੀ ਕਰਨ 'ਚ ਜੁਟੀ ਹੋਈ ਹੈ।

ਨਿਤਿਨ ਉਰਫ਼ ਨੰਨੂ 2011 'ਚ ਫ਼ਗਵਾੜਾ 'ਚ ਹੈਰੋਇਨ, ਆਈਸ ਅਤੇ ਡਰੱਗ ਮਨੀ ਨਾਲ ਗ੍ਰਿਫ਼ਤਾਰ ਹੋ ਚੁੱਕਾ ਹੈ। ਦਰਅਸਲ ਆਪਣਾ ਖ਼ਰਚਾ ਚਲਾਉਣ ਲਈ ਉਹ ਆਪਣੇ ਸਾਥੀ ਨਾਲ ਮਿਲ ਕੇ ਡਰੱਗ ਵੇਚਦਾ ਸੀ। ਫ਼ਗਵਾੜਾ ਦੇ CIA ਸਟਾਫ਼ ਨੇ 2011 'ਚ ਨੰਨੂ ਅਤੇ ਉਸ ਦੇ ਸਾਥੀ ਨੂੰ ਕਾਰ 'ਚੋਂ ਕਾਬੂ ਕਰ ਕੇ ਉਨ੍ਹਾਂ ਕੋਲੋਂ 15 ਗ੍ਰਾਮ ਹੈਰੋਇਨ, 50 ਗ੍ਰਾਮ ਆਈਸ ਅਤੇ ਲਗਭਗ 2 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਸੀ।

ਕਾਉਂਕੇ ਦੀ ਯਾਦ 'ਚ ਗੁਰਦੁਆਰਾ ਨਾਢਾ ਸਾਹਿਬ 'ਚ ਸਮਾਗਮ

ਸਰੀ: ਨਾਢਾ ਸਾਹਿਬ 'ਚ ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਹਿਯੋਗ ਨਾਲ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਯਾਦ 'ਚ ਸ਼ਹੀਦੀ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕੇਮਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਥੇਦਾਰ ਸਰਬਜੀਤ ਸਿੰਘ ਸੋਹਲ, ਪੰਥਕ ਆਗੂ ਜਸਬੀਰ ਸਿੰਘ ਰੋਡੇ, ਜਥੇਦਾਰ ਹਰੀ ਸਿੰਘ ਕਾਉਂਕੇ, ਜਥੇਦਾਰ ਕਰਨੈਲ ਸਿੰਘ ਪੰਜੋਲੀ ਤੇ ਮਨਜੀਤ ਸਿੰਘ ਭੂਮਾ ਹਾਜ਼ਰ ਸਨ।

ਇਸ ਮੌਕੇ ਸ੍ਰੀ ਢੀਂਡਸਾ ਨੇ ਕਿਹਾ ਕਿ ਜਥੇਦਾਰ ਕਾਉਂਕੇ ਇੱਕ ਸੱਚੇ ਸਿੱਖ ਸਨ ਅਤੇ ਉਨ੍ਹਾਂ ਦੀ ਸ਼ਹੀਦੀ ਫ਼ਖ਼ਰੇ ਕੌਮ ਸੀ। ਉਨ੍ਹਾਂ ਦੇ ਕਤਲ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ। ਇਸ ਮੌਕੇ ਪੰਥਕ ਆਗੂਆਂ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਅਸਲ 'ਚ ਫ਼ਖ਼ਰ-ਏ-ਕੌਮ ਦਾ ਐਵਾਰਡ ਸ਼ਹੀਦ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਦੇਣਾ ਚਾਹੀਦਾ ਹੈ ਜਦਕਿ ਇਹ ਐਵਾਰਡ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਨੇ ਕਾਉਂਕੇ ਦੀ ਤਸ਼ੱਦਦ ਨਾਲ ਹੋਈ ਮੌਤ ਦੀ ਰਿਪੋਰਟ ਕਈ ਸਾਲ ਛੁਪਾ ਕੇ ਰੱਖੀ। ਇਸ ਮੌਕੇ ਰੋਡੇ, ਦਾਦੂਵਾਲ ਅਤੇ ਕਾਲਕਾ ਨੇ ਕਿਹਾ ਕਿ ਉਹ 29 ਜਨਵਰੀ ਨੂੰ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲਣਗੇ। ਇਸ ਮੌਕੇ ਫ਼ਖ਼ਰ-ਏ-ਕੌਮ ਐਵਾਰਡ ਬਾਦਲ ਪਰਿਵਾਰ ਤੋਂ ਵਾਪਿਸ ਲੈਣ ਅਤੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਮੌਤ ਦਾ ਇਨਸਾਫ਼ ਲੈਣ ਦੀ ਮੰਗ ਕੀਤੀ ਜਾਵੇਗੀ। ਇਨ੍ਹਾਂ ਆਗੂਆਂ ਨੇ ਕਿਹਾ ਕਿ 10 ਫ਼ਰਵਰੀ ਨੂੰ ਜਲੰਧਰ 'ਚ ਵੱਡਾ ਇਕੱਠ ਕੀਤਾ ਜਾਵੇਗਾ। ਆਗੂਆਂ ਨੇ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਸਿਖਸ ਔਫ਼ ਅਮੈਰੀਕਾ ਨੇ ਅੰਬੈਸਡਰ ਸੰਧੂ ਨੂੰ ਸ਼ਾਹੀ ਅੰਦਾਜ਼ 'ਚ ਦਿੱਤੀ ਵਿਦਾਇਗੀ

ਵੈਨਕੂਵਰ: ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ 35 ਸਾਲ ਦੀ ਸੇਵਾ ਤੋਂ ਬਾਅਦ ਇਸ ਮਹੀਨੇ ਦੇ ਅੰਤ 'ਚ ਵਿਦੇਸ਼ ਸੇਵਾ ਤੋਂ ਸੇਵਾ ਮੁਕਤ ਹੋ ਰਹੇ ਹਨ। ਰਾਜਦੂਤ ਸੰਧੂ ਨੂੰ ਸਿਖਸ ਔਫ਼ ਅਮੈਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸ਼ਾਹੀ ਅੰਦਾਜ਼ 'ਚ ਵਿਦਾਇਗੀ ਪਾਰਟੀ ਦਿੱਤੀ। ਮੈਰੀਲੈਂਡ ਸੂਬੇ ਦੇ ਗਰੀਨ ਬੈਲਟ ਸ਼ਹਿਰ 'ਚ ਮਾਰਟਿਨਜ਼ ਕਰੌਸ ਵਿੰਡ ਬੈਂਕੁਇਟ ਹਾਲ 'ਚ ਕਰਵਾਏ ਗਏ ਇਸ ਸਮਾਰੋਹ 'ਚ ਸਿਖਸ ਓਫ਼ ਅਮੈਰੀਕਾ ਦੇ ਬੈਨਰ ਹੇਠ NCAIA (ਨੈਸ਼ਨਲ ਕੌਂਸਲ ਔਫ਼ ਏਸ਼ੀਅਨ ਇੰਡੀਅਨ ਐਸੋਸੀਏਸ਼ਨ), ਗਲੋਬਲ ਹਰਿਆਣਾ, ਓਵਰਸੀਜ਼ ਫ਼ਰੈਂਡਜ਼ ਔਫ਼ BJP, US ਇੰਡੀਆ ਸਿੱਖ ਐਲਾਇੰਸ, US ਇੰਡੀਆ SME ਕੌਂਸਲ, ਗਲੋਬਲ ਅਸਾਮੀ ਉਦਮਤਾ ਫ਼ੋਰਮ ਆਦਿ ਸੰਸਥਾਵਾਂ ਵਲੋਂ ਵੀ ਸ਼ਿਰਕਤ ਕੀਤੀ ਗਈ।

ਇਸ ਦੌਰਾਨ ਵ੍ਹਾਈਟ ਹਾਊਸ ਵਲੋਂ ਬਿਡੇਨ ਪ੍ਰਸ਼ਾਸਨ ਦੇ ਵਿਸੇਸ ਪ੍ਰਤੀਨਿੱਧੀ ਰਾਹੁਲ ਗੁਪਤਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਿਖਸ ਓਫ਼ ਅਮੈਰਿਕਾ ਵਲੋਂ ਗੁਰਵਿੰਦਰ ਸੇਠੀ, ਮਨਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਹਰਬੀਰ ਬੱਤਰਾ, ਪ੍ਰਭਜੋਤ ਬੱਤਰਾ, ਚੱਤਰ ਸਿੰਘ ਸੈਣੀ, ਰਾਜ ਸੈਣੀ, ਦਿਲਵੀਰ ਸਿੰਘ, ਰਤਨ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਜਦ ਕਿ ਭਾਈਚਾਰੇ ਵਲੋਂ ਰੌਇਲ ਤਾਜ ਇੰਡੀਅਨ ਰੈਸਟੋਰੈਂਟ ਦੇ ਮਾਲਕ ਜਸਵਿੰਦਰ ਸਿੰਘ, ਸਿਵਰਾਜ ਗੋਰਾਇਆ, ਕਰਮਜੀਤ ਸਿੰਘ, ਗੁਰਦੇਵ ਘੋਤੜਾ, ਰਜਿੰਦਰ ਸਿੰਘ ਗੋਗੀ ਆਦਿ ਨੇ ਸ਼ਿਰਕਤ ਕੀਤੀ।

ਸੰਧੂ ਦੇ ਸਵਾਗਤ ਲਈ ਬਣਾਈ ਗਈ ਸਵਾਗਤੀ ਕਮੇਟੀ 'ਚ ਬਲਜਿੰਦਰ ਸਿੰਘ ਸੰਮੀ, ਪ੍ਰੀਤ ਤੱਖਰ, ਡਾ. ਸੁਧੀਰ ਸਕਸੇਰੀਆ, ਕੀਰਤੀ ਸਵਾਮੀ, ਲੀਸਾ ਪੁਲਵਰਟੀ, ਇੰਦਰਜੀਤ ਸਿੰਘ ਗੁਜਰਾਲ ਸ਼ਾਮਿਲ ਸਨ ਜਿਨ੍ਹਾਂ ਨੇ ਢੋਲ ਨਾਲ ਤਰਨਜੀਤ ਸਿੰਘ ਸੰਧੂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਹਾਲ 'ਚ ਲੈ ਕੇ ਆਏ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਜਾਣ-ਪਛਾਣ ਉਪਰੰਤ ਸੁਖਪਾਲ ਸਿੰਘ ਧਨੋਆ ਨੇ ਵੱਖ-ਵੱਖ ਬੁਲਾਰਿਆਂ ਨੂੰ ਮੰਚ 'ਤੇ ਸੱਦਾ ਦਿੱਤਾ। ਸਿਖਸ ਔਫ਼ ਅਮੈਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਕੁਲਵਿੰਦਰ ਫ਼ਲੋਰਾ, ਸਰਬਜੀਤ ਬਖਸੀ, ਵਰਿੰਦਰ ਸਿੰਘ, ਜਸਵਿੰਦਰ ਸਿੰਘ ਜੰਨੀ, ਸਿਖਸ ਔਫ਼ ਅਮੈਰੀਕਾ ਬਾਲਟੀਮੋਰ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਚਰਨਜੀਤ ਸਿੰਘ ਸ਼ਾਮਿਲ ਹੋਏ।

ਇਸ ਮੌਕੇ ਸਿਖਸ ਔਫ਼ ਅਮੈਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਸੰਧੂ ਦਾ ਸਮਾਗਮ 'ਚ ਸਵਾਗਤ ਕਰਦਿਆਂ ਕਿਹਾ ਕਿ ਜਿੱਥੇ ਤਰਨਜੀਤ ਸਿੰਘ ਸੰਧੂ ਨੇ ਇੱਕ ਅੰਬੈਸਡਰ ਵਜੋਂ ਸੇਵਾਵਾਂ ਨਿਭਾਉਂਦਿਆਂ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ, ਉੱਥੇ ਹੀ ਉਨ੍ਹਾਂ ਦਸਤਾਰ ਦਾ ਮਾਣ ਵੀ ਦੁਨੀਆਂ ਭਰ 'ਚ ਉੱਚਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਸ ਉੱਚੇ ਅਹੁਦੇ ਉੱਤੇ ਇੱਕ ਸਿੱਖ ਵਲੋਂ ਸੇਵਾਵਾਂ ਨਿਭਾਉਣੀਆਂ ਸਾਡੇ ਸਭ ਲਈ ਬਹੁਤ ਮਾਣ ਵਾਲੀ ਗੱਲ ਹੈ ਅਤੇ ਇਹ ਇੱਕ ਇਤਿਹਾਸਕ ਪ੍ਰਾਪਤੀ ਗਿਣੀ ਜਾਵੇਗੀ।

ਬੀਤੇ ਦਿਨੀਂ ਕੇਂਦਰੀ ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਬਜਟ ਖੇਤੀ ਔਕੜਾਂ ਦਾ ਸਾਹਮਣਾ ਕਰਨ ਤੋਂ ਅਸਮਰੱਥ ਨਜ਼ਰ ਆਉਂਦਾ ਹੈ। ਸੰਕਟ ਨਾਲ ਜੂਝ ਰਹੀ ਪੰਜਾਬ ਦੀ ਕਿਸਾਨੀ ਨੂੰ ਕਰਜ਼ੇ 'ਤੋਂ ਮੁਕਤੀ ਦਿਵਾਉਣ ਲਈ ਨਾ ਤਾਂ ਕੋਈ ਪੈਕੇਜ ਦਿੱਤਾ ਗਿਆ ਅਤੇ ਨਾ ਹੀ ਕਰਜ਼ ਉੱਪਰ ਵਿਆਜ ਦਰਾਂ ਘਟਾਈਆਂ ਗਈਆਂ। ਖੇਤੀ ਖੋਜਾਂ ਲਈ ਵੀ ਫੰਡਾਂ 'ਚ ਵੀ ਨਿਗੂਣਾ ਵਾਧਾ ਕੀਤਾ ਗਿਆ ਹੈ...

ਪਿਆਜ਼ ਦੀ ਬੀਜ ਵਾਲੀ ਫ਼ਸਲ ਦਾ ਬਿਮਾਰੀਆਂ ਤੋਂ ਬਚਾਅ

• ਅਮਰਜੀਤ ਸਿੰਘ, ਅੰਜੂ ਬਾਲਾ
94637-47280

ਪਿਆਜ਼ ਪੰਜਾਬ ਦੀ ਮਹੱਤਵਪੂਰਨ ਫ਼ਸਲ ਹੈ। ਇਸ 'ਚ ਪਾਏ ਜਾਣ ਵਾਲੇ ਐਲੀਸਿਨ, ਐਲੀਨਥਾਇਓ ਸਲਫੇਟ, ਸਲਫਾਈਟ ਤੱਤ ਕੈਂਸਰ, ਸ਼ੂਗਰ, ਕੋਲੈਸਟਰਾਲ ਤੇ ਜਿਗਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰਥਾ ਰੱਖਦੇ ਹਨ। ਪੰਜਾਬ 'ਚ ਪਿਆਜ਼ ਦੀ 450 ਤੋਂ 500 ਕਰੋੜ ਰੁਪਏ ਦੀ ਮੰਗ ਹੈ ਪਰ ਪੰਜਾਬ 'ਚ 100 ਤੋਂ 125 ਕਰੋੜ ਰੁਪਏ ਦਾ ਪਿਆਜ਼ ਪੈਦਾ ਹੁੰਦਾ ਹੈ। ਬਾਕੀ ਪੂਰਤੀ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਹੋਰਨਾਂ ਸੂਬਿਆਂ ਤੋਂ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਪਿਆਜ਼ ਦੇ ਉੱਤਮ ਬੀਜ ਦੀ ਉਪਲਬਧਤਾ, ਪੌਦ ਸੁਰੱਖਿਆ, ਤਕਨੀਕਾਂ ਦੀ ਜਾਣਕਾਰੀ ਦੀ ਘਾਟ ਪੰਜਾਬ 'ਚ ਪਿਆਜ਼ ਦੀ ਘੱਟ ਪੈਦਾਵਾਰ ਦੇ ਮੁੱਖ ਕਾਰਨ ਹਨ। ਸੰਗਠਿਤ ਖੇਤਰ ਪਿਆਜ਼ ਦੇ ਬੀਜ ਦੀ ਕੇਵਲ 54 ਫ਼ੀਸਦੀ ਲੋੜ ਪੂਰੀ ਕਰਦਾ ਹੈ। ਰਹਿੰਦੀ ਲੋੜ ਕਿਸਾਨ ਆਪ ਪੂਰੀ ਕਰਦੇ ਹਨ।

ਜਾਮਣੀ ਧੱਬਿਆਂ ਦਾ ਰੋਗ

ਇਹ ਉੱਲੀ ਰੋਗ ਹੈ, ਜੋ ਲਸਣ ਤੇ ਪਿਆਜ਼ ਦੀਆਂ ਫ਼ਸਲਾਂ 'ਤੇ ਹਮਲਾ ਕਰਦਾ ਹੈ। ਬੀਜ ਵਾਲੀ ਫ਼ਸਲ 'ਤੇ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ। ਇਹ ਬਿਮਾਰੀ ਫ਼ਸਲ ਦੇ ਕਿਸੇ ਵੀ ਹਿੱਸੇ 'ਤੇ ਹਮਲਾ ਕਰ ਸਕਦੀ ਹੈ ਪਰ ਫੁੱਲਾਂ ਵਾਲੀਆਂ ਟਹਿਣੀਆਂ 'ਤੇ ਇਸ ਦਾ ਹਮਲਾ ਬਹੁਤ ਨੁਕਸਾਨ ਕਰਦਾ ਹੈ। ਇਸ ਬਿਮਾਰੀ ਦੇ ਸ਼ੁਰੂਆਤੀ ਹਮਲੇ ਨਾਲ ਪੱਤਿਆਂ 'ਤੇ ਪਾਣੀ ਭਿੱਜੇ ਧੱਬੇ ਪੈ ਜਾਂਦੇ ਹਨ। ਬਿਮਾਰੀ ਵੱਧਣ ਨਾਲ ਇਹ ਧੱਬੇ ਅੰਡਾਕਾਰ ਤੇ ਫਿਰ ਅੱਖ ਦੀ ਸ਼ਕਲ ਵਰਗੇ ਹੋ ਕੇ ਜਾਮਣੀ ਹੋ ਜਾਂਦੇ ਹਨ। ਸਿੱਲ੍ਹੇ ਮੌਸਮ 'ਚ ਇਨ੍ਹਾਂ ਧੱਬਿਆਂ ਉੱਪਰ ਕਾਲੀ ਉੱਲੀ ਪੈਦਾ ਹੋ ਜਾਂਦੀ ਹੈ। ਉੱਲੀ ਦੇ ਇਹ ਕਾਲੇ ਕਣ ਬਿਮਾਰੀ ਨੂੰ ਫੁੱਲਾਂ ਵਾਲੀਆਂ ਡੰਡੀਆਂ ਤਕ ਫ਼ੈਲਾਅ ਦਿੰਦੇ ਹਨ। ਫੁੱਲਾਂ ਵਾਲੀਆਂ ਟਹਿਣੀਆਂ ਬੀਜ ਬਣਨ ਤੋਂ ਪਹਿਲਾਂ ਹੀ ਮੁਰਝਾ ਜਾਂਦੀਆਂ ਹਨ।

ਜੇ ਟਹਿਣੀਆਂ 'ਤੇ ਬਿਮਾਰੀ ਦਾ ਹਮਲਾ ਬੀਜ ਬਣਨ ਤੋਂ ਬਾਅਦ ਹੋਵੇ ਤਾਂ ਟਾਹਣੀਆਂ ਟੁੱਟ ਜਾਂਦੀਆਂ ਹਨ। ਬੀਜਾਂ ਵਾਲਾ ਫੁੱਲਾਂ ਦਾ ਗੁੱਛਾ ਬੂਟੇ ਨਾਲੋਂ ਵੱਖ ਹੋ ਜਾਂਦਾ ਹੈ ਤੇ ਬੀਜ ਬੇਜਾਨ ਤੇ ਸੁੰਗੜਿਆ ਹੋਇਆ ਪੈਦਾ ਹੁੰਦਾ ਹੈ। ਥਰਿੱਪ ਦਾ ਹਮਲਾ ਬਿਮਾਰੀ ਨੂੰ ਤੇਜ਼ੀ ਨਾਲ ਵਧਾਉਂਦਾ ਹੈ, ਜਿਸ ਨਾਲ ਬੀਜ ਵਾਲੀ ਫ਼ਸਲ ਦਾ 80-85 ਫ਼ੀਸਦੀ ਨੁਕਸਾਨ ਹੋ ਸਕਦਾ ਹੈ। ਇਸ ਬਿਮਾਰੀ ਦੇ ਵੱਧਣ-ਫੁੱਲਣ ਲਈ 25-28 ਡਿਗਰੀ ਤਾਪਮਾਨ ਤੇ ਸਿੱਲ੍ਹਾ ਮੌਸਮ ਢੁੱਕਵਾਂ ਹੁੰਦਾ ਹੈ। ਬਿਮਾਰੀ ਦੇ ਕੀਟਾਣੂ ਬੀਜ ਵਿਚ ਚਲੇ ਜਾਂਦੇ ਹਨ ਤੇ ਬੀਜ ਬਹੁਤ ਜਲਦੀ ਮਰ ਜਾਂਦੇ ਹਨ।

ਸਟੈਮਫਿਲੀਅਮ ਬਲਾਈਟ

ਇਸ ਬਿਮਾਰੀ ਨਾਲ ਪੱਤਿਆਂ ਉੱਪਰ ਪੀਲੇ ਭੂਰੇ ਪਾਣੀ ਭਿੱਜੇ ਲੰਬੂਤਰੇ ਧੱਬੇ ਪੈ ਜਾਂਦੇ ਹਨ, ਜੋ ਬਾਅਦ ਵਿਚ ਗੂੜ੍ਹੇ ਭੂਰੇ ਤੇ ਫਿਰ ਕਾਲੇ ਰੰਗ ਦੇ ਹੋ ਜਾਂਦੇ ਹਨ। ਇਹ ਧੱਬੇ ਆਪਸ 'ਚ ਮਿਲ ਕੇ ਪੱਤੇ ਨੂੰ ਸਾੜ ਦਿੰਦੇ ਹਨ। ਇਹ ਧੱਬੇ ਦੂਰੋਂ ਵੇਖਣ ਨੂੰ ਜਾਮਣੀ ਧੱਬਿਆਂ ਦੇ ਰੋਗ ਵਾਂਗ ਹੀ ਲਗਦੇ ਹਨ। ਇਹ ਬਿਮਾਰੀ ਜ਼ਿਆਦਾਤਰ ਪੱਤਿਆਂ ਤਕ ਹੀ ਸੀਮਿਤ ਰਹਿੰਦੀ ਹੈ। ਲੰਬੇ ਸਮੇਂ ਤਕ ਗਰਮ ਤੇ ਸਲ੍ਹਾਬ ਵਾਲਾ ਮੌਸਮ ਇਸ ਬਿਮਾਰੀ ਦੇ ਹਮਲੇ ਨੂੰ ਹੋਰ ਵਧਾ ਦਿੰਦਾ ਹੈ। ਥਰਿੱਪ ਦਾ ਹਮਲਾ ਅਤੇ 18-32 ਡਿਗਰੀ ਸੈਂਟੀਗ੍ਰੇਡ ਤਾਪਮਾਨ ਵੀ ਇਸ ਬਿਮਾਰੀ 'ਚ ਵਾਧਾ ਕਰਦਾ ਹੈ।

ਪੀਲੇ ਧੱਬਿਆਂ ਦਾ ਰੋਗ

ਇਹ ਇਕ ਉੱਲੀ ਰੋਗ ਹੈ। ਇਹ ਬਿਮਾਰੀ ਪੌੜੀਆਂ 'ਚ ਸ਼ੁਰੂ ਹੁੰਦੀ ਹੈ ਅਤੇ ਠੰਡੇ ਤੇ ਸਲ੍ਹਾਬ ਵਾਲੇ ਮੌਸਮ 'ਚ ਇਸ ਦਾ ਵਾਧਾ ਜ਼ਿਆਦਾ ਹੁੰਦਾ ਹੈ। ਬਿਮਾਰੀ ਦੇ ਹਮਲੇ ਨਾਲ 30-45 ਦਿਨਾਂ 'ਚ ਫ਼ਸਲ ਨਸ਼ਟ ਹੋ ਜਾਂਦੀ ਹੈ। ਪੱਤਿਆਂ ਉੱਪਰ ਜਾਮਣੀ ਸਲੇਟੀ, ਮਖਮਲੀ ਉੱਲੀ ਦਿਖਾਈ ਦਿੰਦੀ ਹੈ। ਬਿਮਾਰੀ ਵਾਲੇ ਪੱਤੇ ਪੀਲੇ ਪੈ ਜਾਂਦੇ ਹਨ। ਇਹ ਧੱਬੇ ਅੰਡਾਕਾਰ ਸ਼ਕਲ ਦੇ ਹੁੰਦੇ ਹਨ ਤੇ ਇਨ੍ਹਾਂ ਧੱਬਿਆਂ ਉੱਪਰ ਜਾਮਣੀ ਧੱਬਿਆਂ ਦਾ ਰੋਗ ਤੇ ਸਟੈਮਫਿਲੀਅਮ ਬਲਾਈਟ ਦਾ ਵੀ ਹਮਲਾ ਹੋ ਜਾਂਦਾ ਹੈ। ਅੰਡਾਕਾਰ ਪੀਲੇ ਧੱਬੇ ਫੁੱਲਾਂ ਦੀਆਂ ਡੰਡੀਆਂ 'ਤੇ ਵੀ ਦਿਖਾਈ ਦਿੰਦੇ ਹਨ। ਡੰਡੀਆਂ 'ਤੇ ਇਹ ਧੱਬੇ ਬਾਅਦ 'ਚ ਭੂਰੇ ਦੇ ਹੋ ਜਾਂਦੇ ਹਨ। ਬਿਮਾਰੀ ਵਾਲੀ ਫੁੱਲਾਂ ਦੀ ਡੰਡੀ ਕਮਜ਼ੋਰ ਪੈ ਕੇ ਟੁੱਟ ਜਾਂਦੀ ਹੈ ਤੇ ਫ਼ਸਲ ਸੜੀ ਜਾਪਦੀ ਹੈ।

ਰੋਕਥਾਮ

ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਰੋਗ ਰਹਿਤ ਬੀਜ ਤੇ ਗੰਢਿਆਂ ਦੀ ਵਰਤੋਂ ਕਰੋ। ਬਿਜਾਈ ਤੋਂ ਪਹਿਲਾ ਬੀਜ ਨੂੰ ਕੈਪਟਾਨ ਜਾਂ ਥੀਰਮ ਦਵਾਈ ਨਾਲ 3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਬਿਮਾਰੀ ਨਜ਼ਰ ਆਉਣ 'ਤੇ ਫ਼ਸਲ ਉੱਪਰ 600 ਗ੍ਰਾਮ ਇੰਡੋਫਿਲ ਐੱਮ-45 ਤੇ 200 ਮਿਲੀਲਿਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਇਸ ਤੋਂ ਬਾਅਦ 10 ਦਿਨਾਂ ਦੇ ਵਕਫੇ 'ਤੇ 3 ਛਿੜਕਾਅ ਹੋਰ ਕਰੋ। ਪਿਆਜ਼ ਦੇ ਪੱਤੇ ਮੋਮੀ ਹੁੰਦੇ ਹਨ, ਜਿਸ 'ਤੇ ਉੱਲੀਨਾਸ਼ਕ ਚੰਗੀ ਤਰ੍ਹਾਂ ਚਿਪਕਦੇ ਨਹੀਂ, ਇਸ ਲਈ ਉੱਲੀਨਾਸ਼ਕਾਂ 'ਚ ਟਰਾਈਟੋਨ ਜਾਂ ਅਲਸੀ ਦਾ ਤੇਲ ਮਿਲਾ ਕੇ ਛਿੜਕਾਅ ਕਰਨਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਬਿਮਾਰੀਆਂ 'ਤੇ ਚੰਗੀ ਤਰ੍ਹਾਂ ਕਾਬੂ ਪਾਇਆ ਜਾ ਸਕੇ। ਥਰਿੱਪ ਦੇ ਹਮਲੇ ਤੋਂ ਬਚਣ ਲਈ 250 ਮਿਲੀਲਿਟਰ ਮੈਲਾਥਿਓਨ 50 ਈਸੀ ਨੂੰ 80 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। •

ਖੇਤੀ ਨੂੰ ਨਿਗੂਣੀ ਤਵੱਜੋਂ

• ਬਲਦੇਵ ਸਿੰਘ ਢਿੱਲੋਂ, ਸੁਖਪਾਲ ਸਿੰਘ

ਭਾਰਤੀ ਖੇਤੀ ਖੇਤਰ 130 ਕਰੋੜ ਲੋਕਾਂ ਨੂੰ ਅੰਨ ਸੁਰੱਖਿਆ ਮੁਹੱਈਆ ਕਰਦਾ ਹੈ, ਜਿਸ 'ਚ 54 ਫ਼ੀਸਦੀ ਕਿਰਤ ਸ਼ਕਤੀ ਲੱਗੀ ਹੋਈ ਤੇ ਦੋ-ਤਿਹਾਈ ਪੇਂਡੂ ਲੋਕ ਇਸ 'ਤੇ ਨਿਰਭਰ ਹਨ। ਖੇਤੀਬਾੜੀ ਦੇਸ਼ ਦੇ ਅਰਥਚਾਰੇ ਦੇ ਹੋਰ ਖੇਤਰਾਂ ਦੇ ਵਿਕਾਸ 'ਚ ਵੀ ਵੱਡਾ ਯੋਗਦਾਨ ਪਾਉਂਦੀ ਹੈ। ਖੇਤੀ ਖੇਤਰ ਦੀ ਵਿਕਾਸ ਦਰ 2008-12 ਦੌਰਾਨ 1.40 ਫੀਸਦੀ ਸੀ, ਜੋ ਖਿਸਕ ਕੇ 2.20 ਫ਼ੀਸਦੀ ਸਾਲਾਨਾ ਆ ਗਈ, ਜਦਕਿ ਭਾਰਤੀ ਅਰਥਚਾਰਾ 8 ਫ਼ੀਸਦੀ ਸਾਲਾਨਾ ਦੀ ਦਰ ਨਾਲ ਵਿਕਾਸ ਕਰ ਰਿਹਾ ਹੈ। ਇਸ ਤਰ੍ਹਾਂ ਖੇਤੀ ਖੇਤਰ ਦੂਸਰੇ ਖੇਤਰਾਂ ਨਾਲੋਂ ਕਾਫੀ ਪਿੱਛੇ ਹੈ। ਇਸ ਦੇ ਬਾਵਜੂਦ ਮੌਜੂਦਾ ਬਜਟ 'ਚ ਖੇਤੀ ਖੇਤਰ ਨੂੰ ਬਣਦੀ ਤਰਜੀਹ ਨਹੀਂ ਦਿੱਤੀ ਗਈ।

ਏ-2 ਅਤੇ ਸੀ-2 ਲਾਗਤਾਂ

ਦੇਸ਼ 'ਚ ਅਨਾਜ ਦੀ ਘਾਟ ਪੂਰੀ ਕਰਨ ਲਈ ਕੇਂਦਰ ਸਰਕਾਰ ਨੇ 1965-66 'ਚ ਕਣਕ ਤੇ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਸਰਕਾਰੀ ਖ਼ਰੀਦ ਸ਼ੁਰੂ ਕੀਤੀ। ਫ਼ਸਲਾਂ ਦੀਆਂ ਕੀਮਤਾਂ ਨਿਸ਼ਚਤ ਕਰਨ ਲਈ ਦੋ ਧਾਰਨਾਵਾਂ ਏ-2 ਤੇ ਸੀ-2 ਲਾਗਤ ਦੀ ਵਰਤੋਂ ਕੀਤੀ ਜਾਂਦੀ ਹੈ। ਲਾਗਤ ਏ-2 'ਚ ਕਿਸਾਨਾਂ ਦੁਆਰਾ ਨਕਦ ਭੁਗਤਾਨ ਕੀਤੇ ਗਏ ਖ਼ਰਚੇ ਜਾਂ ਉਤਪਾਦਨ ਲਾਗਤ ਜਿਵੇਂ ਬੀਜ, ਖਾਦ ਕੀਟਨਾਸ਼ਕ, ਲੇਬਰ, ਸਿੰਚਾਈ ਕੀਮਤ, ਰੱਖ-ਰਖਾਓ ਦੀ ਕੀਮਤ ਸ਼ਾਮਿਲ ਹੁੰਦੀ ਹੈ। ਇਸ ਤੋਂ ਇਲਾਵਾ ਇਸ 'ਚ ਜ਼ਮੀਨ ਦਾ ਠੇਕਾ, ਸੰਦਾਂ ਦੀ ਟੁੱਟ-ਭੱਜ, ਵਿਆਜ ਤੇ ਆਪਣੇ ਬੀਜ ਦੀ ਕੀਮਤ, ਆਪਣੀ ਰੂੜੀ ਤੇ ਆਪਣੀ ਮਸ਼ੀਨੀ ਲੇਬਰ ਵੀ ਸ਼ਾਮਿਲ ਹੈ। ਸੀ-2 ਲਾਗਤ 'ਚ ਏ-2 ਲਾਗਤ ਵਾਲੀਆਂ ਸਾਰੀਆਂ ਲਾਗਤਾਂ ਸ਼ਾਮਿਲ ਹੁੰਦੀਆਂ ਹੀ ਹਨ, ਸਗੋਂ ਇਸ 'ਚ ਪਰਿਵਾਰ ਦੀ ਲੇਬਰ, ਸਥਿਰ ਪੂੰਜੀ ਉੱਪਰ ਵਿਆਜ਼ ਤੇ ਆਪਣੀ ਜ਼ਮੀਨ ਦਾ ਠੇਕਾ ਵੀ ਸ਼ਾਮਿਲ ਕੀਤਾ ਜਾਂਦਾ ਹੈ।

ਸਿਫ਼ਾਰਸ਼ਾਂ ਦਰਕਿਨਾਰ

ਡਾ. ਐੱਮਐੱਸ ਸਵਾਮੀਨਾਥਨ ਕਮੇਟੀ ਨੇ ਕੇਂਦਰ ਸਰਕਾਰ ਨੂੰ 2008 'ਚ ਸੌਂਪੀ ਰਿਪੋਰਟ 'ਚ ਸਿਫ਼ਾਰਸ਼ ਕੀਤੀ ਸੀ ਕਿ ਘੱਟੋ-ਘੱਟ ਸਮਰਥਨ ਮੁੱਲ ਨੂੰ ਸੀ-2 ਲਾਗਤ ਉੱਪਰ 50 ਫ਼ੀਸਦੀ ਮੁਨਾਫ਼ੇ ਦੇ ਆਧਾਰ 'ਤੇ ਤੈਅ ਕੀਤਾ ਜਾਵੇ। ਕੇਂਦਰ ਸਰਕਾਰ ਵੱਲੋਂ ਇਹ ਸਿਫ਼ਾਰਸ਼ ਮੰਨੀ ਨਹੀਂ ਗਈ ਬਲਕਿ ਕੇਂਦਰ ਨੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦੇ ਇਸ ਫਾਰਮੂਲੇ ਵਿਰੁੱਧ ਸੁਪਰੀਮ ਕੋਰਟ 'ਚ ਲਿਖਤੀ ਬਿਆਨ ਦੇ ਦਿੱਤਾ। ਭਾਵੇਂ ਵਿੱਤ ਮੰਤਰੀ ਵੱਲੋਂ ਬਜਟ ਭਾਸ਼ਣ 'ਚ ਘੱਟੋ-ਘੱਟ ਸਮਰਥਨ ਮੁੱਲ ਨੂੰ ਉਤਪਾਦਨ ਲਾਗਤ 'ਚ 50 ਫ਼ੀਸਦੀ ਮੁਨਾਫ਼ਾ ਜੋੜ ਕੇ ਤੈਅ ਕਰਨ ਬਾਰੇ ਕਿਹਾ ਹੈ ਪਰ ਇਹ ਕਿਸ ਧਾਰਨਾਂ 'ਤੇ ਨਿਸ਼ਚਤ ਕਰਨਾ ਹੈ, ਇਸ ਸਬੰਧੀ ਬਜਟ ਚੁੱਪ ਹੈ। ਬਜਟ 'ਚ ਕਿਹਾ ਗਿਆ ਕਿ ਹਾੜ੍ਹੀ 2017-18 ਦੀਆਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਉਤਪਾਦਨ ਲਾਗਤ ਉੱਪਰ 50 ਫ਼ੀਸਦੀ ਮੁਨਾਫ਼ਾ ਜੋੜ ਕੇ ਤੈਅ ਕੀਤਾ ਗਿਆ ਹੈ। ਇਸ ਤੋਂ ਇੰਜ ਜਾਪਦਾ ਹੈ ਕਿ ਕੇਂਦਰ ਸਰਕਾਰ ਸੀ-2 ਲਾਗਤ ਤੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦੀ ਥਾਂ ਕਿਸੇ ਹੋਰ ਪਰਿਭਾਸ਼ਾ 'ਤੇ ਕੰਮ ਕਰ ਰਹੀ ਹੈ। ਹਾਲਾਂਕਿ ਕਿਸਾਨੀ ਸੰਕਟ ਨਾਲ ਨਜਿੱਠਣ ਤੇ ਉਨਾਂ ਦੇ ਗੁਜ਼ਾਰੇਯੋਗ ਜੀਵਨ ਪੱਧਰ ਲਈ ਮੁਨਾਫ਼ੇ ਵਾਲੀ ਕੀਮਤ ਹੋਣੀ ਚਾਹੀਦੀ ਹੈ।

24 ਦੀ ਥਾਂ ਛੇ ਫ਼ਸਲਾਂ ਦੀ ਖ਼ਰੀਦ

ਡਾ. ਰਮੇਸ਼ ਚੰਦ ਕਮੇਟੀ ਨੇ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕਰਨ ਲਈ ਕਿਸਾਨ ਪਰਿਵਾਰ ਦੇ ਮੁਖੀ ਨੂੰ ਸਿੱਖਿਅਤ ਕਾਮਾ ਮੰਨਣ, ਵਿਆਜ ਅੱਧੇ ਦੀ ਥਾਂ ਸਾਰੇ ਸੀਜ਼ਨ ਲਈ ਨਿਸਚਤ ਕਰਨ ਤੇ ਜ਼ਮੀਨ ਦਾ ਠੇਕਾ ਇਕ-ਤਿਹਾਈ ਦੀ ਥਾਂ ਪੂਰਾ ਪਾਉਣ ਦੀ ਸਿਫ਼ਾਰਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਫ਼ਸਲਾਂ ਦੇ ਮੰਡੀਕਰਨ, ਛੋ-ਛੋਆਈ, ਸਫ਼ਾਈ, ਗਰੇਡਿੰਗ ਤੇ ਪੈਕੇਜਿੰਗ ਦੇ ਖ਼ਰਚੇ ਵੀ ਸਮਰਥਨ ਮੁੱਲ 'ਚ ਜੁੜਨੇ ਚਾਹੀਦੇ ਹਨ। ਖੇਤੀ ਸੰਕਟ ਨਾਲ ਨਜਿੱਠਣ ਲਈ ਘੱਟੋ-ਘੱਟ ਸਮਰਥਨ ਮੁੱਲ ਸੀ-2 ਲਾਗਤਾਂ 'ਤੇ ਡਾ. ਰਮੇਸ਼ ਚੰਦ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਤੈਅ ਕਰਨਾ ਚਾਹੀਦਾ ਹੈ। ਗੰਨੇ ਸਮੇਤ 24 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਐਲਾਨ ਕੀਤਾ ਜਾਂਦਾ ਹੈ ਪਰ ਕਣਕ, ਝੋਨੇ ਸਮੇਤ ਸਿਰਫ਼ ਛੇ ਫ਼ਸਲਾਂ ਦੀ ਹੀ ਖ਼ਰੀਦ ਕੀਤੀ ਜਾਂਦੀ ਹੈ। ਇਸ ਬਜਟ ਵਿਚ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦੀ ਗੱਲ ਤਾਂ ਕਹੀ ਗਈ ਪਰ ਇਸ ਦੀ ਖ਼ਰੀਦ ਬਾਰੇ ਬਜਟ ਚੁੱਪ ਹੈ। ਜੇ ਕੁਝ ਫ਼ਸਲਾਂ ਖ਼ਰੀਦਣ ਦਾ ਮੌਜੂਦਾ ਸਿਸਟਮ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਉਤਰ-ਪੱਛਮੀ ਖੇਤਰਾਂ 'ਚ ਫ਼ਸਲੀ ਵਿਭਿੰਨਤਾ ਨੂੰ ਵੱਡੀ ਠੇਸ ਲਗੇਗੀ।

ਖੋਜ ਕਾਰਜਾਂ ਲਈ ਫੰਡਾਂ ਦੀ ਘਾਟ

ਖੇਤੀਬਾੜੀ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੀ ਹੈ ਪਰ ਬਜਟ ਵਿਚ ਖੋਜ ਤੇ ਵਿਕਾਸ ਨੂੰ ਬਹੁਤ ਘੱਟ ਤਵੱਜੋ ਦਿੱਤੀ ਗਈ। 2017-18 ਵਿਚ ਭਾਰਤੀ ਖੇਤੀ ਖੋਜ ਕੌਂਸਲ ਨੂੰ ਬਜਟ ਵਿੱਚੋਂ 6,992 ਕਰੋੜ ਰੁਪਏ ਮਿਲੇ ਸਨ, ਜਿਹੜੇ ਇਸ ਬਜਟ 'ਚ ਵਧ ਕੇ 7,800 ਕਰੋੜ ਰੁਪਏ ਹੋਏ ਹਨ। ਇਹ ਨਿਗੂਣਾ ਵਾਧਾ ਖੇਤੀ ਖੋਜ ਨੂੰ ਵਧਾਉਣ ਲਈ ਕਾਫੀ ਨਹੀ। ਭਾਰਤੀ ਖੇਤੀ ਖੋਜ ਕੌਂਸਲ ਕਈ ਸਾਲਾਂ ਤੋਂ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰਾਜੈਕਟ, ਜਿਸ ਨੇ ਦੇਸ਼ 'ਚ ਖੇਤੀ ਖੋਜ ਪ੍ਰਣਾਲੀ ਨੂੰ ਪੱਕੇ ਪੈਰੀਂ ਕੀਤਾ ਹੈ, ਅਧੀਨ ਆਉਂਦੀਆਂ ਸੂਬਾਈ ਖੇਤੀ ਯੂਨੀਵਰਸਿਟੀਆਂ ਦੀਆਂ ਪੋਸਟਾਂ ਨੂੰ ਵੱਡੀ ਗਿਣਤੀ 'ਚ ਖ਼ਤਮ ਕੀਤਾ ਜਾ ਰਿਹਾ ਹੈ। ਇਸ ਦੇ ਅਧੀਨ ਹੀ ਭਾਰਤੀ ਖੇਤੀ ਖੋਜ ਕੌਂਸਲ ਨੇ ਖੋਜ ਫੰਡਾਂ 'ਚ ਕਟੌਤੀ ਕਰ ਕੇ ਪੀਏਯੂ ਲੁਧਿਆਣਾ ਦੀਆਂ 2014-15 ਤੋਂ ਬਾਅਦ 100 ਤੋਂ ਵੱਧ ਅਸਾਮੀਆਂ ਖ਼ਤਮ ਕਰ ਦਿੱਤੀਆਂ। ਜੇ ਇਹ ਹਾਲਾਤ ਖੇਤੀਬਾੜੀ ਯੂਨੀਵਰਸਿਟੀਆਂ 'ਚੋਂ ਅੱਵਲ ਦਰਜਾ ਪ੍ਰਾਪਤ ਯੂਨੀਵਰਸਿਟੀ ਪੀਏਯੂ ਦੀ ਹੈ ਤਾਂ ਭਾਰਤ ਵਿਚ ਖੇਤੀ ਖੋਜ ਪ੍ਰਣਾਲੀ ਦੀ ਹਾਲਤ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਛੋਟੇ ਕਿਸਾਨਾਂ ਲਈ ਸਹੂਲਤਾਂ ਦੀ ਘਾਟ

ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਲਈ ਕੋਈ ਸੰਜੀਵਨੀ ਬੂਟੀ ਨਹੀਂ ਹੈ ਕਿਉਂਕਿ ਪੰਜਾਬ 'ਚ 34 ਤੇ ਦੇਸ਼ 'ਚ 85 ਫ਼ੀਸਦੀ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਇਸ ਲਈ ਉਨ੍ਹਾਂ ਨੂੰ ਬੀਜ, ਖਾਦਾਂ, ਸਪਰੇਅ ਤੇ ਮਸ਼ੀਨਰੀ ਉੱਪਰ ਸਬਸਿਡੀ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਚ ਸਮਾਂਬੱਧ ਵਾਧਾ ਕਰਦੇ ਹੋਏ ਸਾਰਾ ਸਾਲ ਖ਼ਰੀਦ ਹੋਣੀ ਚਾਹੀਦੀ ਹੈ ਤਾਂ ਕਿ ਕਟਾਈ ਸਮੇਂ ਫ਼ਸਲ ਉਤਪਾਦਨ ਦੀ ਭਰਮਾਰ ਨੂੰ ਰੋਕਿਆ ਜਾ ਸਕੇ। ਖ਼ਰੀਦ ਏਜੰਸੀਆਂ ਦੀ ਭੂਮਿਕਾ ਸੁਖਾਲੀ ਹੋ ਸਕੇ ਤੇ ਭੰਡਾਰਨ ਦੌਰਾਨ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕੇ। ਬਜਟ 'ਚ ਇਨ੍ਹਾਂ ਪੱਖਾਂ ਨੂੰ ਅਣਗੌਲਿਆ ਗਿਆ ਹੈ।

ਕੇਂਦਰ ਸਰਕਾਰ ਨੂੰ ਭਾਰਤੀ ਖੇਤੀ ਖੋਜ ਕੌਂਸਲ ਨੂੰ ਵਧੇਰੇ ਫੰਡ ਮਹੱਈਆ ਕਰਵਾਉਣੇ ਚਾਹੀਦੇ ਸਨ, ਤਾਂ ਕਿ ਖੇਤੀ ਯੂਨੀਵਰਸਿਟੀਆਂ 'ਚ ਖ਼ਤਮ ਕੀਤੀਆਂ ਪੋਸਟਾਂ ਬਹਾਲ ਹੋ ਸਕਣ ਤੇ ਖੇਤੀ ਖੋਜ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਜਲਵਾਯੂ ਤਬਦੀਲੀਆਂ ਕਾਰਨ ਸਮੁੱਚੀ ਖੋਜ ਦਾ ਮੁਹਾਣ ਬਦਲਣ ਤੇ ਖੋਜ ਨੂੰ ਬਹੁ-ਦਿਸ਼ਾਵੀ ਬਣਾਉਣ ਦੀ ਲੋੜ ਹੈ। ਬਜਟ 'ਚ ਇਸ ਲਈ ਕਾਫ਼ੀ ਫੰਡ ਰੱਖੇ ਜਾਣੇ ਚਾਹੀਦੇ ਸਨ ਤਾਂ ਕਿ ਖੇਤੀ ਖੋਜ ਜਲਵਾਯੂ ਤਬਦੀਲੀਆਂ ਕਾਰਨ ਪੈਦਾ ਹੋ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਕਾਬਲ ਹੋ ਸਕੇ।

ਖੇਤੀ ਕਰਜ਼ਾਂ ਵੀ ਅਣਗੌਲਿਆ

ਅੱਜ ਪੰਜਾਬ ਬੇਹੱਦ ਨਾਜ਼ੁਕ ਮੋੜ 'ਤੇ ਖੜ੍ਹਾ ਹੈ। 2.08 ਲੱਖ ਕਰੋੜ ਰੁਪਏ ਦੇ ਭਾਰੀ ਕਰਜ਼ ਨੇ ਪੰਜਾਬ ਨੂੰ ਵਿੱਤੀ ਸੰਕਟ ਵੱਲ ਧੱਕ ਦਿੱਤਾ ਹੈ। ਖੇਤੀ 'ਤੇ ਨਿਰਭਰ ਪਰਿਵਾਰ ਕਠਿਨਾਈ 'ਚ ਹਨ। ਡੇਢ ਦਹਾਕੇ ਦੌਰਾਨ ਪੰਜਾਬ 'ਚ 16,606 (ਦੇਸ਼ 'ਚ 3 ਲੱਖ ਤੋਂ ਉੱਪਰ) ਕਿਸਾਨ ਤੇ ਖੇਤ ਮਜ਼ਦੂਰ ਆਤਮ ਹੱਤਿਆ ਕਰ ਚੁੱਕੇ ਹਨ। ਬਜਟ 'ਚ ਕਰਜ਼ਾ ਮਾਫ਼ੀ ਤੇ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੀ ਕੋਈ ਮਦਦ ਨਹੀਂ ਕੀਤੀ ਗਈ। ਖੇਤ ਮਜ਼ਦੂਰਾਂ ਨੂੰ ਵੀ ਅੱਖੋਂ ਪਰੋਖੇ ਕੀਤਾ ਗਿਆ ਹੈ। ਸੰਸਥਾਗਤ ਕਰਜ਼ੇ ਦੀ ਹੱਦ 10 ਲੱਖ ਕਰੋੜ ਤੋਂ ਵਧਾ ਕੇ 11 ਲੱਖ ਕਰੋੜ ਰੁਪਏ ਕਰ ਦਿੱਤੀ ਗਈ ਪਰ ਵਿਆਜ ਦਰ ਨਹੀਂ ਘਟਾਈ ਗਈ, ਜੋ ਕਿਸਾਨਾਂ ਵੱਲੋਂ ਗ਼ੈਰ-ਸੰਸਥਾਗਤ ਵਸੀਲਿਆਂ ਤੋਂ ਕਰਜ਼ ਲੈਣ ਨੂੰ ਠੱਲ੍ਹ ਪਾਉਣ ਵਾਸਤੇ ਜ਼ਰੂਰੀ ਸੀ। ਪੰਜਾਬ ਦੀ ਖੇਤੀ ਉਤਪਾਦਕਤਾ ਸਾਰੇ ਸੂਬਿਆਂ ਨਾਲੋਂ ਵੱਧ ਹੈ। ਮੌਜੂਦਾ ਹਾਲਾਤ 'ਚ ਇੱਥੇ ਖੇਤੀ ਆਮਦਨ 'ਚ ਵਾਧਾ ਕਰਨਾ ਮੁਸ਼ਕਲ ਹੈ। ਇੱਥੇ ਖੇਤੀ ਪਰਿਵਾਰਾਂ ਦੀ ਗ਼ੈਰ-ਖੇਤੀ ਖੇਤਰ ਤੋਂ ਆਮਦਨ ਕੁੱਲ ਆਮਦਨ ਦਾ 9.48 ਫ਼ੀਸਦੀ ਹੈ ਜਦਕਿ ਦੇਸ਼ 'ਚ ਇਹ ਦਰ 47.9 ਫ਼ੀਸਦੀ ਹੈ। ਕਿਸਾਨਾਂ ਦੀ ਆਮਦਨ ਵਧਾਉਣ ਵਾਸਤੇ ਗ਼ੈਰ-ਖੇਤੀ ਰੁਜ਼ਗਾਰ ਪੈਦਾ ਕੀਤਾ ਜਾਣਾ ਚਾਹੀਦਾ ਸੀ ਪ੍ਰੰਤੂ ਇਸ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ।

ਬਜਟ ਚੁਣੌਤੀਆਂ ਨਾਲ ਲੜਨ ਤੋਂ ਅਸਮਰੱਥ

ਪੰਜਾਬ ਨੂੰ ਵਿਸ਼ੇਸ਼ ਪੈਕੇਜ ਦਿੱਤਾ ਜਾਣਾ ਚਾਹੀਦਾ ਸੀ। ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦਿੱਤੇ ਜਾਣ ਨਾਲ ਪੰਜਾਬ ਦੀ ਸਨਅਤ ਨੂੰ ਧੱਕਾ ਲੱਗਾ ਹੈ। ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ 'ਚ ਖੇਤੀ ਆਧਾਰਿਤ ਸਨਅਤਾਂ ਲਗਾਉਣਾ ਜ਼ਿਆਦਾ ਫ਼ਾਇਦੇਮੰਦ ਹੈ। ਪੰਜਾਬ 'ਚ ਖੇਤੀ-ਆਧਾਰਿਤ ਸਨਅਤਾਂ ਲਗਾਉਣ ਲਈ ਖ਼ਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਵਿਚ ਜ਼ਰੂਰ ਰਿਆਇਤਾਂ ਮਿਲਣੀਆਂ ਚਾਹੀਦੀਆਂ ਸਨ। ਖੇਤੀ ਉਦਯੋਗ ਵਸਤਾਂ ਦੀ ਬਰਾਮਦ ਲਈ ਜ਼ਮੀਨੀ ਰਸਤੇ ਰਾਹੀਂ ਵਪਾਰ ਵਧਾਉਣ ਲਈ ਵੀ ਬਜਟ 'ਚ ਕੁਝ ਨਹੀਂ ਕੀਤਾ ਗਿਆ। ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਕੇਂਦਰੀ ਬਜਟ ਖੇਤੀ ਤੇ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਹੈ। •

ਸ਼ਹਿਦ ਸਿਹਤ ਵਾਸਤੇ ਗੁਣਕਾਰੀ ਹੈ, ਜਿਸ ਕਾਰਨ ਰੋਜ਼ਾਨਾ ਖ਼ੁਰਾਕ 'ਚ ਮਿੱਠੇ ਦੀ ਪੂਰਤੀ ਲਈ ਇਸ ਦੀ ਵਰਤੋਂ ਵਧੇਰੇ ਹੋਣ ਲੱਗੀ ਹੈ। ਸ਼ਹਿਦ ਨੂੰ ਮਿਆਰੀ ਤੇ ਸਾਫ਼-ਸੁਥਰਾ ਬਣਾਉਣ ਲਈ ਇਸ ਨੂੰ ਪ੍ਰੋਸੈੱਸ ਕੀਤਾ ਜਾਣਾ ਲਾਜ਼ਮੀ ਹੈ...

ਸ਼ਹਿਦ ਦੀ ਪ੍ਰੋਸੈਸਿੰਗ ਸਮੇਂ ਦੀ ਮੁੱਖ ਲੋੜ

• ਗਗਨਜੋਤ ਕੌਰ, ਏ.ਕੇ ਸਿੰਘ
98781-14400

ਭਾਰਤ ਦਾਣਿਆਂ, ਫਲਾਂ, ਸਬਜ਼ੀਆਂ, ਦੁੱਧ ਤੇ ਮੱਛੀ ਦੀ ਪੈਦਾਵਾਰ 'ਚ ਵਿਸ਼ਵ ਦੇ ਪਹਿਲੇ ਪੰਜ ਦੇਸ਼ਾਂ ਵਿਚ ਆਉਂਦਾ ਹੈ। ਬੀਤੇ ਕੁਝ ਸਾਲਾਂ ਤੋਂ ਕਿਸਾਨਾਂ ਨੇ ਸਹਾਇਕ ਧੰਦਿਆਂ ਨੂੰ ਤੇਜ਼ੀ ਨਾਲ ਅਪਣਾਇਆ ਹੈ।

ਸ਼ਹਿਦ ਮੱਖੀ ਪਾਲਣ 'ਚ ਛੋਟੇ ਕਿਸਾਨਾਂ ਦਾ ਰੁਝਾਨ ਵਧੇਰੇ ਹੈ। 70 ਫ਼ੀਸਦੀ ਤੋਂ ਵੱਧ ਸ਼ਹਿਦ ਦੀ ਪ੍ਰਾਪਤੀ ਛੋਟੇ ਤੇ ਵੱਡੇ ਮੱਖੀ ਪਾਲਕਾਂ ਤੋਂ ਹੋ ਰਹੀ ਹੈ। ਐਪਿਸਮੈਲੀਫੇਰਾ ਕਿਸਮ ਦੀ ਮੱਖੀ ਪੰਜਾਬ ਦੇ ਵਾਤਾਵਰਨ ਵਾਸਤੇ ਅਨੁਕੂਲ ਹੈ। ਸ਼ਹਿਦ ਸਿਹਤ ਵਾਸਤੇ ਗੁਣਕਾਰੀ ਹੈ, ਜਿਸ ਕਾਰਨ ਲੋਕ ਅਪਣੀ ਖ਼ੁਰਾਕ 'ਚ ਮਿੱਠੇ ਦੀ ਲੋੜ ਪੂਰੀ ਕਰਨ ਲਈ ਸ਼ੱਕਰ, ਗੁੜ ਤੇ ਸ਼ਹਿਦ ਦੀ ਵਰਤੋਂ ਵਧੇਰੇ ਕਰਨ ਲਗੇ ਹਨ। ਸ਼ਹਿਦ ਨੂੰ ਵਧੀਆ, ਸਾਫ਼-ਸੁਥਰੇ ਤੇ ਸੁਚੱਜੇ ਤਰੀਕੇ ਨਾਲ ਪ੍ਰੋਸੈੱਸ ਕਰਨਾ ਜ਼ਰੂਰੀ ਹੈ।

ਮੋਮ ਉਤਾਰਨਾ (ਅਨਕੈਪਿੰਗ)

ਲੱਕੜ ਦੇ ਬਕਸੇ 'ਚ ਫਰੇਮਾਂ 'ਤੇ ਮੋਮੀ ਸ਼ੀਟਾਂ ਉੱਪਰ ਸੈੱਲ ਬਣਾ ਕੇ ਮੱਖੀ ਸ਼ਹਿਦ ਇੱਕਠਾ ਕਰਦੀ ਹੈ। ਜਦੋਂ ਸੈੱਲ ਸ਼ਹਿਦ ਨਾਲ ਭਰ ਜਾਂਦਾ ਹੈ ਤਾਂ ਮੱਖੀ ਸੈੱਲ ਨੂੰ ਮੋਮ ਨਾਲ ਸੀਲ ਕਰ ਦਿੰਦੀ ਹੈ। ਚਾਕੂ ਨਾਲ ਮੋਮ ਨੂੰ ਉਤਾਰ ਦਿੱਤਾ ਜਾਂਦਾ ਹੈ। ਸ਼ਹਿਦ ਦੀ ਤਰਲਤਾ ਘੱਟ ਹੋਣ ਕਰਕੇ ਸ਼ਹਿਦ ਚਾਕੂ ਨਾਲ ਚਿਪਕਦਾ ਹੈ ਜਿਸ ਕਰਕੇ ਕੰਮ ਦੀ ਗਤੀ 'ਚ ਵਿਘਨ ਪੈਂਦਾ ਹੈ। ਇਸ ਨੂੰ ਸੁਖਾਵਾਂ ਕਰਨ ਲਈ ਪੀਏਯੂ ਦੇ ਵਿਗਿਆਨੀਆਂ ਨੇ ਚਾਕੂ ਦੀ ਧਾਰ ਨੂੰ ਗਰਮ ਕਰਨ ਲਈ ਬਿਜਲੀ ਜਾਂ ਬੈਟਰੀ ਦੀ ਸਹਾਇਤਾ ਨਾਲ ਗਰਮ ਹੋਣ ਵਾਲਾ ਚਾਕੂ ਤਿਆਰ ਕੀਤਾ ਹੈ।

ਗਰਮ ਕਰਨਾ ਤੇ ਨਿਤਾਰਨਾ

ਸ਼ਹਿਦ ਨੂੰ ਸਿੱਧੀ ਅੱਗ 'ਤੇ ਗਰਮ ਨਹੀਂ ਕਰਨਾ ਚਾਹੀਦਾ। ਇਸ ਨਾਲ ਗੁਣਵੱਤਾ ਘਟਦੀ ਹੈ। ਪੀਏਯੂ ਦੇ ਫੂਡ ਪ੍ਰੋਸੈਸਿੰਗ ਤੇ ਇੰਜੀਨਿਅਰਿੰਗ ਵਿਭਾਗ ਵੱਲੋਂ ਸ਼ਹਿਦ ਨੂੰ ਗਰਮ ਕਰਨ ਤੇ ਨਿਤਾਰਨ ਵਾਲੀ ਮਸ਼ੀਨ ਤਿਆਰ ਕੀਤੀ ਗਈ ਹੈ। ਇਸ ਵਿਚ ਸ਼ਹਿਦ ਨੂੰ 40 ਮਿੰਟ ਗਰਮ ਕਰਨ ਨਾਲ ਸ਼ਹਿਦ ਦੀ ਗੁਣਵੱਤਾ ਤੇ ਤਰਲਤਾ 'ਚ ਵਾਧਾ ਹੁੰਦਾ ਹੈ। ਤਰਲਤਾ ਵਧਣ ਨਾਲ ਸ਼ਹਿਦ ਨੂੰ ਨਿਤਾਰਨਾ ਸੌਖਾ ਹੋ ਜਾਂਦਾ ਹੈ।

ਐਕਸਟ੍ਰੈਕਸ਼ਨ

ਸ਼ੀਟਾਂ ਤੋਂ ਮੋਮ ਉਤਾਰਨ ਤੋਂ ਬਾਅਦ ਇਹ ਫਰੇਮ ਐਕਸਟ੍ਰੈਕਟਰ 'ਚ ਘੁਮਾਏ ਜਾਂਦੇ ਹਨ। ਇਸ ਰਾਹੀ ਸੈੱਲਾਂ 'ਚ ਪਿਆ ਸ਼ਹਿਦ ਬਾਹਰ ਆ ਜਾਂਦਾ ਹੈ। ਮਾਰਕੀਟ 'ਚ ਹੱਥ ਨਾਲ ਚਲਾਉਣ ਵਾਲਾ ਤੇ ਮੋਟਰ ਨਾਲ ਚੱਲਣ ਵਾਲੇ ਐਕਸਟ੍ਰੈਕਟਰ ਉਪਲਬਧ ਹਨ। ਇਸ 'ਚ ਫਰੇਮਾਂ ਦੀ ਗਿਣਤੀ 2 ਤੋਂ 120 ਤਕ ਹੋ ਸਕਦੀ ਹੈ। ਛੋਟੇ ਕਿਸਾਨਾਂ ਦੀ ਲੋੜ 4-10 ਫਰੇਮਾਂ ਵਾਲੇ ਐਕਸਟ੍ਰੈਕਟਰ ਰਾਹੀਂ ਪੂਰੀ ਹੋ ਸਕਦੀ ਹੈ।

ਪੈਕਿੰਗ

ਆਕਰਸ਼ਕ ਪੈਕਿੰਗ ਮੰਡੀਕਰਨ ਦਾ ਅਨਿੱਖੜਵਾਂ ਅੰਗ ਹੈ। ਪੈਕਿੰਗ ਮੈਟੀਰਿਅਲ ਟਿਕਾਊ, ਕਿਫ਼ਾਇਤੀ, ਭੋਜਨ ਭੰਡਾਰਨ ਵਾਸਤੇ ਸੁਰੱਖਿਅਤ ਤੇ ਮਿਲਾਵਟ ਨੂੰ ਰੋਕਣ ਵਾਲਾ ਹੋਣਾ

ਚਾਹੀਦਾ ਹੈ। ਵੱਖ-ਵੱਖ ਆਕਾਰ ਤੇ ਮਾਪ ਦੀਆਂ ਬੋਤਲਾਂ 'ਚ ਸ਼ਹਿਦ ਪਾ ਕੇ ਇਸ 'ਤੇ ਲੇਬਲ ਲਗਾਉਣਾ ਵੀ ਜ਼ਰੂਰੀ ਹੈ। ਲੇਬਲ ਦੀ ਮਹੱਤਤਾ ਦਿਨੋਂ ਦਿਨ ਵੱਧ ਰਹੀ ਹੈ। ਇਸ ਰਾਹੀਂ ਗਾਹਕ ਨੂੰ ਖਾਣ ਵਾਲੇ ਪਦਾਰਥ ਦੀ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਲੇਬਲ ਉੱਪਰ ਕੰਪਨੀ ਦਾ ਨਾਂ, ਪਤਾ, ਡੱਬਾ ਬੰਦ ਕਰਨ ਦੀ ਤਰੀਕ, ਇਸ 'ਚ ਪਾਏ ਜਾਣ ਵਾਲੇ ਪਦਾਰਥ, ਉਨ੍ਹਾਂ ਦੀ ਮਾਤਰਾ, ਰਜਿਸਟ੍ਰੇਸ਼ਨ, ਕੁਆਲਿਟੀ ਪ੍ਰਮਾਣ, ਭਾਰ, ਰੇਟ ਆਦਿ ਦਰਜ ਹੁੰਦਾ ਹੈ। ਲੇਬਲ ਤੇ ਦਿੱਤੀ ਜਾਣਕਾਰੀ ਦੁਆਰਾ ਕੋਈ ਵੀ ਖਪਤਕਾਰ ਉਤਪਾਦਕ ਨਾਲ ਸੰਪਰਕ ਕਰ ਸਕਦਾ ਹੈ।

ਸ਼ਹਿਦ ਦੀ ਪ੍ਰੋਸੈਸਿੰਗ ਇਕ ਲਾਹੇਵੰਦ ਧੰਦਾ ਹੈ। ਕਿਸਾਨ ਸ਼ਹਿਦ ਮੱਖੀਆਂ ਦੀ ਸਾਂਭ ਸੰਭਾਲ ਤੇ ਪ੍ਰੋਸੈਸਿੰਗ ਨੂੰ ਅਪਣਾ ਕੇ ਮੁਨਾਫ਼ੇ 'ਚ ਵਾਧਾ ਕਰ ਸਕਦੇ ਹਨ। •

ਬਸੰਤ ਰੁੱਤ ਦੇ ਕਮਾਦ ਦੀ ਕਾਸ਼ਤ

• ਰਾਜਿੰਦਰਪਾਲ, ਓਂਕਾਰ ਸਿੰਘ

ਕਮਾਦ ਇਕ ਮਹੱਤਵਪੂਰਨ ਵਪਾਰਕ ਫ਼ਸਲ ਹੈ, ਜਿਸ ਦੀ ਕਾਸ਼ਤ ਵੱਖ-ਵੱਖ ਮੌਸਮਾਂ 'ਚ ਕੀਤੀ ਜਾ ਸਕਦੀ ਹੈ। ਪੰਜਾਬ 'ਚ 2016-17 ਵਿਚ 92 ਹਜ਼ਾਰ ਹੈਕਟੇਅਰ ਰਕਬੇ 'ਚ ਕਮਾਦ ਦੀ ਕਾਸ਼ਤ ਕੀਤੀ ਗਈ। ਪੰਜਾਬ 'ਚ ਇਸ ਦੀ ਕਾਸ਼ਤ ਪੱਤਝੜ ਤੇ ਬਹਾਰ ਰੁੱਤ ਦੌਰਾਨ ਕੀਤੀ ਜਾਂਦੀ ਹੈ। ਪੱਤਝੜ ਦੀ ਫ਼ਸਲ ਦਾ ਸਮਾਂ ਵੱਧ ਹੋਣ ਕਾਰਨ ਇਸ ਦਾ ਝਾੜ ਬਹਾਰ ਰੁੱਤ ਦੀ ਫ਼ਸਲ ਨਾਲੋਂ 15-20 ਫ਼ੀਸਦੀ ਵੱਧ ਮਿਲਦਾ ਹੈ ਤੇ ਇਸ 'ਚ ਖੰਡ ਦੀ ਮਾਤਰਾ ਵੀ ਵੱਧ ਹੁੰਦੀ ਹੈ। ਪੱਤਝੜ ਦੀ ਫ਼ਸਲ ਦਾ ਵਾਧਾ ਨਵੰਬਰ ਤੋਂ ਫਰਵਰੀ ਤਕ ਹੌਲੀ ਹੋਣ ਕਾਰਨ ਇਸ ਵਿਚ ਅੰਤਰ-ਫਸਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਬਹਾਰ ਰੁੱਤ ਦੀ ਫ਼ਸਲ ਦੀ ਬਿਜਾਈ ਅੱਧ ਫਰਵਰੀ ਤੋਂ ਸ਼ੁਰੂ ਕੀਤੀ ਜਾਂਦੀ ਹੈ।

ਕਮਾਦ ਦੀ ਵੱਧ ਪੈਦਾਵਾਰ ਲਈ ਉੱਤਮ ਖੇਤੀ ਤਕਨੀਕਾਂ ਤੇ ਉੱਤਮ ਕਿਸਮਾਂ ਨੂੰ ਅਪਨਾਉਣਾ ਬੇਹੱਦ ਜ਼ਰੂਰੀ ਹੈ। ਕਿਸਮਾਂ ਦੇ ਪੱਕਣ ਦੇ ਸਮੇਂ ਅਨੁਸਾਰ ਕਿਸਮਾਂ ਦੀ ਵੰਡ ਅਗੇਤੀਆਂ ਤੇ ਦਰਮਿਆਨੀਆਂ-ਪਛੇਤੀਆਂ ਵਜੋਂ ਕੀਤੀ ਜਾਂਦੀ ਹੈ। ਅਗੇਤੀਆਂ ਕਿਸਮਾਂ ਨਵੰਬਰ ਤੋਂ ਦਸੰਬਰ ਦਰਮਿਆਨ ਪੱਕਦੀਆਂ ਹਨ ਜੋ 8-10 ਮਹੀਨੇ ਦਾ ਸਮਾਂ ਲੈਂਦੀਆਂ ਹਨ, ਪ੍ਰੰਤੂ ਦਰਮਿਆਨੀਆਂ-ਪਛੇਤੀਆਂ ਕਿਸਮਾਂ ਜਨਵਰੀ ਤੋਂ ਮਾਰਚ ਦਰਮਿਆਨ ਪੱਕਦੀਆਂ ਹਨ, ਜੋ ਕਿ ਪੱਕਣ ਲਈ 10-12 ਮਹੀਨੇ ਦਾ ਸਮਾਂ ਲੈਂਦੀਆਂ ਹਨ।

ਅਗੇਤੀਆਂ ਕਿਸਮਾਂ

ਸੀਓਪੀਬੀ-92 : ਇਸ ਕਿਸਮ ਦੇ ਗੰਨੇ ਲੰਬੇ, ਦਰਮਿਆਨੇ ਮੋਟੇ ਤੇ ਜਾਮਣੀ ਰੰਗ ਦੀ ਭਾਅ ਮਾਰਦੇ ਹਨ। ਇਸ ਦਾ ਮੋਢਾ ਵਧੀਆ ਹੁੰਦਾ ਹੈ। ਇਹ ਕਿਸਮ ਰੱਤਾ ਰੋਗ ਅਤੇ ਕੋਹਰੇ ਪ੍ਰਤੀ ਸਹਿਣਸ਼ੀਲ ਹੈ। ਇਸ ਦਾ ਔਸਤ ਝਾੜ 335 ਕੁਇੰਟਲ ਪ੍ਰਤੀ ਏਕੜ ਹੈ।

ਸੀਓ-118 : ਇਸ ਕਿਸਮ ਦੇ ਗੰਨੇ ਮੋਟੇ ਤੇ ਗੂੜ੍ਹੇ ਜਾਮਣੀ ਹਰੇ ਰੰਗ ਦੇ ਹੁੰਦੇ ਹਨ। ਇਹ ਕਿਸਮ ਰੱਤਾ ਰੋਗ ਪ੍ਰਤੀ ਸਹਿਣਸ਼ੀਲ ਹੈ ਤੇ ਔਸਤ ਝਾੜ 320 ਕੁਇੰਟਲ ਪ੍ਰਤੀ ਏਕੜ ਹੈ।

ਸੀਓਜੇ-85 : ਇਸ ਕਿਸਮ ਦੇ ਗੰਨੇ ਮੋਟੇ, ਹਰੇ ਰੰਗ ਦੇ ਹੁੰਦੇ ਹਨ। ਇਹ ਕਿਸਮ ਘੱਟ ਤਾਪਮਾਨ ਤੇ ਰੱਤਾ ਰੋਗ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਸ ਕਿਸਮ ਦੇ ਗੰਨੇ ਮੋਟੇ ਤੇ ਭਾਰੇ ਹੋਣ ਕਾਰਨ ਡਿੱਗ ਜਾਂਦੇ ਹਨ, ਜਿਸ ਕਰਕੇ ਇਸ ਦੀ ਸਮੇਂ ਸਿਰ ਬੰਨ੍ਹਾਈ ਦਾ ਖ਼ਾਸ ਖ਼ਿਆਲ ਰੱਖਣਾ ਜ਼ਰੂਰੀ ਹੈ। ਔਸਤਨ ਝਾੜ 305 ਕੁਇੰਟਲ ਪ੍ਰਤੀ ਏਕੜ ਹੈ।

ਸੀਓਜੇ-64 : ਇਹ ਕਿਸਮ ਜ਼ਿਆਦਾ ਬੂਝਾ ਮਾਰਦੀ ਹੈ। ਇਸ ਕਿਸਮ ਦੇ ਗੰਨੇ ਦਰਮਿਆਨੇ ਮੋਟੇ, ਹਰੇ ਪੀਲੇ ਰੰਗ ਦਾ ਭਾਅ ਮਾਰਦੇ ਹਨ। ਇਸ ਕਿਸਮ 'ਤੇ ਰੱਤਾ ਰੋਗ ਤੇ ਗੜੂੰਏਂ ਦਾ ਜ਼ਿਆਦਾ ਹਮਲਾ ਹੁੰਦਾ ਹੈ ਪ੍ਰੰਤੂ ਇਸ ਦਾ ਗੁੜ ਮਿਆਰੀ ਹੁੰਦਾ ਹੈ। ਔਸਤ ਝਾੜ 300 ਕੁਇੰਟਲ ਪ੍ਰਤੀ ਏਕੜ ਹੈ।

ਦਰਮਿਆਨੀਆਂ-ਪਛੇਤੀਆਂ ਕਿਸਮਾਂ

ਸੀਓਪੀਬੀ-93 : ਇਸ ਕਿਸਮ ਦੇ ਗੰਨੇ ਮੋਟੇ, ਲੰਬੇ ਤੇ ਪੀਲੀ ਭਾਅ ਮਾਰਦੇ ਹਨ। ਇਹ ਕਿਸਮ ਮੂਢੇ ਲਈ ਵਧੀਆ ਤੇ ਰੱਤਾ ਰੋਗ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਸ ਦਾ ਔਸਤ ਝਾੜ 390 ਕੁਇੰਟਲ ਪ੍ਰਤੀ ਏਕੜ ਹੈ।

ਸੀਓਪੀਬੀ-94 : ਇਹ ਕਿਸਮ ਕੱਦ ਵਿਚ ਲੰਬੀ ਅਤੇ ਇਸ ਦੇ ਗੰਨੇ ਮੋਟੇ, ਗੋਲ ਤੇ ਪੀਲੇ ਹਰੇ ਰੰਗ ਦੀ ਭਾਅ ਮਾਰਦੇ ਹਨ। ਇਹ ਕਿਸਮ ਰੱਤਾ ਰੋਗ ਤੇ ਕਾਂਗਿਆਰੀ ਰੋਗ ਪ੍ਰਤੀ ਸਹਿਣਸ਼ੀਲ ਹੈ। ਇਸ ਦਾ ਝਾੜ 400 ਕੁਇੰਟਲ ਪ੍ਰਤੀ ਏਕੜ ਹੈ।

ਸੀਓ-238 : ਇਹ ਲੰਬੇ ਕੱਦ, ਦਰਮਿਆਨੇ ਮੋਟੇ ਤੇ ਪੀਲੇ ਰੰਗ ਦੇ ਗੰਨਿਆਂ ਵਾਲੀ ਕਿਸਮ ਹੈ। ਇਸ ਕਿਸਮ 'ਤੇ ਆਗ ਦੇ ਗੜੂੰਏਂ ਦਾ ਹਮਲਾ ਜ਼ਿਆਦਾ ਹੁੰਦਾ ਹੈ ਪ੍ਰੰਤੂ ਇਹ ਰੱਤਾ ਰੋਗ ਦਾ ਟਾਕਰਾ ਕਰਨ ਦੇ ਸਮਰੱਥ ਹੈ। ਔਸਤ ਝਾੜ 365 ਕੁਇੰਟਲ ਪ੍ਰਤੀ ਏਕੜ ਹੈ ਤੇ ਮੋਢਾ ਰੱਖਣ ਲਈ ਵੀ ਢੁੱਕਵੀਂ ਹੈ।

ਸੀਓਪੀਬੀ-91 : ਇਹ ਕਿਸਮ ਕੱਦ 'ਚ ਲੰਬੀ, ਗੰਨੇ ਮੋਟੇ ਤੇ ਹਰੇ ਰੰਗ ਦੇ ਹੁੰਦੇ ਹਨ। ਇਸ ਕਿਸਮ ਕੋਰ੍ਹੇ ਤੇ ਰੱਤਾ ਰੋਗ ਪ੍ਰਤੀ ਸਹਿਣਸ਼ੀਲ ਹੈ। ਔਸਤ ਝਾੜ 410 ਕੁਇੰਟਲ ਪ੍ਰਤੀ ਏਕੜ ਹੈ।

ਸੀਓਜੇ-88 : ਇਹ ਕਿਸਮ ਆਮ ਹਾਲਾਤ ਤੇ ਲੂਣੇ ਪਾਣੀ ਵਾਲੀਆਂ ਜ਼ਮੀਨਾਂ ਲਈ ਵੀ ਢੁੱਕਵੀਂ ਹੈ। ਇਸ ਦਾ ਮੂਢਾ ਵਧੀਆ ਹੁੰਦਾ ਹੈ। ਇਹ ਰੱਤਾ ਰੋਗ ਪ੍ਰਤੀ ਸਹਿਣਸ਼ੀਲ ਤੇ ਗੁੜ ਬਣਾਉਣ ਲਈ ਸਭ ਤੋਂ ਢੁੱਕਵੀਂ ਹੈ। ਔਸਤ ਝਾੜ 335 ਕੁਇੰਟਲ ਪ੍ਰਤੀ ਏਕੜ ਹੈ।

ਬਿਜਾਈ ਦਾ ਸਮਾਂ

ਅੱਧ ਫਰਵਰੀ ਤੋਂ ਮਾਰਚ ਦੇ ਅਖ਼ੀਰ ਤਕ ਦਾ ਸਮਾਂ ਬਿਜਾਈ ਲਈ ਢੁੱਕਵਾਂ ਹੈ। ਜੇ ਕਿਸੇ ਕਾਰਨ ਬਿਜਾਈ ਲੇਟ ਹੋ ਜਾਵੇ ਤਾਂ ਧਿਆਨ ਰੱਖੋ ਕਿ ਕੇਵਲ ਪਛੇਤੀ ਕਿਸਮ ਦੀ ਹੀ ਬਿਜਾਈ ਕਰੋ। ਬੀਜ ਦੀ ਮਾਤਰਾ 20 ਹਜ਼ਾਰ ਬਰੋਟਿਆਂ ਤੋਂ 30 ਹਜ਼ਾਰ ਬਰੋਟੇ ਤਕ ਵਧਾ ਦਿਓ। ਅਗੇਤੀ ਫੋਟ ਦੇ ਗੜੂੰਏਂ ਦੇ ਹਮਲੇ ਦਾ ਪ੍ਰਬੰਧਨ ਸੁਚੱਜੇ ਢੰਗ ਨਾਲ ਕਰੋ।

ਸਿੰਚਾਈ ਤੇ ਜਲ ਨਿਕਾਸੀ

ਅਪ੍ਰੈਲ ਤੋਂ ਜੂਨ ਮਹੀਨਿਆਂ ਦੌਰਾਨ ਮੌਸਮ ਖੁਸ਼ਕ ਹੋਣ ਕਰਕੇ ਕਮਾਦ ਦੀ ਫ਼ਸਲ ਦੀ ਸਿੰਚਾਈ 7-12 ਦਿਨਾਂ ਦੇ ਵਕਫ਼ੇ 'ਤੇ ਕਰੋ। ਸਰਦੀਆਂ ਦੌਰਾਨ ਸਿੰਚਾਈ ਦਾ ਵਕਫ਼ਾ ਇਕ ਮਹੀਨੇ ਤਕ ਵਧਾਇਆ ਜਾ ਸਕਦਾ ਹੈ। ਜੇ ਬਰਸਾਤਾਂ ਦੌਰਾਨ ਫ਼ਸਲ 'ਚ ਪਾਣੀ ਖੜ੍ਹਾ ਹੋ ਜਾਵੇ ਉਸ ਦਾ ਨਿਕਾਸ ਕਰ ਦਿਓ।

ਬੀਜ ਦੀ ਚੋਣ ਤੇ ਮਾਤਰਾ

ਬੀਜ ਲਈ ਵਰਤਿਆ ਜਾਣ ਵਾਲਾ ਗੰਨਾ ਹਮੇਸ਼ਾ ਰੱਤਾ ਰੋਗ, ਛੋਟੀਆਂ ਪੋਰੀਆਂ ਤੇ ਕਾਂਗਿਆਰੀ ਆਦਿ ਰੋਗਾਂ ਤੋਂ ਰਹਿਤ ਹੋਣਾ ਚਾਹੀਦਾ ਹੈ। ਬਿਜਾਈ ਲਈ ਗੰਨੇ ਦਾ ਉਪਰਲਾ ਦੋ ਤਿਹਾਈ ਭਾਗ ਹੀ ਬੀਜ ਦੇ ਤੌਰ 'ਤੇ ਵਰਤੋ। ਇਕ ਏਕੜ ਦੀ ਬਿਜਾਈ ਲਈ 20 ਹਜ਼ਾਰ ਗੁੱਲੀਆਂ ਜਾਂ ਚਾਰ ਅੱਖਾਂ ਵਾਲੀਆਂ 15 ਹਜ਼ਾਰ ਗੁੱਲੀਆਂ ਜਾਂ 5 ਅੱਖਾਂ ਵਾਲੀਆਂ 12 ਹਜ਼ਾਰ ਗੁੱਲੀਆਂ ਕਾਫ਼ੀ ਹਨ। ਸੀਓ-118 ਤੇ ਸੀਓਜੇ-85 ਕਿਸਮ ਲਈ 10 ਫ਼ੀਸਦੀ ਵਧੇਰੇ ਗੁੱਲੀਆਂ ਵਰਤੋ।

ਡੂੰਘੀ ਵਹਾਈ

ਕਮਾਦ ਵਾਲੇ ਖੇਤ ਨੂੰ ਤਿੰਨ ਤੋਂ ਚਾਰ ਸਾਲ ਬਾਅਦ ਇਕ ਮੀਟਰ ਦੀ ਦੂਰੀ 'ਤੇ ਦੋ ਤਰਫ਼ਾ 40-45 ਸੈਂਟੀਮੀਟਰ ਡੂੰਘੀ ਵਹਾਈ ਕਰਨ ਨਾਲ ਜ਼ਮੀਨ ਦੇ ਹੇਠ ਬਣੀ ਸਖ਼ਤ ਤਹਿ ਟੁੱਟ ਜਾਂਦੀ ਹੈ, ਜੋ ਜ਼ਮੀਨ ਦੀ ਪਾਣੀ ਨੂੰ ਜ਼ੀਰਨ ਦੀ ਸ਼ਕਤੀ ਤੇ ਗੰਨੇ ਦੀ ਜੜ੍ਹ ਦੇ ਵਾਧੇ ਲਈ ਲਾਹੇਵੰਦ ਸਿੱਧ ਹੁੰਦੀ ਹੈ।

ਬਿਜਾਈ ਦਾ ਢੰਗ

ਕਮਾਦ ਦੀ ਬਿਜਾਈ ਹੇਠ ਲਿਖੇ ਢੰਗਾਂ ਅਨੁਸਾਰ ਕੀਤੀ ਜਾ ਸਕਦੀ ਹੈ :

ਪੱਧਰੀ ਬਿਜਾਈ : ਕਮਾਦ ਦੀ ਬਿਜਾਈ 75 ਸੈਂਟੀਮੀਟਰ ਦੀ ਵਿੱਥ 'ਤੇ ਕਤਾਰਾਂ ਵਿਚ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ 'ਚ ਕੀਤੀ ਜਾ ਸਕਦੀ ਹੈ। ਬਰੋਟਿਆਂ ਨੂੰ ਜ਼ਮੀਨ 'ਤੇ ਰੱਖਣ ਉਪਰੰਤ 5 ਸੈਂਟੀਮੀਟਰ ਮਿੱਟੀ ਦੀ ਤਹਿ ਨਾਲ ਢਕ ਦਿਓ।

ਦੋ ਕਤਾਰੀ ਖਾਲੀ ਵਿਧੀ : ਇਸ ਢੰਗ ਨਾਲ ਬਿਜਾਈ ਕਰਨ ਲਈ ਬਰੋਟਿਆਂ ਨੂੰ ਦੋ ਕਤਾਰਾਂ, ਜੋ ਇਕ ਫੁੱਟ ਚੌੜੀਆਂ ਤੇ 20-25 ਸੈਂਟੀਮੀਟਰ ਡੂੰਘੀਆਂ ਹੋਣ, ਵਿਚ ਰੱਖਣ ਉਪਰੰਤ ਕਤਾਰਾਂ ਵਿਚਲੀ ਮਿੱਟੀ ਨਾਲ ਢਕ ਦਿਓ। ਖਾਲੀ ਤੋਂ ਖਾਲੀ ਦਰਮਿਆਨ ਫ਼ਾਸਲਾ ਤਿੰਨ ਫੁੱਟ ਤਕ ਰੱਖੋ। ਜੇ ਕਮਾਦ ਦੀ ਕਟਾਈ ਮਸ਼ੀਨ ਨਾਲ ਕਰਨੀ ਹੋਵੇ ਤਾਂ ਖਾਲੀਆਂ ਵਿਚਕਾਰ ਫ਼ਾਸਲਾ 4 ਫੁੱਟ ਤਕ ਵਧਾਇਆ ਜਾ ਸਕਦਾ ਹੈ।

ਖੜ੍ਹੀ ਕਣਕ 'ਚ ਗੰਨੇ ਦੀ ਬਿਜਾਈ : ਇਸ ਤਕਨੀਕ ਰਾਹੀਂ ਕਮਾਦ ਦੀ ਬਿਜਾਈ ਬੈੱਡ ਪਲਾਂਟਰ ਦੁਆਰਾ ਬੀਜੀ ਗਈ ਕਣਕ ਦੀ ਫ਼ਸਲ 'ਚ ਵੀ ਕੀਤੀ ਜਾ ਸਕਦੀ ਹੈ। ਬਿਜਾਈ ਦਾ ਢੁੱਕਵਾਂ ਸਮਾਂ ਅੱਧ ਫਰਵਰੀ ਤੋਂ ਅਖ਼ੀਰ ਮਾਰਚ ਤਕ ਦਾ ਹੈ। ਇਸ ਤਕਨੀਕ ਨਾਲ ਬਿਜਾਈ ਲਈ ਕਣਕ ਦੀ ਖੜ੍ਹੀ ਫ਼ਸਲ ਵਿਚ ਜਨਵਰੀ ਮਹੀਨੇ ਪਲਾਂਟਰ ਫੇਰ ਕੇ ਖਾਲ਼ਾਂ ਦੀ ਬਣਤਰ ਸੋਧ ਲੈਣੀ ਚਾਹੀਦੀ ਹੈ। ਬਿਜਾਈ ਤੋਂ ਇਕ ਦਿਨ ਪਹਿਲਾਂ ਸ਼ਾਮ ਵੇਲੇ ਪਾਣੀ ਲਗਾਉਣ ਤੋਂ ਬਾਅਦ ਅਗਲੇ ਦਿਨ ਦਵਾਈ ਨਾਲ ਸੋਧੇ ਹੋਏ ਬਰੋਟੇ ਖਾਲ਼ਾਂ 'ਚ ਰੱਖਣ ਉਪਰੰਤ ਪੈਰਾਂ ਨਾਲ ਦਬਾ ਦਿਓ।

ਸ਼ੂਗਰਕੇਨ ਕਟਰ ਪਲਾਂਟਰ ਨਾਲ ਬਿਜਾਈ : ਇਸ ਤਕਨੀਕ ਨਾਲ ਬਿਜਾਈ ਕਰਨ ਨਾਲ ਬਿਜਾਈ ਦਾ ਖ਼ਰਚ 25 ਫ਼ੀਸਦੀ ਘੱਟ ਕੀਤਾ ਜਾ ਸਕਦਾ ਹੈ। ਇਸ ਵਿਧੀ ਰਾਹੀ ਮਸ਼ੀਨ ਦੀ ਸੀਟ 'ਤੇ ਬੈਠੇ ਆਦਮੀ ਸਾਬਤ ਗੰਨਾ ਮਸ਼ੀਨ ਵਿਚ ਪਾਉਂਦੇ ਹਨ ਤੇ ਮਸ਼ੀਨ ਆਪਣੇ ਆਪ ਬਰੋਟੇ ਕੱਟ ਕੇ ਸਿਆੜਾਂ ਵਿਚ ਪਾਉਂਦੀ ਹੈ। ਇਸ ਤਕਨੀਕ ਨਾਲ ਖਾਦਾਂ ਤੇ ਦਵਾਈਆਂ ਵੀ ਬਿਜਾਈ ਦੇ ਨਾਲ ਹੀ ਪਾਈਆਂ ਜਾ ਸਕਦੀਆਂ ਹਨ।

ਖਾਦਾਂ ਦੀ ਮਾਤਰਾ

ਬੀਜੜ ਕਮਾਦ ਲਈ 60 ਕਿੱਲੋ ਅਤੇ ਮੋਢੇ ਦੀ ਫ਼ਸਲ ਲਈ 90 ਕਿੱਲੋ ਨਾਈਟਰੋਜਨ ਖਾਦ ਪ੍ਰਤੀ ਏਕੜ ਵਰਤੋ। ਇਸ ਵਾਸਤੇ ਬੀਜੜ ਕਮਾਦ ਲਈ 130 ਕਿੱਲੋ ਯੂਰੀਆ ਪ੍ਰਤੀ ਏਕੜ ਦੋ ਬਰਾਬਰ ਕਿਸ਼ਤਾਂ ਵਿਚ ਛੱਟੇ/ਸਿਆੜਾਂ ਦੇ ਨਾਲ ਪਹਿਲੇ ਪਾਣੀ ਸਮੇਂ ਅਤੇ ਫਿਰ ਮਈ/ਜੂਨ ਵਿਚ ਪਾਵੋ। ਮੋਢੇ ਕਮਾਦ ਲਈ 195 ਕਿੱਲੋ ਯੂਰੀਆ ਤਿੰਨ ਬਰਾਬਰ ਕਿਸ਼ਤਾਂ 'ਚ ਪਾਓ। ਪਹਿਲੀ ਕਿਸ਼ਤ ਫਰਵਰੀ ਦੌਰਾਨ ਗੁਡਾਈ ਸਮੇਂ, ਦੂਸਰੀ ਕਿਸ਼ਤ ਅਪ੍ਰੈਲ ਤੇ ਤੀਸਰੀ ਕਿਸ਼ਤ ਮਈ ਮਹੀਨੇ ਦੌਰਾਨ ਪਾਓ। ਕਮਾਦ 'ਚ ਫਾਸਫੋਰਸ ਖਾਦ ਦੀ ਵਰਤੋਂ ਮਿੱਟੀ ਦੀ ਪਰਖ ਅਨੁਸਾਰ ਹੀ ਕਰੋ। •

ਕਮਾਦ ਦੀ ਵਧੇਰੇ ਪੈਦਾਵਾਰ ਲਈ ਉੱਤਮ ਖੇਤੀ ਤਕਨੀਕਾਂ ਤੇ ਉੱਤਮ ਕਿਸਮਾਂ ਨੂੰ ਅਪਨਾਉਣਾ ਬੇਹੱਦ ਜ਼ਰੂਰੀ ਹੈ। ਬਹਾਰ ਰੁੱਤ ਦੀ ਫ਼ਸਲ ਦੀ ਬਿਜਾਈ ਅੱਧ ਫਰਵਰੀ ਤੋਂ ਸ਼ੁਰੂ ਕੀਤੀ ਜਾਂਦੀ ਹੈ। ਬਿਜਾਈ ਲਈ ਅੱਖਾਂ ਵਾਰੀਆਂ ਪੋਰੀਆਂ ਰੋਗਾਂ ਤੋਂ ਰਹਿਤ ਹੋਣੀਆਂ ਚਾਹੀਦੀਆਂ ਹਨ...

ਬੀਜ ਦੀ ਸੋਧ

ਬੀਜ ਦੀ ਸੋਧ ਲਈ ਬਰੋਟਿਆਂ ਨੂੰ 0.25 ਫ਼ੀਸਦੀ ਐਮੀਸਾਨ ਜਾਂ ਟਿਲਟ 25 ਈਸੀ ਦੇ ਘੋਲ 'ਚ ਡੋਬਣ ਉਪਰੰਤ ਉਸੇ ਵੇਲੇ ਬਾਹਰ ਕੱਢ ਲਵੋ। ਘੋਲ ਤਿਆਰ ਕਾਰਨ ਵਾਸਤੇ 250 ਮਿਲੀਲਿਟਰ ਟਿਲਟ 25 ਈਸੀ ਨੂੰ 100 ਲਿਟਰ ਪਾਣੀ 'ਚ ਪਾਓ। ਇਹ ਘੋਲ ਇਕ ਏਕੜ ਦੇ ਬੀਜ ਲਈ ਕਾਫੀ ਹੈ। ਫ਼ਸਲ ਦੇ ਚੰਗੇ ਜੰਮ ਲਈ ਬਰੋਟਿਆਂ ਨੂੰ 24 ਘੰਟੇ ਪਾਣੀ 'ਚ ਡੁੱਬੋ ਕੇ ਰੱਖੋ।

ਉਤਪਾਦਨ 'ਚ ਵਾਧੇ ਲਈ ਖ਼ਾਸ ਪ੍ਰਬੰਧ

ਉਤਪਾਦਨ ਵਧਾਉਣ ਲਈ ਕਮਾਦ ਦੀ ਫ਼ਸਲ ਨੂੰ ਡਿੱਗਣ ਤੋਂ ਬਚਾਓ। ਕਮਾਦ ਨੂੰ ਸਮੇਂ ਸਿਰ ਮਿੱਟੀ ਚੜ੍ਹਾ ਦੇਵੋ। ਅਗਸਤ ਤੇ ਸਤੰਬਰ ਮਹੀਨੇ ਵਿਚ ਸਿੰਚਾਈ ਘੱਟ ਕਰ ਦੇਵੋ। ਡਿੱਗੇ ਹੋਏ ਕਮਾਦ 'ਤੇ ਚੂਹਿਆਂ ਦਾ ਵਧੇਰੇ ਹਮਲਾ ਹੁੰਦਾ ਹੈ। ਕਮਾਦ ਡਿਗਣ ਨਾਲ ਅੱਖਾਂ ਤੇ ਜੜ੍ਹਾਂ ਫੁੱਟ ਜਾਂਦੀਆਂ ਹਨ। ਫ਼ਸਲ ਨੂੰ ਕੋਰ੍ਹੇ ਤੋਂ ਬਚਾਉਣਾ ਵੀ ਲਾਜ਼ਮੀ ਹੈ। ਕੋਰ੍ਹੇ ਦੇ ਦਿਨਾਂ ਵਿਚ ਹਲਕੀ ਸਿੰਚਾਈ ਕਰੋ। ਗੰਨੇ ਦੀ ਕਟਾਈ ਜ਼ਮੀਨ ਦੇ ਬਿਲਕੁਲ ਨਾਲੋਂ ਕਰਨੀ ਚਾਹੀਦੀ ਹੈ। ਜਿਹੜਾ ਗੰਨਾ ਮਿਲ ਨੂੰ ਭੇਜਣਾ ਹੋਵੇ, ਉਹ ਜੜ੍ਹਾਂ, ਮਿੱਟੀ, ਖੋਰੀ, ਆਗ ਅਤੇ ਘੋਗਿਆਂ ਤੋਂ ਰਹਿਤ ਹੋਵੇ। ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਦਾ ਜਾਇਜ਼ਾ ਹੈਂਡ ਰਿਫਰੈਕਟੋਮੀਟਰ ਨਾਲ ਲਿਆ ਜਾ ਸਕਦਾ ਹੈ। ਇਹ ਯੰਤਰ ਮਿਲ ਦੇ ਸਰਵੇਅਰਾਂ ਕੋਲ ਹੁੰਦਾ ਹੈ। ਇਸ ਦੀ ਵਰਤੋਂ ਨਾਲ ਫ਼ਸਲ ਤੋਂ 0.5 ਤੋਂ 0.8 ਫ਼ੀਸਦੀ ਵਧੇਰੇ ਖੰਡ ਦੀ ਪ੍ਰਾਪਤੀ ਹੋ ਸਕਦੀ ਹੈ। ਜੇ ਗੰਨੇ ਦੀ ਕਟਾਈ ਤੇ ਪਿੜਾਈ ਵਿਚ ਵਕਤ ਵਧ ਜਾਵੇ ਤਾਂ ਖੰਡ ਦੀ ਪ੍ਰਾਪਤੀ ਘੱਟ ਜਾਂਦੀ ਹੈ।

ਸੰਪਾਦਕੀ

ਜਾਨਲੇਵਾ ਸਿੱਖਿਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੋਰਡ ਦੀਆਂ ਪ੍ਰੀਖਿਆਵਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਨਾਲ 'ਪ੍ਰੀਕਸ਼ਾ ਪੇ ਚਰਚਾ' ਸਮਾਗਮ ਕਰ ਰਹੇ ਸਨ ਤਾਂ ਰਾਜਸਥਾਨ ਦੇ ਕੋਟਾ ਸ਼ਹਿਰ ਤੋਂ 18 ਸਾਲਾ ਵਿਦਿਆਰਥਣ ਦੀ ਖ਼ੁਦਕੁਸ਼ੀ ਦੀ ਖ਼ਬਰ ਆ ਗਈ। ਇਸ ਦੇ ਨਾਲ ਹੀ ਪੰਜਾਬ ਦੇ ਸੰਗਰੂਰ ਜਿ ?ਲੇ ਵਿਚ ਮੈਰੀਟੋਰੀਅਸ ਸਕੂਲ, ਘਾਬਦਾਂ ਦੇ 12 ਸਾਲ ਦੇ ਵਿਦਿਆਰਥੀ ਨੇ ਉਦੋਂ ਖ਼ੁਦਕੁਸ਼ੀ ਕਰ ਲਈ ਜਿਸ ਬਾਰੇ ਸੁਣਨ ਵਿਚ ਆਇਆ ਹੈ ਕਿ ਸਕੂਲ ਵਲੋਂ ਉਸ ਵਿਦਿਆਰਥੀ ਦੇ ਖ਼ਰਾਬ ਅੰਕਾਂ ਬਾਬਤ ਉਸ ਦੇ ਮਾਪਿਆਂ ਨੂੰ ਇਤਲਾਹ ਦਿੱਤੀ ਗਈ ਸੀ। ਪ੍ਰਧਾਨ ਮੰਤਰੀ ਆਪਣੇ ਸੁਨੇਹੇ ਵਿਚ ਵਿਦਿਆਰਥੀਆਂ ਨੂੰ ਦੂਜਿਆਂ ਦੀ ਥਾਂ ਆਪਣੇ ਆਪ ਨਾਲ ਮੁਕਾਬਲਾ ਕਰਨ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਪ੍ਰੀਖਿਆਵਾਂ 'ਚੋਂ ਪ੍ਰਾਪਤ ਕੀਤੇ ਅੰਕਾਂ ਨੂੰ ਆਪਣੀ ਤ੍ਰਿਪਤੀ ਦਾ ਸਾਧਨ ਨਾ ਬਣਾਉਣ ਦੀ ਨਸੀਹਤ ਦੇ ਰਹੇ ਸਨ। ਇਹ ਸਲਾਹ ਵਾਕਈ ਵਧੀਆ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਬਿਆਨ ਕਰ ਰਹੀ ਹੈ।

ਕੋਟਾ ਵਿਚ ਦਾਖ਼ਲਾ ਪ੍ਰੀਖਿਆ ਦੀ ਤਿਆਰੀ ਕਰ ਰਹੀ ਉਸ ਮੁਟਿਆਰ ਦੇ ਖ਼ੁਦਕੁਸ਼ੀ ਨੋਟ ਦੇ ਮਾਰਮਿਕ ਸ਼ਬਦ ਅਜਿਹੇ ਤੰਤਰ ਨੂੰ ਬੇਨਕਾਬ ਕਰਦੇ ਹਨ ਜਿਸ ਵਿਚ ਸਾਡੇ ਬੱਚਿਆਂ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਜਜ਼ਬਾਤੀ ਲੋੜਾਂ ਨੂੰ ਨਜ਼ਰਅੰਦਾਜ਼ ਕਰਨ ਦਾ ਕੋਈ ਮਲਾਲ ਨਜ਼ਰ ਨਹੀਂ ਆਉਂਦਾ। ਉਸ ਦੇ ਆਖਿ ?ਰੀ ਸ਼ਬਦਾਂ ਤੋਂ ਨਾਉਮੀਦੀ, ਬੇਵਸੀ ਅਤੇ ਅਪਰਾਧ ਬੋਧ ਹੁੰਦਾ ਹੈ। ਇਨ੍ਹਾਂ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਸਾਡੇ ਸਮਾਜ ਨੂੰ ਹੁਣ ਬੱਚਿਆਂ ਅਤੇ ਉਨ੍ਹਾਂ ਦੇ ਅਠਖੇਲੀਆਂ ਤੇ ਹਾਸਿਆਂ ਦੀ ਕੋਈ ਪ੍ਰਵਾਹ ਨਹੀਂ ਰਹਿ ਗਈ।

ਪ੍ਰੀਖਿਆਵਾਂ ਅਤੇ ਦਾਖ਼ਲਿਆਂ ਦੀ ਪ੍ਰਕਿਰਿਆ ਇੰਨੀ ਬੇਕਿਰਕ ਬਣਾ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਹੀ ਮਾਪਿਆਂ ਦੀਆਂ ਖਾਹਿਸ਼ਾਂ ਦਾ ਬੋਝ ਬਹੁਤ ਵਧ ਗਿਆ ਹੈ ਕਿ ਕਈ ਵਿਦਿਆਰਥੀ ਇਸ ਨੂੰ ਝੱਲਣ ਤੋਂ ਜਵਾਬ ਦੇ ਦਿੰਦੇ ਹਨ ਅਤੇ ਉਹ ਕੋਈ ਅਜਿਹਾ ਸਿਰੇ ਦਾ ਕਦਮ ਉਠਾਉਣ ਲਈ ਮਜਬੂਰ ਹੋ ਜਾਂਦੇ ਹਨ। ਸਾਡੀ ਸਿੱਖਿਆ ਪ੍ਰਣਾਲੀ ਵਿਚ ਅਜੇ ਤਾਈਂ ਇਨ੍ਹਾਂ ਦਬਾਵਾਂ ਅਤੇ ਮਾਨਸਿਕ ਸਿਹਤ ਦੀਆਂ ਚੁਣੌਤੀਆਂ ਦੀ ਹਕੀਕਤ ਨੂੰ ਪ੍ਰਵਾਨ ਨਹੀਂ ਕੀਤਾ ਜਾ ਰਿਹਾ। 15 ਤੋਂ 30 ਸਾਲ ਦੀ ਉਮਰ ਤੱਕ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਖ਼ੁਦਕੁਸ਼ੀ ਹੈ। ਸਾਡੇ ਕੌਮੀ ਮਨ-ਮਸਤਕ ਵਿਚ ਅਜੇ ਤਾਈਂ ਇਸ ਸਮੱਸਿਆ ਨੂੰ ਕੋਈ ਜਗ੍ਹਾ ਹੀ ਨਹੀਂ ਮਿਲ ਸਕੀ ਜੋ ਆਪਣੇ ਆਪ ਵਿਚ ਹੀ ਚਿੰਤਾ ਦਾ ਸਵਾਲ ਹੈ।

ਕੋਟਾ ਵਿਚ ਕੋਚਿੰਗ ਸਨਅਤ ਦਾ ਸਾਲਾਨਾ ਕਾਰੋਬਾਰ 12 ਹਜ਼ਾਰ ਕਰੋੜ ਰੁਪਏ 'ਤੇ ਪੁੱਜ ਗਿਆ ਹੈ। ਵਿਦਿਆਰਥੀ ਭਲਾਈ ਦਾ ਸਵਾਲ ਕਿਸੇ ਤਰਜੀਹ ਦਾ ਹਿੱਸਾ ਹੀ ਨਹੀਂ ਹੈ। ਪਿਛਲੇ ਸਾਲ ਉੱਥੇ ਕੋਚਿੰਗ ਲੈ ਰਹੇ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੇ ਰੁਝਾਨ ਤੋਂ ਬਾਅਦ ਕੋਚਿੰਗ ਕੇਂਦਰਾਂ ਨੂੰ ਮੌਜ ਮਸਤੀ ਦੀਆਂ ਸਰਗਰਮੀਆਂ ਸ਼ੁਰੂ ਕਰਨ ਲਈ ਕਿਹਾ ਗਿਆ ਸੀ। ਜਿ ?ਲਾ ਕੁਲੈਕਟਰ ਨੂੰ ਹੋਸਟਲਾਂ ਵਿਚ ਹਫ਼ਤਾਵਾਰੀ ਡਿਨਰ ਦਾ ਇੰਤਜ਼ਾਮ ਕਰਨ ਅਤੇ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ 'ਤੇ ਚਰਚਾ ਕਰਨ ਲਈ ਕਿਹਾ ਗਿਆ ਸੀ। ਇਹ ਚੰਗੀ ਪਹਿਲ ਹੈ ਪਰ ਜਿਹੜੇ ਬੱਚਿਆਂ ਨੂੰ ਇੰਜਨੀਅਰਿੰਗ ਜਾਂ ਮੈਡੀਕਲ ਦੀਆਂ ਦਾਖ਼ਲਾ ਪ੍ਰੀਖਿਆਵਾਂ ਵਿਚ ਸਫਲਤਾ ਦੀ ਉਮੀਦ ਘੱਟ ਹੈ ਤਾਂ ਉਨ੍ਹਾਂ ਨੂੰ ਸਵੀਕਾਰ ਕਰਨਾ ਅਤੇ ਉਨ੍ਹਾਂ ਨੂੰ ਆਰਟਸ ਜਾਂ ਹੋਰਨਾਂ ਵਿਸ਼ਿਆਂ ਨੂੰ ਚੁਣਨ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਹ ਗੱਲ ਮਾਪਿਆਂ ਦੀ ਸਮਝ ਵਿਚ ਆਉਣੀ ਬਹੁਤ ਜ਼ਰੂਰੀ ਹੈ। ਇਹ ਗੱਲ ਸੰਜੀਦਗੀ ਨਾਲ ਵਿਚਾਰਨ ਦਾ ਵੇਲਾ ਹੈ।

ਇਮਰਾਨ ਖ਼ਾਨ ਨੂੰ ਸਜ਼ਾ

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਸਰਕਾਰੀ ਭੇਤ ਨਸ਼ਰ ਕਰਨ ਦੇ ਦੋਸ਼ ਹੇਠ ਦਸ ਸਾਲਾਂ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਦਾ ਇਹ ਫ਼ੈਸਲਾ 8 ਫਰਵਰੀ ਨੂੰ ਹੋ ਰਹੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਆਇਆ ਹੈ ਜਿਸ ਕਰ ਕੇ ਇਮਰਾਨ ਖ਼ਾਨ ਨੇ ਇਸ ਮੁਤੱਲਕ ਆਪਣਾ ਰੱਦੇਅਮਲ ਜ਼ਾਹਿਰ ਕਰਦਿਆਂ ਆਖਿਆ ਹੈ ਕਿ ਇਹ ਸਿਆਸੀ ਕੇਸ ਦਾ ਸਿਆਸੀ ਫ਼ਤਵਾ ਹੈ। ਇਸ ਫ਼ੈਸਲੇ ਨਾਲ ਹੋਰ ਕੁਝ ਵੀ ਨਹੀਂ ਸਗੋਂ ਸੱਤਾ ਦੇ ਢਾਂਚੇ ਉਪਰ ਫ਼ੌਜ ਦਾ ਪਰਛਾਵਾਂ ਹੋਰ ਗਹਿਰਾ ਹੋ ਜਾਵੇਗਾ। ਕੁਝ ਸਾਲ ਪਹਿਲਾਂ ਇਸ ਫ਼ੌਜੀ ਤੰਤਰ ਨੇ ਨਵਾਜ਼ ਸ਼ਰੀਫ਼ ਦੇ ਖਿਲਾਫ਼ ਇਮਰਾਨ ਖ਼ਾਨ ਨੂੰ ਉਭਾਰਿਆ ਸੀ ਜਿਸ ਕਰ ਕੇ 2017 ਵਿਚ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਹੋਣਾ ਪਿਆ ਸੀ ਅਤੇ ਭ੍ਰਿਸ਼ਟਾਚਾਰ ਦੇ ਸੰਗੀਨ ਕੇਸਾਂ ਵਿਚ ਦੋਸ਼ੀ ਕਰਾਰ ਦੇ ਦਿੱਤਾ ਗਿਆ ਸੀ। ਕੁਝ ਮਹੀਨੇ ਪਹਿਲਾਂ ਉਹ ਲੰਡਨ ਵਿਚ ਕਈ ਸਾਲ ਸਵੈ-ਜਲਾਵਤਨੀ ਤੋਂ ਬਾਅਦ ਪਾਕਿਸਤਾਨ ਪਰਤੇ ਸਨ।

ਇਸ ਖੇਡ ਦੇ ਨੇਮ ਬਹੁਤ ਸਾਫ਼ ਹਨ। ਜਿਉਂ ਹੀ ਤੁਸੀਂ ਰਾਵਲਪਿੰਡੀ ਦੇ ਜਰਨੈਲਾਂ ਨਾਲ ਕੋਈ ਟਕਰਾਅ ਲਿਆ ਤਾਂ ਤੁਹਾਨੂੰ ਲਾਂਭੇ ਕਰ ਦਿੱਤਾ ਜਾਵੇਗਾ। ਇਮਰਾਨ ਖ਼ਾਨ ਭ੍ਰਿਸ਼ਟਾਚਾਰ ਦੇ ਕੇਸ ਵਿਚ ਤਿੰਨ ਸਾਲ ਦੀ ਕੈਦ ਭੁਗਤ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਖਿਲਾਫ਼ 150 ਕੇਸ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚ ਅਦਾਲਤੀ ਮਾਨਹਾਨੀ ਤੋਂ ਲੈ ਕੇ ਦਹਿਸ਼ਤਗਰਦੀ ਅਤੇ ਹਿੰਸਾ ਨੂੰ ਸ਼ਹਿ ਦੇਣ ਦੇ ਦੋਸ਼ ਸ਼ਾਮਲ ਹਨ। ਹਾਲੀਆ ਫ਼ੈਸਲਾ ਉਸ ਕੇਸ ਵਿਚ ਸੁਣਾਇਆ ਗਿਆ ਹੈ ਜਿਸ ਵਿਚ ਉਨ੍ਹਾਂ 'ਤੇ ਦੋਸ਼ ਲਾਇਆ ਗਿਆ ਸੀ ਕਿ ਜਦੋਂ ਉਨ੍ਹਾਂ ਜਨਤਕ ਰੈਲੀ ਵਿਚ ਇਕ ਕੂਟਨੀਤਕ ਸੰਦੇਸ਼ ਦੀ ਕਾਪੀ ਲਹਿਰਾਈ ਸੀ ਤਾਂ ਉਨ੍ਹਾਂ ਸਰਕਾਰੀ ਭੇਤ ਕਾਇਮ ਰੱਖਣ ਦੀ ਸਹੁੰ ਦੀ ਉਲੰਘਣਾ ਕੀਤੀ ਸੀ। ਇਮਰਾਨ ਖ਼ਾਨ ਨੇ ਦੋਸ਼ ਲਾਇਆ ਸੀ ਕਿ ਅਮਰੀਕਾ ਅਤੇ ਪਾਕਿਸਤਾਨੀ ਫ਼ੌਜ ਦੀ ਗੰਢ-ਤੁੱਪ ਕਰ ਕੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਲਾਹਿਆ ਗਿਆ ਸੀ।

ਕ੍ਰਿਕਟ ਜਗਤ ਵਿਚ ਨਾਮਣਾ ਖੱਟਣ ਤੋਂ ਬਾਅਦ ਸਿਆਸਤ ਦੇ ਮੈਦਾਨ ਵਿਚ ਵੀ ਬੇਤਹਾਸ਼ਾ ਲੋਕਪ੍ਰਿਅਤਾ ਹਾਸਲ ਕਰਨ ਵਾਲੇ ਇਮਰਾਨ ਖ਼ਾਨ ਉੱਤੇ ਇਨ੍ਹਾਂ ਕਾਨੂੰਨੀ ਅੜਿ ?ਕਿਆਂ ਕਰ ਕੇ ਉਨ੍ਹਾਂ ਦੇ ਚੋਣਾਂ ਲੜਨ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਪਾਰਟੀ ਦੀਆਂ ਅੰਦਰੂਨੀ ਚੋਣਾਂ ਵਿਚ ਬੇਨੇਮੀਆਂ ਦੇ ਦੋਸ਼ਾਂ ਦੇ ਆਧਾਰ 'ਤੇ ਉਨ੍ਹਾਂ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਤੋਂ ਕ੍ਰਿਕਟ ਬੱਲੇ ਦਾ ਚੋਣ ਨਿਸ਼ਾਨ ਵਾਪਸ ਲੈ ਲਿਆ ਗਿਆ ਹੈ। ਬਹਰਹਾਲ, ਉਨ੍ਹਾਂ ਦੇ ਹਮਾਇਤੀਆਂ ਵਿਚ ਜੋਸ਼ ਬਰਕਰਾਰ ਹੈ ਤੇ ਉਨ੍ਹਾਂ ਨੂੰ ਆਸ ਹੈ ਕਿ ਸਰਕਾਰ ਅਤੇ ਫ਼ੌਜ ਦੀਆਂ ਵਧੀਕੀਆਂ ਕਰ ਕੇ ਇਮਰਾਨ ਖ਼ਾਨ ਦੇ ਹੱਕ ਵਿਚ ਲਹਿਰ ਹੋਰ ਤੇਜ਼ ਹੋਵੇਗੀ। ਪਾਕਿਸਤਾਨ ਵਿਚ ਜਦੋਂ ਵੀ ਲੋਕਤੰਤਰ ਕਮਜ਼ੋਰ ਹੋਇਆ ਹੈ, ਇਸ ਦਾ ਅਸਰ ਭਾਰਤ 'ਤੇ ਵੀ ਪਿਆ ਹੈ।

ਪਾਕਿਸਤਾਨ ਦਾ ਫ਼ੌਜੀ ਤੰਤਰ ਸਿਵਲੀਅਨ ਆਗੂਆਂ 'ਤੇ ਬਹੁਤਾ ਭਰੋਸਾ ਨਹੀਂ ਕਰਦਾ ਜਿਸ ਕਰ ਕੇ ਦੁਵੱਲੇ ਮਸਲਿਆਂ ਬਾਬਤ ਸਰਕਾਰੀ ਪੱਧਰ 'ਤੇ ਰਾਬਤਾ ਕਰਨ ਵਿਚ ਦਿੱਕਤਾਂ ਆਉਂਦੀਆਂ ਹਨ। ਪਾਕਿਸਤਾਨ ਅੰਦਰ ਸਿਆਸੀ ਸਫ਼ਬੰਦੀ ਅਤੇ ਅਸਥਿਰਤਾ ਦਾ ਮਾਹੌਲ ਹੋਰ ਵਧਣ ਦੇ ਸੰਕੇਤ ਆ ਰਹੇ ਹਨ ਜਿਸ ਕਰ ਕੇ ਦੋਵਾਂ ਦੇਸ਼ਾਂ ਵਿਚਕਾਰ ਰਿਸ਼ਤੇ ਸੁਧਾਰਨ ਦੇ ਆਸਾਰ ਮੱਧਮ ਹੀ ਨਜ਼ਰ ਆ ਰਹੇ ਹਨ।

ਵਾਤਾਵਰਨ ਸੰਤੁਲਨ ਅਤੇ ਸਰਕਾਰੀ ਸਰਪ੍ਰਸਤੀ

ਡਾ. ਸ ਸ ਛੀਨਾ

ਦੁਨੀਆ ਭਰ ਵਿਚ ਵਧ ਰਿਹਾ ਤਾਪਮਾਨ ਅਤੇ ਜਲਵਾਯੂ ਦੀ ਤਬਦੀਲੀ ਚਿੰਤਾ ਦਾ ਵਿਸ਼ਾ ਹੈ ਜਿਸ ਕਰ ਕੇ ਯੂਐੱਨਓ ਵਰਗੀ ਸੰਸਥਾ ਨੇ ਜਲਵਾਯੂ ਦੀ ਤਬਦੀਲੀ ਸਬੰਧੀ ਸਮੇਂ ਸਮੇਂ ਵਿਚਾਰ ਅਤੇ ਯੋਗ ਉਪਾਅ ਕਰਨ ਲਈ ਸਥਾਈ ਕਮੇਟੀ ਬਣਾ ਦਿੱਤੀ ਹੈ। ਉਂਝ ਭਾਰਤ ਇਸ ਸਬੰਧੀ ਜ਼ਿਆਦਾ ਚਿੰਤਤ ਹੈ। ਇਸ ਦੀ ਖਾਸ ਵਜ੍ਹਾ ਹੈ। ਭਾਰਤ ਭਾਵੇਂ ਚੀਨ ਨੂੰ ਪਿੱਛੇ ਛੱਡ ਕੇ 2023 ਵਿਚ ਦੁਨੀਆ ਵਿਚ ਸਭ ਤੋਂ ਵੱਧ ਵਸੋਂ ਵਾਲਾ ਦੇਸ਼ ਬਣ ਗਿਆ ਹੈ ਪਰ ਭਾਰਤ ਪਹਿਲਾਂ ਹੀ ਵਸੋਂ ਦੇ ਵਾਧੂ ਭਾਰ ਥੱਲੇ ਸੀ। ਚੀਨ ਦੀ ਆਬਾਦੀ ਭਾਵੇਂ ਭਾਰਤ ਦੀ ਆਬਾਦੀ ਤੋਂ ਜ਼ਿਆਦਾ ਸੀ ਪਰ ਚੀਨ ਦਾ ਖੇਤਰ ਭਾਰਤ ਦੇ ਖੇਤਰ ਤੋਂ 4 ਗੁਣਾ ਤੋਂ ਵੀ ਜ਼ਿਆਦਾ ਸੀ। ਹੁਣ ਭਾਰਤ ਦਾ ਖੇਤਰ ਦੁਨੀਆ ਦੇ ਖੇਤਰ ਦਾ ਸਿਰਫ਼ 2 ਫੀਸਦੀ ਹੈ ਅਤੇ ਵਸੋਂ ਦੁਨੀਆ ਦੀ ਕੁੱਲ ਵਸੋਂ ਦਾ 17.6 ਫੀਸਦੀ ਹੈ। ਵਸੋਂ ਦੇਸ਼ ਦੇ ਸਾਧਨਾਂ 'ਤੇ ਵੱਡਾ ਭਾਰ ਹੈ ਅਤੇ ਭਾਰਤ ਦੇ ਵਾਤਾਵਰਨ ਵਿਚ ਆਈ ਖਰਾਬੀ ਦਾ ਮੁੱਖ ਕਾਰਨ ਭਾਰਤ ਦੀ ਵਸੋਂ ਦਾ ਭਾਰ ਹੈ। 1967 ਤੋਂ ਪਹਿਲਾਂ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਖੁਰਾਕ ਲੋੜਾਂ ਵਿਚ ਆਤਮ-ਨਿਰਭਰ ਨਹੀਂ ਸੀ। ਫਿਰ ਇਸ ਨੇ ਰਸਾਇਣਾਂ ਦੀ ਮਦਦ ਨਾਲ ਅਨਾਜ ਪੂਰਤੀ ਕੀਤੀ ਸੀ।

1960 ਤੋਂ ਪਹਿਲਾਂ ਭਾਰਤ ਦੀ ਜ਼ਿਆਦਾਤਰ ਖੇਤੀ ਕੁਦਰਤੀ ਸੀ ਜਾਂ ਜੈਵਿਕ। ਉਨ੍ਹੀਂ ਦਿਨੀਂ ਖੇਤੀਬਾੜੀ ਵਿਭਾਗ ਦੇ ਕਰਮਚਾਰੀਆਂ ਨੂੰ ਉਪਜ ਵਧਾਉਣ ਲਈ ਰਸਾਇਣਕ ਖਾਦਾਂ ਬਾਰੇ ਪ੍ਰਚਾਰ ਕਰਨਾ ਪੈਂਦਾ ਸੀ ਕਿਉਂ ਜੋ ਲੋਕ ਇਨ੍ਹਾਂ ਦੀ ਵਰਤੋਂ ਨਹੀਂ ਸਨ ਕਰਦੇ ਪਰ 1967 ਤੋਂ ਬਾਅਦ ਲਗਾਤਾਰ ਰਸਾਇਣਕ ਖਾਦਾਂ, ਕੀੜੇਮਾਰ ਅਤੇ ਨਦੀਨ-ਨਾਸ਼ਕਾਂ ਦੀ ਵਰਤੋਂ ਸ਼ੁਰੂ ਹੋਈ ਤੇ ਫਿਰ ਦਿਨ-ਬ-ਦਿਨ ਵਧਦੀ ਗਈ। ਇਨ੍ਹਾਂ ਰਸਾਇਣਾਂ ਦੇ ਠੀਕ ਸਿੱਟੇ ਉਨ੍ਹਾਂ ਜਗ੍ਹਾ 'ਤੇ ਹੀ ਮਿਲ ਸਕਦੇ ਹਨ ਜਿੱਥੇ ਪਾਣੀ ਜਾਂ ਸਿੰਜਾਈ ਦੀ ਬਹੁਤਾਤ ਹੋਵੇ; ਪਾਣੀ ਤੋਂ ਬਗੈਰ ਇਹ ਰਸਾਇਣ ਪਾਏ ਨਹੀਂ ਜਾ ਸਕਦੇ। ਪੰਜਾਬ ਵਿਚ ਪਾਣੀ ਦੇ ਵੱਡੇ ਭੰਡਾਰ ਸਨ। ਇਕ ਤਾਂ ਨਦੀਆਂ ਤੇ ਦਰਿਆ ਸਨ; ਦੂਜੇ, ਕਈ ਥਾਈਂ ਜ਼ਮੀਨ ਹੇਠਾਂ ਪਾਣੀ ਸਿਰਫ਼ 8/10 ਫੁੱਟ ਦੀ ਡੂੰਘਾਈ 'ਤੇ ਮਿਲ ਜਾਂਦਾ ਸੀ। ਟਿਊਬਵੈੱਲ ਲਾਉਣ ਅਤੇ ਚਲਾਉਣ ਦੀ ਲਾਗਤ ਘੱਟ ਸੀ। ਜਿਵੇਂ ਜਿਵੇਂ ਪੰਜਾਬ ਵਿਚ ਬਿਜਲੀਕਰਨ ਹੁੰਦਾ ਗਿਆ, ਟਿਊਬਵੈੱਲਾਂ ਦੀ ਗਿਣਤੀ ਵਧਦੀ ਗਈ। 1960 ਵਿਚ ਜਿੱਥੇ ਸਾਰੇ ਪੰਜਾਬ ਵਿਚ ਸਿਰਫ਼ 5000 ਟਿਊਬਵੈੱਲ ਸਨ, ਇਸ ਵਕਤ 14 ਲੱਖ ਤੋਂ ਉਪਰ ਹੋ ਗਏ ਹਨ।

ਪਾਣੀ ਬਾਰੇ ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਸਾਲਾਨਾ ਖੇਤੀ, ਉਦਯੋਗਾਂ ਅਤੇ ਘਰਾਂ ਲਈ 66 ਬੀਸੀਐੱਮ (ਅਰਬ ਕਿਊਬਿਕ ਮੀਟਰ) ਪਾਣੀ ਦੀ ਲੋੜ ਹੈ। ਦਰਿਆਵਾਂ, ਮੀਂਹ ਅਤੇ ਹੋਰ ਸਾਧਨਾਂ ਤੋਂ ਧਰਤੀ ਉਪਰ ਮਿਲਣ ਵਾਲਾ ਪਾਣੀ 56 ਬੀਸੀਐੱਮ ਹੈ; 10 ਬੀਸੀਐੱਮ ਪਾਣੀ ਧਰਤੀ ਹੇਠੋਂ ਕੱਢਣਾ ਪੈਂਦਾ ਹੈ। ਖੇਤੀ ਦੇ ਪ੍ਰਚਲਿਤ ਮਾਡਲ ਅਨੁਸਾਰ, ਹਰ ਸਾਲ ਰਸਾਇਣਾਂ ਦੀ ਵਰਤੋਂ ਵਧਾਉਣੀ ਜ਼ਰੂਰੀ ਹੈ ਕਿਉਂ ਜੋ ਖੇਤੀ 'ਤੇ ਘਟਦੀਆਂ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ। ਇਸ ਦਾ ਅਰਥ ਹੈ- ਜੇ ਖਾਦ ਦੀ ਪਹਿਲੀ ਬੋਰੀ ਨਾਲ 10 ਕੁਇੰਟਲ ਉਪਜ ਵਧੀ ਹੈ ਤਾਂ ਦੂਸਰੀ ਨਾਲ 9 ਵਧੇਗੀ; ਇਸ ਤੋਂ ਬਾਅਦ ਹਰ ਬੋਰੀ ਨਾਲ ਉਪਜ ਲਗਾਤਾਰ ਘਟਦੀ ਜਾਵੇਗੀ। ਇਕ ਪਾਸੇ ਰਸਾਇਣਕ ਪਦਾਰਥਾਂ ਦੀ ਵਧਦੀ ਮਾਤਰਾ ਅਤੇ ਦੂਜੇ ਪਾਸੇ ਉਨ੍ਹਾਂ ਪਦਾਰਥਾਂ ਨੂੰ ਘੋਲਣ ਲਈ ਵਧਦੀ ਹੋਈ ਪਾਣੀ ਦੀ ਮਾਤਰਾ ਨੇ ਵਾਤਾਵਰਨ ਵਿਚ ਵੱਡੇ ਵਿਗਾੜ ਪੈਦਾ ਕਰ ਦਿੱਤੇ। ਇਉਂ ਇਕ-ਦੋ ਅਤੇ ਅੱਠ, ਨੌਂ ਬੋਰੀਆਂ ਤੇ ਵਧਦੀ ਮਾਤਰਾ ਦਾ ਅੰਤ ਕਿੱਥੇ ਹੋਵੇਗਾ? ਇਹ ਜ਼ਹਿਰੀਲੇ ਰਸਾਇਣ ਪਾਣੀ, ਧਰਤੀ ਅਤੇ ਹਵਾ ਵਿਚ ਘੁਲਣ ਤੋਂ ਬਾਅਦ ਖੁਰਾਕ ਵਿਚ ਆ ਜਾਂਦੇ ਹਨ ਤੇ ਬਿਮਾਰੀਆਂ ਦਾ ਕਾਰਨ ਬਣਦੇ ਹਨ। ਪੰਜਾਬ 'ਚ ਜਿਹੜੇ ਪੰਛੀ, ਦਰੱਖ਼ਤ, ਪੌਦੇ, ਸੂਖਮ ਜੀਵ ਜਿਵੇਂ ਗੰਡੋਏ ਆਦਿ ਪਹਿਲਾਂ ਨਜ਼ਰ ਆਉਂਦੇ ਸਨ, ਹੁਣ ਖ਼ਤਮ ਹੋ ਰਹੇ ਹਨ। ਇਹ ਧਰਤੀ ਦੀ ਉਪਜਾਊ ਸ਼ਕਤੀ ਅਤੇ ਸੰਤੁਲਤ ਵਾਤਾਵਰਨ ਲਈ ਜ਼ਰੂਰੀ ਸਨ।

ਪੰਜਾਬ ਵਿਚ ਰਸਾਇਣਾਂ ਦੀ ਸਭ ਤੋਂ ਜ਼ਿਆਦਾ ਵਰਤੋਂ ਇਸ ਕਰ ਕੇ ਹੋ ਰਹੀ ਹੈ ਕਿਉਂਕਿ ਇੱਥੇ ਪਾਣੀ ਅਸਾਨੀ ਨਾਲ ਮਿਲ ਜਾਂਦਾ ਸੀ ਪਰ ਹੁਣ ਇਨ੍ਹਾਂ ਦੇ ਮਾੜੇ ਪ੍ਰਭਾਵ ਨਜ਼ਰ ਆ ਰਹੇ ਹਨ। 1970 ਤੋਂ ਪਹਿਲਾਂ ਧਰਤੀ 'ਤੇ ਮੋਟਰ ਲਾ ਕੇ ਪਾਣੀ ਕੱਢਿਆ ਜਾਂਦਾ ਸੀ, ਪਾਣੀ ਡੂੰਘਾ ਹੋਣ ਨਾਲ 1980 ਤੋਂ ਖੂਹੀ ਵਿਚ ਮੋਟਰ ਲਾ ਕੇ ਪਾਣੀ ਕੱਢਿਆ ਜਾਂਦਾ ਰਿਹਾ। ਪਾਣੀ ਦੇ ਮਾਹਿਰਾਂ ਅਨੁਸਾਰ ਇਹ ਪਾਣੀ ਦੀ ਦੂਜੀ ਪੱਧਰ ਸੀ। ਫਿਰ ਸਾਲ 2000 ਤੋਂ ਬਾਅਦ ਪਾਣੀ ਕੱਢਣ ਲਈ ਸਬਮਰਸੀਬਲ ਪੰਪ ਲਾਏ ਗਏ ਜੋ ਪਾਣੀ ਦੀ ਤੀਜੀ ਪੱਧਰ ਤੋਂ ਪਾਣੀ ਕੱਢ ਰਹੇ ਹਨ। ਇਹ ਕਲਪਨਾ ਬੜੀ ਡਰਾਉਣੀ ਲੱਗਦੀ ਹੈ ਕਿ ਜੇ ਤੀਜੀ ਪੱਧਰ ਤੋਂ ਵੀ ਪਾਣੀ ਖ਼ਤਮ ਹੋ ਗਿਆ ਤਾਂ ਫਿਰ ਕੀ ਕੀਤਾ ਜਾਵੇਗਾ? ਪਾਣੀ ਜਿ ?ਦਗੀ ਦਾ ਆਧਾਰ ਹੈ ਜਿਸ ਤੋਂ ਜੀਵ ਪੈਦਾ ਹੁੰਦਾ ਹੈ; ਜੇ ਉਹੀ ਖ਼ਤਮ ਹੋ ਗਿਆ ਤਾਂ ਫਿਰ ਕੀ ਹੋਵੇਗਾ?

ਦਰਅਸਲ, ਵਸੋਂ ਦਾ ਸਾਧਨਾਂ ਅਨੁਸਾਰ ਆਦਰਸ਼ਕ ਸੰਤੁਲਨ ਹੋਣਾ ਚਾਹੀਦਾ ਸੀ। ਰਸਾਇਣਾਂ ਦੀ ਵਰਤੋਂ ਦਾ ਮੁੱਖ ਕਾਰਨ ਵਸੋਂ ਦੀਆਂ ਲੋੜਾਂ ਹਨ। ਰਸਾਇਣਾਂ ਦੀ ਜਗ੍ਹਾ ਜੈਵਿਕ ਖੇਤੀ ਅਪਣਾਉਣ ਦੀ ਖੋਜ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ। ਕੁਝ ਸਵੈ-ਸੇਵੀ ਸੰਸਥਾਵਾਂ ਨੇ ਜੈਵਿਕ ਖੇਤੀ ਕਰ ਕੇ ਰਸਾਇਣਾਂ ਵਾਲੀ ਖੇਤੀ ਤੋਂ ਵੱਧ ਉਪਜ ਲੈ ਕੇ ਦਿਖਾਈ ਹੈ। ਅੰਮ੍ਰਿਤਸਰ ਸਥਿਤ ਪਿੰਗਲਵਾੜਾ ਦੇ ਫਾਰਮ 'ਤੇ ਕੁਦਰਤੀ ਖੇਤੀ ਨਾਲ ਰਸਾਇਣਾਂ ਆਧਾਰਿਤ ਖੇਤੀ ਨਾਲੋਂ ਵੱਧ ਉਪਜ ਲਈ ਗਈ ਹੈ। ਇਸੇ ਕਰ ਕੇ ਹੀ ਜਦੋਂ ਅਮਰੀਕਾ ਦਾ ਰਾਸ਼ਟਰਪਤੀ ਬਰਾਕ ਓਬਾਮਾ ਭਾਰਤ ਆਇਆ ਸੀ ਤਾਂ ਉਸ ਨੇ ਉਹ ਫਾਰਮ ਦੇਖਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ। ਪਿੱਛੇ ਜਿਹੇ ਮੈਨੂੰ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਨਵੀਂ ਦਿੱਲੀ ਦਾ ਪ੍ਰਾਜੈਕਟ ਮਿਲਿਆ ਸੀ ਜਿਸ ਵਿਚ ਮੇਰੇ ਜ਼ਿੰਮੇ ਜੈਵਿਕ ਅਤੇ ਰਸਾਇਣਕ ਖੇਤੀ ਦੀ ਆਰਥਿਕਤਾ ਦਾ ਅਧਿਐਨ ਕਰਨਾ ਸੀ। ਮੈਂ ਭੋਗਪੁਰ ਨੇੜੇ ਇਕ ਫਾਰਮ 'ਤੇ ਇਕ ਏਕੜ ਵਿਚੋਂ 150 ਕੁਇੰਟਲ ਆਲੂ ਅਤੇ 400 ਕੁਇੰਟਲ ਗੰਨਾ ਉਪਜ ਦੇਖੀ ਸੀ। ਉਹ ਮੁਰਗੀਆਂ ਦੀਆਂ ਵਿੱਠਾਂ ਖਾਦ ਵਜੋਂ ਵਰਤ ਰਹੇ ਸਨ। ਅਜੇ ਵੀ ਜੈਵਿਕ ਖੇਤੀ ਵਿਚ ਵਰਤੀਆਂ ਜਾਣ ਵਾਲੀਆਂ ਆਗਤਾਂ (inputs) ਜਿਵੇਂ ਖਾਦਾਂ ਬਾਰੇ ਕਈ ਭੁਲੇਖੇ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਇਕ ਮਾਹਿਰ ਨਾਲ ਜਦੋਂ ਮੈਂ ਉਸ ਫਾਰਮ ਦੀ ਉੱਚੀ ਉਪਜ ਲੈਣ ਦੀ ਗੱਲ ਕੀਤੀ ਤਾਂ ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁਰਗੀਆਂ ਦੀਆਂ ਵਿੱਠਾਂ ਦੀ ਵਰਤੋਂ ਕਰਨ ਨਾਲ ਉਹ ਫਾਰਮ ਜੈਵਿਕ ਹੀ ਨਹੀਂ ਰਹਿੰਦਾ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਭੁਲੇਖਾ ਹੈ ਅਤੇ ਬਗ਼ੈਰ ਕਿਸੇ ਟੈਸਟ ਜਾਂ ਤਜਰਬੇ 'ਤੇ ਕਹੀ ਗਈ ਗੱਲ ਹੈ। ਇਸ ਤਰ੍ਹਾਂ ਦੇ ਆਗਤਾਂ ਬਾਰੇ ਪਏ ਭੁਲੇਖੇ ਖੋਜ ਅਨੁਸਾਰ ਦੂਰ ਕਰਨੇ ਚਾਹੀਦੇ ਹਨ ਅਤੇ ਉਪਯੋਗੀ ਆਗਤਾਂ ਦੀ ਖੋਜ ਕਰ ਕੇ ਮੰਡੀ ਵਿਚ ਸਸਤੀਆਂ ਕੀਮਤਾਂ 'ਤੇ ਵੇਚਣ ਦੇ ਯਤਨ ਕਰਨੇ ਚਾਹੀਦੇ ਹਨ।

ਵਾਤਾਵਰਨ ਦੇ ਸੰਤੁਲਨ ਲਈ ਸਰਕਾਰ ਦੀ ਸਰਪ੍ਰਸਤੀ ਦੀ ਅੱਜ ਕੱਲ੍ਹ ਵੱਡੀ ਲੋੜ ਹੈ ਅਤੇ ਇਸ ਨੂੰ ਸਮਾਜ ਸੇਵੀ ਸੰਸਥਾਵਾਂ 'ਤੇ ਨਹੀਂ ਛੱਡਿਆ ਜਾ ਸਕਦਾ; ਨਹੀਂ ਤਾਂ ਇਸ ਦੇ ਸਿੱਟੇ ਬਹੁਤ ਗੰਭੀਰ ਨਿਕਲਣਗੇ। ਪੰਜਾਬ ਵਿਚ ਪਾਣੀ ਦੀ ਪੱਧਰ ਇਸ ਹੱਦ ਤੱਕ ਥੱਲੇ ਚਲੀ ਗਈ ਹੈ ਕਿ ਬਹੁਤ ਸਾਰੇ ਬਲਾਕਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ। ਵਾਤਾਵਰਨ ਵਿਚ ਇਸ ਹੱਦ ਤੱਕ ਵਿਗਾੜ ਆ ਗਿਆ ਹੈ ਕਿ ਪੰਜਾਬ ਵਿਚ ਹਫਤਾ ਹਫਤਾ ਜਿਹੜੇ ਮੀਂਹ ਪੈਂਦੇ ਹੁੰਦੇ ਸਨ, ਅਜਿਹਾ ਹਫਤਾ ਹੁਣ ਕਦੀ ਨਹੀਂ ਆਇਆ। ਮੀਂਹ ਜਿਹੜਾ ਸਾਲ ਵਿਚ 500 ਮਿਲੀਮੀਟਰ ਤੋਂ ਉਪਰ ਹੁੰਦਾ ਸੀ, ਹੁਣ 450 ਮਿਲੀਮੀਟਰ ਤਕ ਹੀ ਹੁੰਦਾ ਹੈ। ਅੱਜ ਕੱਲ੍ਹ 32 ਲੱਖ ਹੈਕਟੇਅਰ ਖੇਤਰ 'ਤੇ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ; ਜੇ ਇਸ ਨੂੰ ਅੱਧਾ ਵੀ ਕਰ ਦਿੱਤਾ ਜਾਵੇ ਤਾਂ ਇਸ ਨਾਲ ਖੁਰਾਕ ਦੇ ਭੰਡਾਰਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਇਸ ਲਈ ਕਿਨ੍ਹਾਂ ਖੇਤਰਾਂ ਵਿਚ ਕਿੰਨਾ ਝੋਨਾ ਬੀਜਣਾ ਹੈ, ਉਸ ਦੀ ਅਗਵਾਈ ਸਰਕਾਰ ਦੀ ਸਰਪ੍ਰਸਤੀ ਅਧੀਨ ਹੀ ਹੋ ਸਕਦੀ ਹੈ। ਜਿਸ ਤਰ੍ਹਾਂ ਕੇਰਲ ਵਿਚ ਸਬਜ਼ੀਆਂ ਖਰੀਦਣ ਦਾ ਮਾਡਲ ਹੈ। ਇਸ ਅਧੀਨ ਕੋਈ ਵੀ ਕਿਸਾਨ ਦੋ ਏਕੜ ਤੋਂ ਵੱਧ ਸਬਜ਼ੀਆਂ ਨਹੀਂ ਬੀਜ ਸਕਦਾ ਅਤੇ ਉਤਪਾਦਕ ਨੂੰ ਪਹਿਲਾਂ ਮੰਡੀਕਰਨ ਵਿਭਾਗ ਕੋਲ ਇਹ ਦਰਜ ਕਰਾਉਣਾ ਪੈਂਦਾ ਹੈ। ਇਸ ਤਰ੍ਹਾਂ ਦੇ ਮਾਡਲ ਅਪਣਾਉਣ ਦੀ ਲੋੜ ਹੈ। ਬਠਿੰਡਾ, ਫਰੀਦਕੋਟ, ਮਾਨਸਾ ਆਦਿ ਦੇ ਟਿੱਬਿਆਂ 'ਤੇ ਝੋਨਾ ਬੀਜਣ ਦਾ ਕਾਰਨ ਉਨ੍ਹਾਂ ਦੀ ਸਰਕਾਰੀ ਖਰੀਦ ਹੈ ਅਤੇ ਉਹੋ ਜਿਹੀ ਸਰਕਾਰੀ ਖਰੀਦ ਹੋਰ ਫਸਲਾਂ ਲਈ ਯਕੀਨੀ ਬਣਾਉਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੇ ਵਾਤਾਵਰਨ ਵਿਚ ਸਰੋਂ, ਤਾਰਾਮੀਰਾ, ਤਿਲ, ਜੌਂ, ਬਾਜਰਾ, ਮਾਂਹ, ਮੱਕੀ ਆਦਿ ਫਸਲਾਂ ਦਾ ਚੱਕਰ ਹਾੜ੍ਹੀ ਅਤੇ ਸਾਉਣੀ ਦੀਆਂ ਰੁੱਤਾਂ ਵਿਚ ਅਪਣਾਇਆ ਜਾਵੇ ਜਿਹੜਾ ਪਹਿਲਾਂ ਵਾਲੇ ਪੰਛੀਆਂ, ਜੀਵਾਂ ਅਤੇ ਸੂਖਮ ਜੀਵਾਂ ਨੂੰ ਫਿਰ ਸੱਦਾ ਦੇਵੇ।

ਪੰਜਾਬ ਦੀ ਜੈਵਿਕ ਖੇਤੀ ਬਰਾਮਦਾਂ ਦੀ ਵੱਡੀ ਸਮਰੱਥਾ ਹੈ। ਯੂਰੋਪੀਅਨ ਦੇਸ਼ ਅਤੇ ਅਮਰੀਕਾ, ਭਾਰਤ ਤੋਂ ਮਿਲਣ ਵਾਲੀਆਂ ਜੈਵਿਕ ਫਸਲਾਂ ਦੀ ਮੰਗ ਕਰਦੇ ਹਨ ਅਤੇ ਰਸਾਇਣਾਂ 'ਤੇ ਆਧਾਰਿਤ ਫਸਲਾਂ ਨਕਾਰਦੇ ਹਨ। ਭਾਰਤ ਸਰਕਾਰ ਨੇ ਰਾਸ਼ਟਰੀ ਜੈਵਿਕ ਪ੍ਰੋਗਰਾਮ ਉਲੀਕਿਆ ਹੈ ਜਿਸ ਨੇ ਜੈਵਿਕ ਪ੍ਰਮਾਣੀਕਰਨ (certification) ਲਈ 25 ਵਿਸ਼ੇਸ਼ ਲੈਬਾਰਟਰੀਆਂ ਖੋਲ੍ਹੀਆਂ ਹਨ। ਪਿੱਛੇ ਜਿਹੇ ਭਾਰਤ ਦੀਆਂ ਵੱਖ ਵੱਖ ਫਰਮਾਂ ਨੇ 19 ਲੱਖ ਟਨ ਜੈਵਿਕ ਫਸਲਾਂ ਦੀ ਬਰਾਮਦ ਕੀਤੀ ਸੀ ਜਿਸ ਤੋਂ 40 ਕਰੋੜ ਡਾਲਰ ਕਮਾਏ ਗਏ ਸਨ ਪਰ ਜੈਵਿਕ ਮੰਗ ਦੇ ਬਰਾਬਰ ਜੈਵਿਕ ਪੂਰਤੀ ਇਸ ਕਰ ਕੇ ਨਹੀਂ ਕਿਉਂਕਿ ਇਨ੍ਹਾਂ ਨੂੰ ਵਧਾਉਣ ਲਈ ਜੈਵਿਕ ਆਗਤਾਂ (ਇਨਪੁੱਟਸ) ਅਤੇ ਜੈਵਿਕ ਉਪਜਾਂ ਦੀ ਖੋਜ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ ਜੋ ਵਾਤਾਵਰਨ ਲਈ ਲੋੜੀਂਦਾ ਹੈ।

ਪੰਜਾਬੀ ਯੂਨੀਵਰਸਿਟੀ ਦਾ ਦਸਵਾਂ ਪੰਜ-ਰੋਜ਼ਾ 'ਪੁਸਤਕ ਮੇਲਾ ਅਤੇ ਸਾਹਿਤ ਉਤਸਵ' ਪੂਰੇ ਉਤਸ਼ਾਹ ਨਾਲ ਜਾਰੀ

➢ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ ਪਾਠਕ ➢ ਤਿੰਨ ਬੈਠਕਾਂ ਰਾਹੀਂ ਮਾਹਿਰਾਂ ਨੇ ਰਚਾਇਆ ਸੰਵਾਦ

ਪਟਿਆਲਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਦਸਵਾਂ ਪੁਸਤਕ ਮੇਲਾ ਅਤੇ ਸਾਹਿਤ ਉਤਸਵ ਦੂਜੇ ਦਿਨ @ਮਾਨਸਿਕ ਸਿਹਤ ਦੇ ਛੋਹੇ- ਅਣਛੋਹੇ ਪਹਿਲੂ ਵਿਸ਼ੇ ਨਾਲ਼ ਸੰਬੰਧਿਤ ਪਹਿਲੀ ਬੈਠਕ ਰਾਹੀਂ ਸ਼ੁਰੂ ਹੋਇਆ। ਮਨੋਵਿਗਿਆਨ ਦੇ ਅਧਿਆਪਕ ਡਾ. ਵਿਧੂ ਮੋਹਨ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਕਿਨ੍ਹਾਂ ਕਾਰਨਾਂ ਕਰਕੇ ਮਾਨਸਿਕ ਸਿਹਤ ਲਈ ਮਸਲੇ ਖੜ੍ਹੇ ਹੁੰਦੇ ਹਨ। ਨੌਜਵਾਨਾਂ ਦੇ ਖਾਣ-ਪੀਣ, ਨੀਂਦ ਦੇ ਪੱਧਰ ਵੱਲ ਧਿਆਨ ਨਾ ਦੇਣਾ ਆਦਿ ਮਾਨਸਿਕ ਸਿਹਤ ਲਈ ਬੇਹੱਦ ਖਤਰਨਾਕ ਹੈ। ਆਤਮ ਵਿਸ਼ਵਾਸ਼ ਦੀ ਕਮੀ , ਸੰਚਾਰ ਤਰਕੀਬਾਂ ਦੀ ਕਮੀ, ਕਿਸੇ ਕੰਮ ਮੌਕੇ ਬੇਲੋੜੀ ਘਬਰਾਹਟ ਦਾ ਪੈਦਾ ਹੋਣਾ ਸਾਡੀ ਮਾਨਸਿਕ ਸਿਹਤ ਦੀ ਅਸਲ ਹਾਲਤ ਦੇ ਸੂਚਕ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਮਾਨਸਿਕ ਸਿਹਤ ਦੀ ਜ਼ਿੰਮੇਵਾਰੀ ਆਪ ਹੀ ਲੈਣੀ ਪਵੇਗੀ। ਉਨ੍ਹਾਂ ਦੱਸਿਆ ਕਿ ਮਨੋਵਿਗਿਆਨ ਕੇਵਲ ਅਸਧਾਰਨ ਮਨੋਵਿਗਿਆਨ ਹੀ ਨਹੀਂ ਸਗੋਂ ਇਹ ਚੰਗੀ ਮਾਨਸਿਕ ਸਿਹਤ ਦੀ ਵੀ ਗੱਲ ਕਰਦਾ ਹੈ।

ਇਸ ਮੌਕੇ ਦੂਜੇ ਮਾਹਿਰ ਡਾ.ਮਨਦੀਪ ਕੌਰ ਨੇ ਕਿਹਾ ਕਿ ਮੈਂਟਲ ਹੈਲਥ ਜਾਂ ਮਾਨਸਿਕ ਸਿਹਤ ਬਾਰੇ ਸਮਾਜ ਦੇ ਵਿੱਚ ਸਾਡੀ ਸਮਝ ਅਜੇ ਘੱਟ ਵਿਹਾਰਕ ਬਣੀ ਹੈ। ਮਾਨਸਿਕ ਬਿਮਾਰੀ ਦੇ ਵਿੱਚ ਮਨੁੱਖ ਦੇ ਅਸਾਧਰਨ ਵਿਹਾਰ ਤੋਂ ਹੀ ਵਿਹਾਰਕ ਸਮਝ ਪੈਦਾ ਹੁੰਦੀ ਹੈ। ਸੈਲਫ਼-ਹਾਰਮ ਭਾਵ ਸਵੈ-ਘਾਤ ਦੀ ਅਲਾਮਤ ਬਾਰੇ ਉਨ੍ਹਾਂ ਕਿਹਾ ਕਿ ਮਨੁੱਖ ਤਣਾਅ ਦੇ ਸਮੇਂ ਉਦਾਸੀ ਵੱਲ ਵੱਧਦਾ ਹੈ ਅਤੇ ਫੇਰ ਆਤਮ ਘਾਤੀ ਸੋਚ ਵਿਕਸਿਤ ਹੁੰਦੀ ਹੈ। ਦਬਾਅ ਵਰਗੇ ਮਸਲੇ ਵੀ ਸਵੈ-ਘਾਤ ਨੂੰ ਵਧੇਰੇ ਪ੍ਰਬਲ ਕਰਦੇ ਹਨ। ਅਜਿਹੇ ਮਸਲਿਆਂ ਦੀ ਪਛਾਣ ਕਰਕੇ ਉਨ੍ਹਾਂ ਦਾ ਹੱਲ ਕੀਤਾ ਜਾ ਸਕਦਾ ਹੈ। ਮਨ ਨੂੰ ਕੈਦ ਕਰਨ ਵਾਲੇ ਨਕਾਰਤਮਕ ਕੰਮਾਂ ਨੂੰ ਸਮਝ ਕੇ ਉਨ੍ਹਾਂ ਤੋਂ ਮੁਕਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਾਂਹ-ਪੱਖੀ ਵਿਚਾਰਾਂ ਨੂੰ ਰੋਕ ਲਾਉਣ ਦਾ ਪੱਕਾ ਤਰੀਕਾ-ਕਾਰ ਹੋਣਾ ਜ਼ਰੂਰੀ ਹੈ। ਉਨ੍ਹਾਂ ਮਨੋ-ਵਿਕਾਰਾਂ ਤੋਂ ਬਚਣ ਦੇ ਕਾਫੀ ਵਿਹਾਰਕ ਉਪਾਅ ਦੱਸੇ।

ਡਾ. ਕਮਲਪ੍ਰੀਤ ਕੌਰ ਨੇ ਕਿਹਾ ਕਿ ਮਾਨਸਿਕ ਸਿਹਤ ਨੂੰ ਠੀਕ ਰੱਖਣ ਲਈ ਸਾਡੇ ਸਮਾਜ ਨੇ ਕਈ ਕੁਝ ਉਸਾਰੂ ਸਿਰਜਿਆ ਹੈ ਨਾਲ ਹੀ ਅਨੇਕਾਂ ਭਰਮ-ਭੁਲੇਖੇ ਵੀ ਸਿਰਜੇ ਹਨ। ਮਨੋਰੋਗ ਨੂੰ ਸਾਡੇ ਸਮਾਜ ਵਿੱਚ ਕਲੰਕ ਸਮਾਨ ਮੰਨਿਆ ਜਾਂਦਾ ਹੈ। ਮਾਨਸਿਕ ਰੋਗ ਬਾਰੇ ਸਾਡੇ ਭਰਮ ਹਨ ਕਿ ਮਨੋਰੋਗੀ ਠੀਕ ਨਹੀਂ ਹੋ ਸਕਦੇ। ਪਰ ਖਾਸ ਪ੍ਰਕਿਰਿਆ ਰਾਹੀਂ ਮਨੋਰੋਗ ਤੋਂ ਉਭਰਿਆ ਜਾ ਸਕਦਾ ਹੈ। ਇਸ ਬੈਠਕ ਰਾਹੀਂ ਪ੍ਰੋਫੈਸਰ ਅਮਨਦੀਪ ਕੌਰ ਨੇ ਬੜੇ ਰਚਨਾਤਮਕ ਢੰਗ ਨਾਲ ਸੰਵਾਦ ਰਚਾਇਆ।

@ਖੋਜ ਦੇ ਨਵੇਂ ਰੰਗ: ਇੱਕ ਸੰਵਾਦ'ਵਿਸ਼ੇ ਨਾਲ ਸੰਬੰਧਿਤ ਦੂਜੀ ਬੈਠਕ ਦੀ ਪ੍ਰਧਾਨਗੀ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜੇ. ਐੱਸ. ਚੀਮਾ ਨੇ ਕੀਤੀ। ਇਸ ਵਿੱਚ ਮਹਾਜਨ ਚਕਰਵਰਤੀ, ਦਿੱਲੀ ਯੂਨੀਵਰਸਿਟੀ, ਦਿੱਲੀ ਨੇ ਕਿਹਾ ਕਿ ਖੋਜ ਦੇ ਕੰਮ ਦੀ ਯਾਤਰਾ ਇਕਲੇਪਣ ਦੀ ਯਾਤਰਾ ਹੁੰਦੀ ਹੈ। ਸਾਡੇ ਖੋਜ ਕਰਨ ਲਈ ਖੋਜੀ ਬਿਰਤੀ ਨਾਲੋਂ ਬਾਹਰੀ ਮਸਲੇ ਜਿਆਦਾਤਰ ਜੁੜੇ ਹੁੰਦੇ ਹਨ। ਖੋਜ ਕਰਨ ਵਾਲਾ ਕੰਮ ਚੇਤਨ ਤੌਰ ਉੱਪਰ ਉਸਰ ਸਕਦਾ ਹੈ। ਓ.ਸੀ.ਆਰ ਦੀ ਖੋਜ ਦੇ ਖੇਤਰ ਵਿੱਚ ਭੂਮਿਕਾ ਅਤੇ ਖੇਤਰੀ ਖੋਜ ਦੇ ਹਵਾਲੇ ਨਾਲ ਉਨ੍ਹਾਂ ਨੇ ਬਹੁਤ ਮਹੱਤਵਪੂਰਨ ਨੁਕਤਿਆਂ ਬਾਰੇ ਚਰਚਾ ਕੀਤੀ। ਅਕਾਦਮਿਕ ਪੱਧਰ ਉੱਪਰ ਪ੍ਰਕਾਸ਼ਨ ਦੇ ਕੰਮ ਕਈ ਵਾਰ ਸਿਰਫ਼ ਨੌਕਰੀ ਦੀ ਤਰੱਕੀ ਦੀਆਂ ਲੋੜਾਂ ਤੀਕਰ ਮਹਿਦੂਦ ਰਹਿ ਜਾਂਦੇ ਹਨ। ਜਵਾਹਰ ਲਾਲ ਯੂਨੀਵਰਸਿਟੀ ਦੀ ਖੋਜਾਰਥਣ ਕੋਮਲ ਨੇ ਕੁੜੀਆਂ ਦੀ ਖੋਜ ਦੇ ਖੇਤਰ ਵਿੱਚ ਭੂਮਿਕਾ ਬਾਰੇ ਅਤੇ ਖੋਜ ਦੀਆਂ ਵਿਧੀਆਂ ਬਾਰੇ, ਅੰਤਰ-ਅਨੁਸ਼ਾਸਨੀ ਖੋਜ ਬਾਰੇ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ। ਖੋਜ ਵਿੱਚ ਸਮਾਜ ਅਤੇ ਰਾਜਨੀਤੀ ਦਾ ਦਖਲ ਵੀ ਅਹਿਮ ਹੁੰਦਾ ਹੈ। ਘੱਟ-ਗਿਣਤੀਆਂ ਦੇ ਸ਼ਨਾਖਤੀ ਸੰਕਟ ਬਾਰੇ ਉਨ੍ਹਾਂ ਨੇ ਆਪਣੀ ਖੋਜ ਨਾਲ ਸੰਬੰਧਿਤ ਵਿਹਾਰਕ ਤਜਰਬੇ ਸਾਂਝੇ ਕੀਤੇ।

ਸੱਤਦੀਪ ਗਿੱਲ (ਵਿਕੀਪੀਡੀਆ ਕਰਮੀ) ਨੇ ਹੱਥ ਲਿਖਤ ਖਰੜਿਆਂ ਜਾਂ ਦਸਤਾਵੇਜ਼ਾਂ ਨੂੰ ਮਸਨੂਈ ਬੁੱਧੀ ਨਾਲ ਸੰਬੰਧਿਤ ਨਵੇਂ ਟੂਲਜ ਦੇ ਨਾਲ ਪੜ੍ਹਨ ਯੋਗ ਜਾਂ ਸਮਝਣ ਯੋਗ ਬਣਾਉਣ ਹਿੱਤ ਪਾਰ ਰਾਸ਼ਟਰੀ ਭਾਈਵਾਲੀ ਦੇ ਰੋਲ ਬਾਰੇ ਗੱਲ ਕੀਤੀ। ਨਵੀਂ ਨਾਲ ਅੰਗਰੇਜ਼ੀ ਵਿਭਾਗ ਦੇ ਅਧਿਆਪਕ ਮੋਨਿਕਾ ਸੱਭਰਵਾਲ ਨੇ ਇਸ ਬੈਠਕ ਦੇ ਸੰਵਾਦ-ਕਰਤਾ ਵਜੋਂ ਭੂਮਿਕਾ ਨਿਭਾਈ। ਸ਼ੋਸ਼ਲ ਮੀਡੀਆ ਦੇ ਯੁੱਗ ਨੇ ਖੋਜ ਦੇ ਖੇਤਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

'ਪੰਜਾਬੀ ਸਿਨਮਾ ਦੇ ਸਮਕਾਲ ਅਤੇ ਭਵਿੱਖ ਦੀ ਬਾਤ'ਵਿਸ਼ੇ ਨਾਲ ਸੰਬੰਧਿਤ ਤੀਜੀ ਬੈਠਕ ਬਾਅਦ ਦੁਪਹਿਰ ਸ਼ੁਰੂ ਹੋਈ। ਇਸ ਵਿਸ਼ੇ ਨਾਲ ਸੰਬੰਧਿਤ ਚਰਚਾਕਾਰਾਂ ਅਮਰਦੀਪ ਗਿੱਲ ਨੇ ਕਿਹਾ ਕਿ ਜਿਹੜਾ ਕਮਰਸ਼ੀਅਲ ਸਿਨੇਮਾ ਹੈ ਉਹ ਹਮੇਸ਼ਾਂ ਆਪਣੇ ਵਪਾਰ ਨੂੰ ਮੁੱਖ ਰੱਖ ਕੇ ਚੱਲਦਾ ਹੈ। ਉਨ੍ਹਾਂ ਨੇ ਪੰਜਾਬੀ ਵਿੱਚ ਔਰਤ ਪ੍ਰਤੀਨਿਧ ਪਾਤਰਾਂ ਵਾਲੀਆਂ ਫਿਲਮਾਂ ਦੀ ਸਥਿਤੀ ਬਾਰੇ ਵੀਂ ਚਰਚਾ ਕੀਤੀ। ਪੰਜਾਬੀ ਫ਼ਿਲਮਕਾਰ ਜਸਦੀਪ ਨੇ ਬਦਲਵੇਂ ਸਿਨਮੇਂ ਜਾਂ ਕਲਾਤਮਕ ਮਹੱਤਤਾ ਵਾਲੇ ਸਿਨਮੇਂ ਬਾਰੇ ਬੋਲਦਿਆਂ ਕਿਹਾ ਕਿ ਅਜਿਹੇ ਸਿਨਮੇ ਵਿੱਚ ਕਲਾ ਜਾਂ ਕ੍ਰਾਫਟ ਪ੍ਰਧਾਨ ਰੂਪ ਵਿੱਚ ਹਾਜ਼ਰ ਰਹਿੰਦੇ ਹਨ। ਮੜ੍ਹੀ ਦਾ ਦੀਵਾ ਵਰਗੀਆਂ ਕਲਾਤਮਕ ਫ਼ਿਲਮਾਂ ਦੇ ਹਵਾਲੇ ਨਾਲ ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਫ਼ਿਲਮਾਂ ਨਾਲ ਹੀ ਸਮਾਂਤਰ ਸਿਨਮਾ ਬਣਦਾ ਹੈ। ਬਦਲਵਾਂ ਸਿਨਮਾ ਆਮ ਕਰਕੇ ਤੁਰੰਤ ਅਤੇ ਵੱਡੀ ਕਮਾਈ ਨਹੀਂ ਦਿੰਦਾ।

ਪੰਜਾਬੀ ਦੇ ਅਹਿਮ ਫ਼ਿਲਮਸਾਜ਼ ਅਮੀਤੋਜ ਮਾਨ ਨੇ ਕਿਹਾ ਕਿ ਸਿਨੇਮਾ ਸਿਰਫ਼ ਚੰਗਾ ਜਾਂ ਮਾੜਾ ਸਿਨੇਮਾ ਹੁੰਦਾ ਹੈ। ਸਿਨੇਮਾ ਕਦੇ ਵੀਂ ਸਮਾਂਤਰ ਸਿਨੇਮਾ ਜਾਂ ਦੂਸਰਾ ਸਿਨੇਮਾ ਨਹੀਂ ਹੁੰਦਾ। ਚੰਗੀ ਫ਼ਿਲਮ ਵਿੱਚ ਜਿਆਦਾ ਕੁਝ ਚੰਗਾ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਫਿਲਮਾਂ ਨੂੰ ਛੋਟੀਆਂ ਵੰਡਾਂ ਵਿੱਚ ਵੰਡ ਕੇ ਨਹੀਂ ਵੇਖਣਾ ਚਾਹੀਦਾ। ਚੰਗੀ ਫ਼ਿਲਮ ਦੇ ਵਿੱਚ ਸਾਰੇ ਪੱਖ ਮਹੱਤਵਪੂਰਨ ਹੁੰਦੇ ਹਨ। ਚੱਲਣ ਵਾਲੀਆਂ ਸਭ ਫਿਲਮਾਂ ਹਮੇਸ਼ਾਂ ਚੰਗੀਆਂ ਨਹੀਂ ਹੁੰਦੀਆਂ। ਕਈ ਵਾਰ ਚੰਗੀਆਂ ਫਿਲਮਾਂ ਬਹੁਤੀ ਕਮਾਈ ਨਹੀਂ ਕਰ ਪਾਉਂਦੀਆਂ। ਫ਼ਿਲਮ ਭਰੋਸਾ ਕਰਨ ਯੋਗ ਬਣਨੀ ਚਾਹੀਦੀ ਹੈ। ਫਿਲਮਾਂ ਵਿੱਚ ਔਰਤਾਂ ਦੇ ਕਿਰਦਾਰ ਦੇ ਹਵਾਲੇ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਫਿਲਮਾਂ ਸਮਾਜ ਦਾ ਹੀ ਦਰਪਨ ਹੁੰਦੀਆਂ ਹਨ। ਜਿਵੇਂ ਦਾ ਸਾਡਾ ਸਮਾਜ ਹੁੰਦਾ ਹੈ ਉਵੇਂ ਦੀਆਂ ਹੀ ਸਾਡੀਆਂ ਫਿਲਮਾਂ ਹੁੰਦੀਆਂ ਹਨ। ਇਸ ਬੈਠਕ ਦਾ ਸੰਚਾਲਨ ਡਾ.ਮਨਪ੍ਰੀਤ ਮਹਿਨਾਜ਼ ਵੱਲੋਂ ਕੀਤਾ ਗਿਆ।

ਪੁਸਤਕ ਮੇਲੇ ਅਤੇ ਸਾਹਿਤ ਉਤਸਵ ਦੇ ਦੂਸਰੇ ਦਿਨ ਦੀ ਆਖ਼ਰੀ ਅਤੇ ਚੌਥੀ ਬੈਠਕ ਵਿੱਚ ਗੁਰਲੀਨ ਕੌਰ ਪਟਿਆਲਾ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸੰਗੀਤਕ ਪ੍ਰੋਗਰਾਮ ਸ਼ਾਮ 4:30 ਵਜੇ ਪੇਸ਼ ਕੀਤਾ ਗਿਆ। ਇਸ ਸੰਗੀਤਕ ਸ਼ਾਮ ਵਿੱਚ ਡਾ. ਜਸਵਿੰਦਰ ਸਿੰਘ, ਡਾ. ਬਲਦੇਵ ਸਿੰਘ ਚੀਮਾ ਅਤੇ ਸ੍ਰੀ ਕ੍ਰਿਪਾਲ ਕਜ਼ਾਕ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪੁਸਤਕ ਮੇਲੇ ਵਿੱਚ ਪੁਸਤਕ-ਪ੍ਰੇਮੀਆਂ ਦਾ ਉਤਸ਼ਾਹ ਸਿਖਰਾਂ ਨੂੰ ਛੂਹ ਰਿਹਾ ਸੀ। ਸਕੂਲਾਂ ਦੇ ਬੱਚੇ ਬੜੇ ਪੁਸਤਕ ਮੇਲੇ ਦੀ ਸ਼ਾਨ ਨੂੰ ਹੋਰ ਸੋਹਣੇ ਰੰਗ ਦਿੰਦੇ ਨਜ਼ਰ ਆਏ।

ਪਟਿਆਲਾ ਪੁਲਿਸ ਨੇ ਸੁਲਝਾਇਆ ਸਮੀਰ ਕਟਾਰੀਆ ਦੇ ਕਤਲ ਦਾ ਮਾਮਲਾ; ਚਾਰ ਲੁਟੇਰੇ ਦੋਸ਼ੀ ਕਾਬੂ

➢ ਇੱਕ ਲੁਟੇਰੇ ਦੇ ਲੱਤ ਵਿੱਚ ਐਨਕਾਊਂਟਰ ਦੌਰਾਨ ਲੱਗੀ ਗੋਲੀ ➢ ਲੁਟੇਰਿਆਂ ਨੇ ਕੁਝ ਘੰਟੇ ਪਹਿਲਾਂ ਹੀ ਲੁਧਿਆਣਾ ਵਿੱਚ ਵੀ ਕੀਤੀ ਸੀ ਵਾਰਦਾਤ

ਪਟਿਆਲਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

2 ਦਿਨ ਪਹਿਲਾਂ ਪਾਸੀ ਰੋਡ ਪਟਿਆਲਾ ਵਿਖੇ ਅੱਧੀ ਰਾਤ ਨੂੰ ਕ੍ਰਿਸ਼ਨਾ ਗਲੀ ਪਟਿਆਲਾ ਵਾਸੀ ਸਮੀਰ ਕਟਾਰੀਆ ਦੇ ਕਤਲ ਕੇਸ ਨੂੰ ਪਟਿਆਲਾ ਪੁਲਿਸ ਨੇ ਸੁਲਝਾ ਕੇ 4 ਦੋਸ਼ੀਆਂ ਨੂੰ ਗਿਰਫ਼ਤਾਰ ਕਰ ਲਿਆ ਹੈ। ਉਕਤ ਲੁਟੇਰੇ ਇਸ ਵਾਰਦਾਤ ਤੋਂ ਕੁਝ ਘੰਟੇ ਪਹਿਲਾਂ ਹੀ ਲੁਧਿਆਣਾ ਵਿਖੇ ਵੀ ਲੁੱਟ ਦੀ ਵਾਰਦਾਤ ਨੂੰ ਅੰਜ਼ਾਮ ਦੇ ਕੇ ਆਏ ਸਨ ਜਿਸ ਕਾਰਨ ਲੁਧਿਆਣਾ ਪੁਲਿਸ ਨੇ ਵੀ ਦੋਸ਼ੀਆਂ ਵਿਰੁੱਧ ਮੁਕੱਦਮਾ ਦਰਜ਼ ਕੀਤਾ ਹੋਇਆ ਸੀ। ਇਸ ਤਰ੍ਹਾਂ ਪਟਿਆਲਾ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਨਾਲ ਲੁਧਿਆਣਾ ਪੁਲਿਸ ਦਾ ਕੇਸ ਵੀ ਲਗਭਗ ਸੁਲਝ ਗਿਆ ਹੈ।

ਐਸਐਸਪੀ ਪਟਿਆਲਾ ਸ੍ਰੀ ਵਰੁਣ ਸ਼ਰਮਾ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਪਟਿਆਲਾ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਬੀਤੀ 27 ਤੇ 28 ਜਨਵਰੀ ਦੀ ਦਰਮਿਆਨੀ ਰਾਤ ਨੂੰ ਪਟਿਆਲਾ ਦੀ ਪਾਸੀ ਰੋਡ ਉਤੇ ਸੁਮੀਰ ਕਟਾਰੀਆ ਤੋਂ ਗੱਡੀ ਦੀ ਲੁੱਟ ਕਰਨ ਸਮੇਂ ਚਾਰ ਅਣਪਛਾਤੇ ਵਿਅਕਤੀਆਂ ਨੇ ਚਾਕੂ ਨਾਲ ਹਮਲਾ ਕਰਕੇ ਉਸਦਾ ਕਤਲ ਕਰ ਦਿੱਤਾ ਸੀ ਅਤੇ ਇੱਕ ਫਾਇਰ ਵੀ ਕੀਤਾ ਸੀ। ਇਸ ਅੰਨ੍ਹੇ ਕਤਲ ਨੂੰ ਟਰੇਸ ਕਰਨ ਲਈ ਮੁਹੰਮਦ ਸਰਫਰਾਜ ਆਲਮ, ਆਈਪੀਐਸ, ਪੁਲਿਸ ਕਪਤਾਨ ਸਿਟੀ ਪਟਿਆਲਾ, ਐੱਸ ਪੀ ਇਨਵੈਸਟੀਗੇਸ਼ਨ, ਡੀਐਸਪੀ ਇਨਵੈਸਟੀਗੇਸ਼ਨ, ਪਟਿਆਲਾ, ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਪਟਿਆਲਾ ਅਤੇ ਇੰਸਪੈਕਟਰ ਹਰਜਿੰਦਰ ਸਿੰਘ ਥਾਣਾ ਮੁਖੀ ਸਿਵਲ ਲਾਇਨ ਪਟਿਆਲਾ ਦੀਆਂ ਟੀਮਾਂ ਦਾ ਗਠਨ ਕੀਤਾ ਗਿਆ ਸੀ, ਇਨ੍ਹਾਂ ਟੀਮਾਂ ਵੱਲੋਂ ਮੌਕਾ ਵਾਰਦਾਤ ਦੇ ਏਰੀਆ ਮੈਪਿੰਗ ਕਰਕੇ ਅਤੇ ਖੁਫੀਆਂ ਸੋਰਸਾਂ ਤੇ ਵਾਰਦਾਤ ਵਿੱਚ ਸ਼ਾਮਲ ਵਿਅਕਤੀਆਂ ਦੀ ਸ਼ਨਾਖਤ ਕਰਕੇ ਮ੍ਰਿਤਕ ਸੁਮੀਰ ਕਟਾਰੀਆ ਦੇ ਅੰਨ੍ਹੇ ਕਤਲ ਦੀ ਗੁੰਥੀ ਸੁਲਝਾਉਣ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਉਨ੍ਹਾਂ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਅੱਜ ਮਿਤੀ 31 ਜਨਵਰੀ ਨੂੰ ਅਭੀਸੇਕ ਪੁੱਤਰ ਰੋਹੀ ਸਿੰਘ ਵਾਸੀ ਜਗਤਪੁਰ ਮੁਹੱਲਾ ਥਾਣਾ ਸਦਰ ਧੂਰੀ ਜਿਲ੍ਹਾ ਸੰਗਰੂਰ ਜੋ ਕਿ ਪਟਿਆਲਾ ਵਿਖੇ ਭਾਦਸੋਂ ਰੋਡ ਉਤੇ ਦੋਸ਼ੀ ਨੇ ਪੁਲਿਸ ਪਾਰਟੀ ਉਤੇ 3 ਫਾਇਰ ਕੀਤੇ ਅਤੇ ਜਵਾਬੀ ਐਨਕਾਊਂਟਰ ਵਿਚ ਉਹ ਜਖਮੀ ਹੋ ਗਿਆ। ਉਸ ਪਾਸੋਂ ਮੌਕੇ 'ਤੇ ਇਕ ਪਿਸਟਲ .32 ਬੋਰ ਸਮੇਤ 3 ਗੋਲੀਆਂ ਤੇ 3 ਖੋਲ ਰੌਂਦ ਅਤੇ ਇਕ ਬਿਨਾ ਨੰਬਰੀ ਮੋਟਰਸਾਇਕਲ ਬਰਾਮਦ ਹੋਇਆ ਹੈ।

ਐਸਐਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਬੀਤੀ ਕੱਲ੍ਹ ਮਿਤੀ 30 ਜਨਵਰੀ ਨੂੰ ਦੋਸ਼ੀ ਦਿਨੇਸ਼ ਕੁਮਾਰ ਉਰਫ ਦੀਨੂੰ ਉਰਫ ਬਿੱਲਾ ਪੁੱਤਰ ਰਮੇਸ਼ ਕੁਮਾਰ ਵਾਸੀ ਦੀਨ ਦਿਆਲ ਉਪਾਧਿਆ ਐਸ.ਐਸ.ਟੀ ਨਗਰ ਥਾਣਾ ਲਾਹੌਰੀ ਗੇਟ ਪਟਿਆਲਾ ਨੂੰ ਰੇਲਵੇ ਫਾਟਕ ਧੂਰੀ ਜਿਲ੍ਹਾ ਸੰਗਰੂਰ ਤੋਂ ਗ੍ਰਿਫਤਾਰ ਕੀਤਾ ਗਿਆ। ਇਸ ਅੰਨ੍ਹੇ ਕਤਲ ਨੂੰ ਟਰੇਸ ਕਰਨ ਲਈ ਸੀ.ਆਈ.ਏ.ਪਟਿਆਲਾ ਅਤੇ ਥਾਣਾ ਸਿਵਲ ਲਾਈਨ ਦੀਆਂ ਟੀਮਾਂ ਦਿਨ ਰਾਤ ਕੰਮ ਕਰ ਰਹੀਆਂ ਸਨ।

ਘਟਨਾ ਦੀ ਜਾਣਕਾਰੀ ਦਿੰਦੇ ਹੋਏ ਐਸਐਸਪੀ ਨੇ ਸੰਖੇਪ ਵਿੱਚ ਦੱਸਿਆ ਕਿ ਸਮੀਰ ਕਟਾਰੀਆ (ਉਮਰ 33 ਸਾਲ) ਜੋ ਕਿ ਮਹਿੰਦਰਾ ਕਾਰ ਉਤੇ ਸਵਾਰ ਹੋ ਕੇ ਘਰ ਦਾ ਸਮਾਨ ਦੁੱਧ ਵਗੈਰਾ ਲੈਣ ਲਈ ਗੁਰੂਦੁਆਰਾ ਦੁਖਨਿਵਾਰਨ ਸਾਹਿਬ ਦੇ ਸਾਹਮਣੇ ਵਾਲੀ ਮਾਰਕਿਟ ਪਾਸੀ ਰੋਡ ਵਿਖੇ ਗਿਆ ਸੀ ਜਿਥੇ ਕੁਝ ਨਾਮਾਲੂਮ ਵਿਅਕਤੀਆਂ ਵੱਲੋਂ ਤੇਜਧਾਰ ਹਥਿਆਰਾਂ ਨਾਲ ਸੁਮੀਰ ਕਟਾਰੀਆ ਉਤੇ ਹਮਲਾ ਕਰਕੇ ਕਤਲ ਕਰ ਦਿੱਤਾ ਸੀ, ਜਿਸ ਬਾਰੇ ਮੁਕਦਮਾ ਨੰਬਰ 18 ਮਿਤੀ 28 ਜਨਵਰੀ ਅ/ਧ 302 ਅਤੇ 25/54/59 ਅਸਲਾ ਐਕਟ ਥਾਣਾ ਸਿਵਲ ਲਾਇਨ ਪਟਿਆਲਾ ਦਰਜ ਕੀਤਾ ਗਿਆ। ਸਮੀਰ ਤੋਂ ਖੋਹੀ ਦੀ ਗੱਡੀ ਕਾਰ ਪਾਸੀ ਰੋਡ ਤੋਂ ਕਰੀਬ ਡੇਢ ਕਿਲੋਮੀਟਰ ਦੀ ਦੂਰੀ ਤੋਂ ਐਕਸੀਡੈਂਟ ਹਾਲਤ ਵਿੱਚ ਮਿਲੀ ਸੀ।

ਪੁਲਿਸ ਨਾਲ ਹੋਏ ਐਨਕਾਊਂਟਰ ਸੰਬੰਧੀ ਜਾਣਕਾਰੀ ਦਿੰਦਿਆਂ ਐਸਐਸਪੀ ਨੇ ਦੱਸਿਆ ਕਿ ਅੱਜ ਮਿਤੀ 31 ਜਨਵਰੀ ਨੂੰ ਪਟਿਆਲਾ ਪੁਲਿਸ ਵੱਲੋਂ ਪਿੰਡ ਉਚਾ ਗਾਓ, ਸੁਏ ਦੀ ਪਟੜੀ ਨੇੜੇ ਕੇ.ਸੀ.ਫਾਰਮ ਸਿੱਧੂਵਾਲ (ਭਾਦਸੋ ਰੋਡ) ਵਿਖੇ ਮੌਜੂਦ ਸੀ ਜਿਥੇ ਦੋਸ਼ੀ ਅਭੀਸ਼ੇਕ ਪੁੱਤਰ ਰੋਹੀ ਸਿੰਘ ਵਾਸੀ ਜਗਤਪੁਰਾ ਮੁਹੱਲਾ ਥਾਣਾ ਸਦਰ ਧੂਰੀ ਜਿਲ੍ਹਾ ਸੰਗਰੂਰ ਬਾਰੇ ਭਾਦਸੋਂ ਸਾਇਡ ਤੋਂ ਮੋਟਰਸਾਇਕਲ ਪਰ ਸਵਾਰ ਹੋ ਕੇ ਪਟਿਆਲਾ ਨੂੰ ਆਉਣ ਬਾਰੇ ਖੁਫੀਆ ਜਾਣਕਾਰੀ ਮਿਲੀ ਤਾਂ ਇਸੇ ਦੌਰਾਨ ਦੋਸ਼ੀ ਅਭੀਸ਼ੇਕ ਉਕਤ ਮੋਟਰਸਾਇਕਲ ਪਰ ਭਾਦਸੋਂ ਸਾਇਡ ਤੋਂ ਆਇਆ, ਜਿਸਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਦੋਸ਼ੀ ਅਭੀਸ਼ੇਕ ਨੇ ਉਕਤ ਨਾਕਾਬੰਦੀ ਪਰ ਰੁਕਣ ਦੀ ਬਜਾਏ ਮੋਟਰਸਾਇਕਲ ਤੋਂ ਥੱਲੇ ਉਤਰ ਕੇ ਆਪਣੇ ਡੱਬ ਵਿਚੋਂ ਪਿਸਟਲ ਕੱਢ ਕੇ ਪੁਲਿਸ ਪਾਰਟੀ ਉਤੇ ਮਾਰ ਦੇਣ ਦੀ ਨੀਯਤ ਨਾਲ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਪੁਲਿਸ ਪਾਰਟੀ ਦੇ ਵਾਰ ਵਾਰ ਫਾਇਰ ਨਾ ਕਰਨ ਦੀ ਅਪੀਲ ਦੇ ਬਾਵਜੂਦ ਉਸਨੇ ਫਾਇਰ ਕੀਤੇ ਪੁਲਿਸ ਪਾਰਟੀ ਨੇ ਵੀ ਬਚਾਅ ਲਈ ਜਵਾਬੀ ਫਾਇਰ ਕੀਤੇ। ਦੋਸ਼ੀ ਅਭੀਸ਼ੇਕ ਸੱਜੀ ਲੱਤ ਉੱਤੇ ਪੁਲਿਸ ਦੀ ਗੋਲੀ ਵੱਜਣ ਕਾਰਨ ਜਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਰਜਿੰਦਰਾ ਹਸਪਤਾਲ ਦਾਖਲ ਕਰਾਇਆ ਗਿਆ ਅਤੇ ਮੌਕੇ ਤੋਂ ਇਕ ਪਿਸਟਲ .32 ਬੋਰ ਸਮੇਤ 3 ਜਿੰਦਾ ਕਾਰਤੂਸ ਅਤੇ 3 ਖਾਲੀ ਖੋਲ ਬਰਾਮਦ ਹੋਏ। ਇਸ ਸਬੰਧੀ ਅੱਜ ਮੁਕੱਦਮਾ ਨੰਬਰ 5, ਮਿਤੀ 31 ਜਨਵਰੀ 2024 ਅ/ਧ 307, 353,186 ਅਤੇ 25 ਅਸਲਾ ਐਕਟ ਥਾਣਾ ਬਖਸ਼ੀਵਾਲਾ ਜਿਲ੍ਹਾ ਪਟਿਆਲਾ ਦਰਜ ਕੀਤਾ ਗਿਆ ਹੈ।

ਐਸਐਸਪੀ ਮੁਤਾਬਕ ਇਸ ਕੇਸ ਦੇ ਇਕ ਹੋਰ ਮੁਲਜ਼ਮ ਦਿਨੇਸ਼ ਕੁਮਾਰ ਉਰਫ ਦੀਨੂੰ ਉਰਫ ਬਿੱਲਾ ਪੁੱਤਰ ਰਮੇਸ ਕੁਮਾਰ ਵਾਸੀ ਦੀਨ ਦਿਆਲ ਉਪਾਧਿਆ ਐਸ.ਐਸ.ਟੀ. ਨਗਰ ਥਾਣਾ ਲਾਹੌਰੀ ਗੇਟ ਪਟਿਆਲਾ ਨੂੰ ਵੀ ਅੱਜ ਹੀ ਦੋਲਾ ਰੇਲਵੇ ਫਾਟਕ ਧੂਰੀ ਜਿਲ੍ਹਾ ਸੰਗਰੂਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

ਸੀ.ਆਈ.ਏ ਪਟਿਆਲਾ ਵੱਲੋਂ ਦਿਨੇਸ਼ ਕੁਮਾਰ ਉਰਫ ਬਿੱਲੇ ਦੇ ਸਾਥੀ ਸਾਹਿਲ ਕੁਮਾਰ ਪੁੱਤਰ ਸੰਜੇ ਕੁਮਾਰ ਅਤੇ ਯੋਗੇਸ਼ ਮੋਰੀਆ ਪੁੱਤਰ ਬੁੱਧ ਰਾਮ ਵਾਸੀਆਨ ਝੁੰਗੀਆ ਗੁਰੂ ਨਾਨਕਪੁਰਾ ਮੁਹੱਲਾ ਸਾਹਮਣੇ ਸਟਾਰ ਪੈਲੇਸ ਰਾਮਪੁਰਾਫੂਲ ਥਾਣਾ ਰਾਮਪੁਰਾਫੂਲ ਜਿਲ੍ਹਾ ਬਠਿੰਡਾ ਨੂੰ ਰਾਜਪੁਰਾ ਚੁੰਗੀ ਨੇੜੇ ਲੱਕੜ ਮੰਡੀ ਪਟਿਆਲਾ ਵਿਖੇ ਦੌਰਾਨੇ ਨਾਕਾਬੰਦੀ ਗ੍ਰਿਫਤਾਰ ਕੀਤਾ ਗਿਆ ਜਿਸ ਕੋਲੋਂ ਇਕ ਪਿਸਤੋਲ ਦੇਸੀ 315 ਬੋਰ ਸਮੇਤ 2 ਕਾਰਤੂਸ ਬਰਾਮਦ ਹੋਏ। ਇਸ ਸਬੰਧੀ ਮੁਕੱਦਮਾ ਨੰਬਰ 14 ਮਿਤੀ 31.01.2024 ਅ/ਧ 25 ਅਸਲਾ ਐਕਟ ਥਾਣਾ ਲਾਹੌਰੀ ਗੇਟ ਪਟਿਆਲਾ ਦਰਜ ਕੀਤਾ ਗਿਆ ਹੈ।

ਮੱਕੀ ਦੀ ਫ਼ਸਲ ਤੋਂ ਜ਼ਿਆਦਾ ਝਾੜ ਲੈਣ ਲਈ ਇਸ ਦੀ ਬਿਜਾਈ 15 ਫਰਵਰੀ ਤਕ ਕਰ ਲੈਣੀ ਚਾਹੀਦੀ ਹੈ। ਬੀਜ ਨੂੰ ਦਵਾਈਆਂ ਨਾਲ ਸੋਧ ਕੇ ਬੀਜਣ ਨਾਲ ਫ਼ਸਲ ਦਾ ਬਿਮਾਰੀਆਂ ਤੋਂ ਬਚਾਅ ਰਹਿੰਦਾ ਹੈ...

ਬਹਾਰ ਰੁੱਤੇ ਮੱਕੀ ਦੀ ਲਾਹੇਵੰਦ ਕਾਸ਼ਤ

• ਜਸਵੀਰ ਸਿੰਘ ਚਾਵਲਾ, ਮਹੇਸ਼ ਕੁਮਾਰ

ਮੱਕੀ ਭਾਰਤ ਦੀ ਮੱਹਤਵਪੂਰਨ ਫ਼ਸਲ ਹੈ। ਪੰਜਾਬ ਵਿਚ ਮੱਕੀ ਦੀ ਕਾਸ਼ਤ ਸਾਉਣੀ ਦੇ ਨਾਲ-ਨਾਲ ਬਹਾਰ ਰੁੱਤ ਵਿਚ ਵੀ ਕੀਤੀ ਜਾਂਦੀ ਹੈ। ਬਹਾਰ ਰੁੱਤ ਦੀ ਮੱਕੀ ਦਾ ਝਾੜ ਜ਼ਿਆਦਾ ਹੁੰਦਾ ਹੈ ਅਤੇ ਇਸ ਦੀ ਕਾਸ਼ਤ ਆਲੂ ਦੀ ਫ਼ਸਲ ਤੋਂ ਬਾਅਦ ਫ਼ਸਲੀ ਚੱਕਰ ਦਾ ਅਹਿਮ ਹਿੱਸਾ ਬਣ ਚੁੱਕੀ ਹੈ ਪਰ ਪੱਕਣ ਸਮੇਂ ਵਧੇਰੇ ਤਾਪਮਾਨ ਤੇ ਜ਼ਿਆਦਾ ਸਿੰਚਾਈ ਦੀ ਜ਼ਰੂਰਤ ਕਾਰਨ ਇਸ ਦੀ ਲਾਹੇਵੰਦ ਕਾਸ਼ਤ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋ ਦੱਸੇ ਗਏ ਢੰਗ ਤਰੀਕੇ ਅਪਣਾਏ ਜਾਣ ਦੀ ਬੇਹੱਦ ਲੋੜ ਹੈ

ਉੱਨਤ ਕਿਸਮਾਂ

ਬਹਾਰ ਰੁੱਤ ਵਿਚ ਵਧੇਰੇ ਝਾੜ ਦੇਣ ਵਾਲੀਆਂ ਦੋਗਲੀਆਂ ਕਿਸਮਾਂ ਪੀਐੱਮਐੱਚ-10, ਪੀਐੱਮਐੱਚ-8, ਪੀਐੱਮਐੱਚ-7, ਪੀਐੱਮਐੱਚ-2, ਪੀਐੱਮਐੱਚ-1 ਅਤੇ ਡੀਕੇਸੀ-9108 ਕਿਸਮਾਂ ਦੀ ਸਿਫਾਰਿਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਦਾ ਦੋਗਲਾ ਬੀਜ (ਡੀਕੇਸੀ-9108 ਨੂੰ ਛੱਡ ਕੇ) ਕਿਸਾਨ ਖ਼ੁਦ ਵੀ ਤਿਆਰ ਕਰ ਸਕਦੇ ਹਨ।

ਬੀਜ ਦੀ ਮਾਤਰਾ

ਵਧੇਰੇ ਝਾੜ ਲੈਣ ਲਈ 10 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਨਰੋਆ ਬੀਜ ਹੀ ਖੇਤ ਵਿਚ ਬੂਟਿਆਂ ਦੀ ਗਿਣਤੀ ਨੂੰ ਯਕੀਨੀ ਬਣਾਉਂਦਾ ਹੈ।

ਇਸ ਤੋਂ ਇਲਾਵਾ ਬੀਜ ਦੀ ਸੋਧ ਵੀ ਅਹਿਮੀਅਤ ਰੱਖਦੀ ਹੈ। ਇਸ ਨਾਲ ਬੀਜ ਗਲਣ ਦੀ ਬਿਮਾਰੀ ਤੇ ਸ਼ਾਖ ਦੀ ਮੱਖੀ ਦੀ ਕਾਰਗਰ ਰੋਕਥਾਮ ਹੋ ਜਾਂਦੀ ਹੈ। ਬੀਜ ਨੂੰ ਇਮਿਡਾਕਲੋਪਰਿਡ 600 ਐੱਫਐੱਸ 6 ਮਿਲੀਲਿਟਰ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਲਗਾ ਕੇ ਸੁੱਕਣ ਉਪਰੰਤ ਉੱਲੀ ਨਾਸ਼ਕ ਜ਼ਹਿਰਾਂ, ਬਾਵਿਸਟਨ/ਡੈਰੋਸਲ/ਐਗਰੋਜ਼ਿਮ (50 ਡਬਲਯੂਪੀ) 3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ-ਅੰਦਰ ਬੀਜ ਦੇਵੋ।

ਬਿਜਾਈ ਦਾ ਸਮਾਂ ਤੇ ਢੰਗ

ਬਹਾਰ ਰੁੱਤ ਦੀ ਫ਼ਸਲ ਤੋਂ ਜ਼ਿਆਦਾ ਝਾੜ ਲੈਣ ਲਈ, ਇਸ ਦੀ ਬਿਜਾਈ ਅੱਧ ਜਨਵਰੀ ਤੋਂ 15 ਫਰਵਰੀ ਤਕ ਕਰ ਲੈਣੀ ਚਾਹੀਦੀ ਹੈ। ਸਮੇਂ

ਸਿਰ ਤੇ ਸਹੀ ਢੰਗ ਨਾਲ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ। ਅਗੇਤੀ ਬਿਜਾਈ ਨਾਲ ਫ਼ਸਲ ਦੇ ਪੁੰਗਾਰੇ ਦਾ ਸਮਾਂ ਵਧ ਜਾਂਦਾ ਹੈ ਤੇ ਪੁੰਗਾਰ ਘਟ ਸਕਦਾ ਹੈ। ਪਛੇਤੀ ਬਿਜਾਈ ਕਰਨ ਨਾਲ ਝਾੜ ਘਟ ਜਾਂਦਾ ਹੈ, ਕਿਉਂਕਿ ਸ਼ਾਖ ਦੀ ਮੱਖੀ ਦਾ ਹਮਲਾ ਮਾਰਚ ਵਿਚ ਜ਼ਿਆਦਾ ਹੁੰਦਾ ਹੈ। ਇਸ ਤੋਂ ਇਲਾਵਾ ਜਦੋਂ ਮੱਕੀ ਨੂੰ ਬੂਰ ਪੈਂਦਾ ਹੈ ਤਾਂ ਤਾਪਮਾਨ ਵੱਧ ਹੋਣ ਕਾਰਨ ਬੂਰ ਸੁੱਕ ਜਾਂਦਾ ਹੈ। ਇਸ ਨਾਲ ਪਰਪਰਾਗਣ ਦੀ ਕ੍ਰਿਆ 'ਚ ਰੁਕਾਵਟ ਪੈ ਜਾਂਦੀ ਹੈ। ਜਿਸ ਕਾਰਨ ਦਾਣੇ ਘੱਟ ਪੈਂਦੇ ਹਨ ਤੇ ਝਾੜ ਪ੍ਰਭਾਵਿਤ ਹੁੰਦਾ ਹੈ।

ਮੱਕੀ ਦੀ ਬਿਜਾਈ 60 ਸੈਂਟੀਮੀਟਰ ਦੀ ਵਿੱਥ 'ਤੇ ਵੱਟਾਂ ਬਣਾ ਕੇ ਪੂਰਬ-ਪੱਛਮ ਵੱਲ, ਉਨ੍ਹਾਂ ਦੇ ਦੱਖਣ ਵਾਲੇ ਪਾਸੇ 6 ਤੋਂ 7 ਸੈਂਟੀਮੀਟਰ ਦੀ ਉਚਾਈ 'ਤੇ ਚੋਕੇ ਲਾ ਕੇ ਕਰੋ ਤਾਂ ਜੋ ਸੂਰਜ ਦੀ ਊਰਜਾ ਵੱਧ ਤੋਂ ਵੱਧ ਪ੍ਰਾਪਤ ਹੋ ਸਕੇ ਤੇ ਬੀਜ ਦਾ ਪੁੰਗਾਰ ਜਲਦੀ ਹੋ ਸਕੇ। ਇਸੇ ਤਰ੍ਹਾਂ ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਚੌੜੇ ਬੈੱਡ ਬਣਾ ਕੇ ਤੇ

ਬੂਟੇ ਤੋਂ ਬੂਟੇ ਦਾ ਫ਼ਾਸਲਾ 18 ਸੈਂਟੀਮੀਟਰ ਰੱਖ ਕੇ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ।

ਖਾਦਾਂ

ਮੱਕੀ ਦੀ ਫ਼ਸਲ ਵਿਚ ਖਾਦਾ ਦੀ ਵਰਤੋਂ ਮਿੱਟੀ ਦੀ ਪਰਖ ਦੇ ਅਧਾਰ ਅਤੇ ਫ਼ਸਲੀ ਚੱਕਰ ਨੂੰ ਧਿਆਨ 'ਚ ਰੱਖ ਕੇ ਕਰੋ, ਕਿਉਂਕਿ ਆਲੂਆਂ ਦੀ ਫ਼ਸਲ ਨੂੰ ਆਮਤੌਰ 'ਤੇ ਚੰਗੀ ਮਾਤਰਾ 'ਚ ਖਾਦ ਪਾਈ ਜਾਂਦੀ ਹੈ। ਮੱਕੀ ਦੀ ਫ਼ਸਲ ਵਿੱਚ ਰੂੜੀ ਦੀ ਗਲੀ-ਸੜੀ ਖਾਦ 6 ਟਨ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਮੱਕੀ ਦੀਆਂ ਲੰਬੇ ਸਮੇਂ ਵਾਲੀਆ ਕਿਸਮਾਂ ਜਿਵੇਂ ਪੀਐੱਮਐੱਚ-10, ਡੀਕੇਸੀ-9108, ਪੀਐੱਮਐੱਚ-1 ਅਤੇ ਪੀਐੱਮਐੱਚ-8 ਲਈ 110 ਕਿੱਲੋ ਯੂਰੀਆ, 150 ਕਿੱਲੋਂ ਸੁਪਰਫਾਸਫੇਟ ਜਾਂ 55 ਕਿੱਲੋ ਡੀਏਪੀ ਖਾਦ ਅਤੇ 20 ਕਿੱਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ, ਪੀਐੱਮਐੱਚ-2 ਅਤੇ ਪੀਐੱਮਐੱਚ-7 ਲਈ ਇਨ੍ਹਾਂ ਖਾਦਾਂ ਦੀ ਵਰਤੋਂ ਕ੍ਰਮਵਾਰ ਪ੍ਰਤੀ ਏਕੜ 75, 75 ਜਾਂ 27 ਅਤੇ 15 ਕਿੱਲੋ ਦੇ ਹਿਸਾਬ ਨਾਲ ਕਰੋ। ਲੋੜ ਪੈਣ ਤੇ ਜ਼ਿੰਕ ਦੀ ਘਾਟ ਨੂੰ ਪੂਰੀ ਕਰਨ ਲਈ 10 ਕਿੱਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਵਰਤੋਂ ਕੀਤੀ ਜਾ ਸਕਦੀ ਹੈ। ਖਾਦਾ ਦਾ ਪੂਰਾ ਫ਼ਾਇਦਾ ਲੈਣ ਲਈ ਸਾਰੀ ਫਾਸਫੋਰਸ, ਪੋਟਾਸ਼ ਤੇ ਤੀਜਾ ਹਿੱਸਾ ਨਾਈਟ੍ਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਓ। ਬਾਕੀ ਰਹਿੰਦੀ ਨਾਈਟ੍ਰੋਜਨ ਵਾਲੀ ਖਾਦ ਦੋ ਹਿੱਸਿਆਂ ਵਿਚ ਪਾਓ। ਇਕ ਹਿੱਸਾ ਉਸ ਵੇਲੇ ਪਾਓ ਜਦ ਫ਼ਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾਓ।

ਨਦੀਨਾਂ ਦੀ ਰੋਕਥਾਮ

ਪੂਰਾ ਝਾੜ ਲੈਣ ਲਈ ਸ਼ੁਰੂਆਤੀ 4-6 ਹਫ਼ਤੇ ਮੱਕੀ ਨੂੰ ਨਦੀਨਾਂ ਤੋਂ ਬਚਾਉਣਾ ਬੇਹੱਦ ਜ਼ਰੂਰੀ ਹੈ। ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਲਈ 800 ਗ੍ਰਾਮ ਐਟਰਾਟਫ 50 ਡਬਲਯੂਪੀ (ਐਟਰਾਜੀਨ) ਪ੍ਰਤੀ ਏਕੜ ਤੇ ਹਲਕੀਆਂ ਜ਼ਮੀਨਾਂ ਵਿਚ 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 2-3 ਦਿਨ ਦੇ ਅੰਦਰ-ਅੰਦਰ 200 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰਨ ਨਾਲ ਨਦੀਨਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਸਿੰਚਾਈ

ਪਾਣੀ ਦੀ ਸੁਚੱਜੀ ਵਰਤੋਂ ਬਹਾਰ ਰੁੱਤ ਦੀ ਕਾਸ਼ਤ ਦਾ ਮੁੱਖ ਮੁੱਦਾ ਹੈ। ਫ਼ਸਲ ਅਤੇ ਮੌਸਮ ਦੇ ਹਿਸਾਬ ਨਾਲ ਹੀ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ, ਮੱਕੀ ਦੀ ਫ਼ਸਲ ਖੜ੍ਹੇ ਪਾਣੀ ਨੂੰ ਨਹੀਂ ਸਹਾਰਦੀ। ਮੀਂਹ ਨੂੰ ਦੇਖਦੇ ਹੋਏ ਪਹਿਲਾ ਪਾਣੀ ਬਿਜਾਈ ਦੇ 25-30 ਦਿਨਾਂ ਬਾਅਦ ਲਾਓ। ਇਸ ਤੋਂ ਬਾਅਦ 10 ਅਪ੍ਰੈਲ ਤਕ 2 ਹਫ਼ਤੇ ਦੇ ਵਕਫ਼ੇ 'ਤੇ ਅਤੇ ਫ਼ਸਲ ਪੱਕਣ ਤਕ ਇਕ ਹਫ਼ਤੇ ਦੇ ਵਕਫ਼ੇ 'ਤੇ ਪਾਣੀ ਲਾਉਂਦੇ ਰਹੋ। ਸੂਤ ਕੱਤਣ ਅਤੇ ਦਾਣਿਆਂ ਦੇ ਵਾਧੇ ਸਮੇਂ ਫ਼ਸਲ ਨੂੰ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ। ਬਹਾਰ ਰੁੱਤ ਦੀ ਮੱਕੀ ਵਿਚ ਤੁਪਕਾ ਸਿੰਚਾਈ ਵਿਧੀ ਨੂੰ ਅਪਣਾ ਕੇ ਵੀ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

ਵਾਢੀ ਤੇ ਦਾਣਿਆਂ ਦੀ ਸੰਭਾਲ

ਜਦੋਂ ਛੱਲੀਆਂ ਦੇ ਪਰਦੇ ਸੁੱਕ ਜਾਣ ਅਤੇ ਦਾਣੇ ਪੱਕ ਕੇ ਸਖ਼ਤ ਹੋ ਜਾਣ ਤਾਂ ਫ਼ਸਲ ਦੀ ਵਾਢੀ ਕਰ ਲੈਣੀ ਚਾਹੀਦੀ ਹੈ, ਭਾਵੇਂ ਬੂਟਾ ਅਤੇ ਕੁਝ ਪੱਤੇ ਅਜੇ ਹਰੇ ਹੀ ਹੋਣ। ਇਨ੍ਹਾਂ ਹਰੇ ਬੂਟਿਆਂ ਨੂੰ ਚਾਰੇ ਲਈ ਵਰਤਿਆ ਜਾ ਸਕਦਾ ਹੈ। ਖੇਤ ਛੇਤੀ ਖਾਲੀ ਕਰਨ ਲਈ ਟਾਂਡਿਆਂ ਨੂੰ ਛੱਲੀਆਂ ਸਮੇਤ ਵੱਢ ਕੇ ਖੇਤ ਦੇ ਇਕ ਪਾਸੇ ਮੁਹਾਰੇ ਲਾਏ ਜਾ ਸਕਦੇ ਹਨ। ਛੱਲੀਆਂ ਦੇ ਚੰਗੀ ਤਰ੍ਹਾਂ ਸੁੱਕ ਜਾਣ 'ਤੇ ਹੀ ਦਾਣੇ ਕੱਢੋ। ਦਾਣੇ ਕੱਢਣ ਲਈ ਹੱਥ ਨਾਲ ਚੱਲਣ ਵਾਲੇ ਤੇ ਮੋਟਰ ਨਾਲ ਚੱਲਣ ਵਾਲੇ ਸ਼ੈਲਰ ਜਾਂ ਸ਼ੈਲਰ ਕਮ ਡੀਹਸਕਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੰਡੀਕਰਨ ਤੋਂ ਪਹਿਲਾਂ ਦਾਣਿਆਂ ਨੂੰ ਸੁਕਾ ਲਵੋ।

ਕੀੜੇ ਅਤੇ ਬਿਮਾਰੀਆਂ

ਬਹਾਰ ਰੁੱਤ ਦੀ ਫ਼ਸਲ ਦਾ ਸ਼ਾਖ ਦੀ ਮੱਖੀ ਬਹੁਤ ਨੁਕਸਾਨ ਕਰਦੀ ਹੈ। ਇਹ ਛੋਟੀ ਫ਼ਸਲ (4-10 ਦਿਨ) 'ਤੇ ਹਮਲਾ ਕਰ ਕੇ ਬੂਟਿਆਂ ਨੂੰ ਸੁਕਾ ਦਿੰਦੀ ਹੈ ਤੇ ਵੱਡੀ ਫ਼ਸਲ 'ਤੇ ਹਮਲੇ ਕਾਰਨ ਬੂਟੇ ਝੁਰੜ-ਮੁਰੜ ਹੋ ਜਾਂਦੇ ਹਨ। ਇਸ ਦੀ ਰੋਕਥਾਮ ਲਈ ਗਾਚੋ ਨਾਲ ਬੀਜ ਨੂੰ ਸੋਧ ਕੇ ਬੀਜੋ। ਇਸ ਦੇ ਹਮਲੇ ਤੋਂ ਬਾਅਦ ਫ਼ਸਲ ਦੇ ਨੁਕਸਾਨ ਨੂੰ ਅਸਰਦਾਰ ਢੰਗ ਨਾਲ ਨਹੀਂ ਰੋਕਿਆ ਜਾ ਸਕਦਾ। ਬੀਜ ਗਲਣ ਤੇ ਪੁੰਗਾਰ ਦੇ ਝੁਲਸ ਰੋਗ ਨਾਲ ਫ਼ਸਲ ਦਾ ਜੰਮ ਮਾੜਾ ਹੋ ਜਾਂਦਾ ਹੈ। ਬੂਟੇ ਕਮਜ਼ੋਰ ਤੇ ਮਰ ਜਾਂਦੇ ਹਨ। ਇਸ ਲਈ ਬੀਜ ਨੂੰ ਸਿਫਾਰਿਸ਼ ਕੀਤੀਆਂ ਉੱਲੀ ਨਾਸ਼ਕ ਦਵਾਈਆ ਨਾਲ ਸੋਧੋ। ਪਛੇਤੇ ਮੁਰਝਾਉਣ ਰੋਗ ਨਾਲ ਟਾਂਡੇ ਗਲਣ ਕਾਰਨ ਫੁੱਲ ਨਿਕਲਣ ਤੋਂ ਬਾਅਦ ਬੂਟਾ ਮੁਰਝਾ ਜਾਂਦਾ ਹੈ। ਇਸ ਦੀ ਰੋਕਥਾਮ ਲਈ ਫ਼ਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਓ ਤੇ ਬਿਮਾਰੀ ਨੂੰ ਸਹਿਣ ਕਰਨ ਵਾਲੀ ਕਿਸਮ ਪੀਐੱਮਐੱਚ-10 ਦੀ ਕਾਸ਼ਤ ਕਰੋ। •

ਗੈਸ ਉਤਪਾਦਨ ਦਾ ਉੱਤਮ ਸਾਧਨ ਗੁੰਬਦ ਵਾਲਾ ਬਾਇਓ ਗੈਸ ਪਲਾਂਟ

• ਸਰਬਜੀਤ ਸਿੰਘ ਸੂਚ

ਪੰਜਾਬ 'ਚ ਡੇਢ ਦਹਾਕੇ ਤੋਂ ਡੇਅਰੀ ਫਾਰਮਿੰਗ ਦਾ ਧੰਦਾ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਇਸ ਵੇਲੇ ਪੰਜਾਬ 'ਚ ਕਰੀਬ 4 ਹਜ਼ਾਰ ਡੇਅਰੀ ਫਾਰਮ ਹਨ, ਜਿਨ੍ਹਾਂ 'ਚ 50 ਤੋਂ 500 ਪਸ਼ੂ ਪ੍ਰਤੀ ਫਾਰਮ ਹਨ। ਇਨ੍ਹਾਂ ਡੇਅਰੀ ਫਾਰਮਾਂ 'ਚ ਮੌਜੂਦ ਗੋਬਰ ਦੇ ਉਚਿਤ ਨਿਪਟਾਰੇ ਲਈ ਲਈ ਵੱਡੇ ਆਕਾਰ ਦੇ ਬਾਇਓ ਗੈਸ ਪਲਾਂਟ ਲਗਾਉਣਾ ਸਮੇਂ ਦੀ ਮੰਗ ਹੈ। ਇਨ੍ਹਾਂ ਪਲਾਂਟਾਂ ਤੋਂ ਪੈਦਾ ਹੋਈ ਗੈਸ ਨੂੰ ਖਾਣਾ ਬਣਾਉਣ ਤੇ ਬਿਜਲੀ ਪੈਦਾ ਕਰਨ ਲਈ ਵਰਤਿਆ ਜਾ ਸਕਦਾ ਹੈ। ਬਾਇਓ ਪਲਾਂਟ 'ਚੋ ਨਿਕਲਣ ਵਾਲੀ ਸਲਰੀ ਦੀ ਖਾਦ ਦੇ ਤੌਰ ਤੇ ਵਰਤੋਂ ਕੀਤੀ ਜਾ ਸਕਦੀ ਹੈ।

ਪੰਜਾਬ 'ਚ ਕਰੀਬ 15 ਹਜ਼ਾਰ ਪੋਲਟਰੀ ਫਾਰਮ ਵੀ ਹਨ, ਜਿਨ੍ਹਾਂ 'ਚ ਮੀਟ ਵਾਸਤੇ ਮੁਰਗੇ ਪੈਦਾ ਕੀਤੇ ਜਾਂਦੇ ਹਨ। ਇਨ੍ਹਾਂ ਫਾਰਮਾਂ 'ਚ 2 ਹਜ਼ਾਰ ਤੋਂ 50 ਹਜ਼ਾਰ ਮੁਰਗੇ ਪ੍ਰਤੀ ਫਾਰਮ ਮੌਜੂਦ ਹਨ। ਇਸੇ ਤਰ੍ਹਾਂ ਪੰਜਾਬ 'ਚ ਕਰੀਬ 2 ਹਜ਼ਾਰ ਮੁਰਗੀ ਫਾਰਮ ਆਂਡੇ ਪੈਦਾ ਕਰਦੇ ਹਨ। ਇਨ੍ਹਾਂ ਫਾਰਮਾਂ 'ਚ 10 ਹਜ਼ਾਰ ਤੋਂ 3 ਲੱਖ ਮੁਰਗੀਆਂ ਪ੍ਰਤੀ ਫਾਰਮ ਹਨ। ਇਨ੍ਹਾਂ ਮੁਰਗੀ ਫਾਰਮਾਂ 'ਚ ਜਮ੍ਹਾਂ ਹੋਣ ਵਾਲੀਆਂ ਬਿੱਠਾਂ ਦਾ ਨਿਪਟਾਰਾ ਵੀ ਬਾਇਓ ਗੈਸ ਪਲਾਂਟ ਲਗਾ ਕੇ ਕੀਤਾ ਜਾ ਸਕਦਾ ਹੈ। ਖਾਣਾ ਬਣਾਉਣ ਤੋਂ ਇਲਾਵਾ ਇਨ੍ਹਾਂ ਪਲਾਂਟਾਂ ਤੋਂ ਪੈਦਾ ਹੋਈ ਗੈਸ ਤੇ ਬਿਜਲੀ ਦੀ ਵਰਤੋਂ ਮੁਰਗੀ ਫਾਰਮਾਂ 'ਚ ਵੱਖ-ਵੱਖ ਕੰਮਾਂ ਲਈ ਕੀਤੀ ਜਾ ਸਕਦੀ ਹੈ ਤੇ ਮੁਰਗੀ ਫਾਰਮ ਦੇ ਆਲੇ-ਦੁਆਲੇ ਦਾ ਵਾਤਾਵਰਣ ਵੀ ਸਾਫ਼ ਰੱਖਿਆ ਜਾ ਸਕਦਾ ਹੈ। ਪੀਏਯੂ ਨੇ ਡੇਅਰੀ ਫਾਰਮਰਾਂ, ਪੋਲਟਰੀ ਫਾਰਮਾਂ, ਗਊਸ਼ਾਲਾਵਾਂ, ਸਨਅਤੀ ਤੇ ਵਿੱਦਿਅਕ ਅਦਾਰਿਆਂ, ਧਾਰਮਿਕ ਸੰਸਥਾਵਾਂ ਆਦਿ ਦੀ ਜ਼ਰੂਰਤ ਮੁਤਾਬਿਕ ਵੱਡੀ ਸਮਰਥਾ ਵਾਲੇ ਮੋਡੀਫਾਈਡ ਪੀਏਯੂ ਜਨਤਾ ਮਾਡਲ ਬਾਇਓ ਗੈਸ ਪਲਾਂਟ 2005 'ਚ ਤਿਆਰ ਕੀਤਾ ਸੀ। ਇਹ ਪਲਾਂਟ ਜਨਤਾ ਪਲਾਂਟ ਦਾ ਵੱਡੀ ਸਮਰਥਾ ਵਾਲਾ ਮਾਡਲ ਹੈ।

ਪੀਏਯੂ ਮਾਡਲ ਬਾਇਓ ਗੈਸ ਪਲਾਂਟ ਦੀਆਂ ਵਿਸ਼ੇਸ਼ਤਾਵਾਂ

ਇਹ ਬਾਇਓ ਗੈਸ ਪਲਾਂਟ ਇੱਟਾਂ ਦੀ ਚਿਣਾਈ ਕਰ ਕੇ ਬਣਾਇਆ ਜਾਂਦਾ ਹੈ ਤੇ ਇਸ 'ਚ ਕੰਨਕਰੀਟ ਜਾਂ ਲੋਹੇ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਦੀ ਸਮਰਥਾ 25 ਤੋਂ 500 ਘਣ ਮੀਟਰ ਪ੍ਰਤੀ ਦਿਨ ਹੈ। ਇਨ੍ਹਾਂ ਪਲਾਂਟਾਂ 'ਚ ਗੋਹੇ ਵਿਚ ਪਾਣੀ ਦੀ ਮਾਤਰਾ ਨੂੰ 40 ਤੋਂ 50 ਫ਼ੀਸਦੀ ਤਕ ਘਟਾਇਆ ਜਾ ਸਕਦਾ ਹੈ। ਇਨ੍ਹਾਂ ਦੇ ਰੱਖ-ਰਖਾਓ 'ਤੇ ਘੱਟ ਖ਼ਰਚਾ ਹੁੰਦਾ ਹੈ। ਇਨ੍ਹਾਂ ਉੱਪਰ ਲੋਹੇ ਦੇ ਪਲਾਂਟਾਂ ਦੇ ਮੁਕਾਬਲੇ 40 ਤੋਂ 50 ਫ਼ੀਸਦੀ ਘੱਟ ਲਾਗਤ ਆਉਂਦੀ ਹੈ। ਭਾਰਤ ਸਰਕਾਰ ਦੇ ਨਵੀਨ ਅਤੇ ਨਵਿਆਉਣ ਯੋਗ ਊਰਜਾ ਸਰੋਤ ਮੰਤਰਾਲੇ ਵਲੋਂ ਇਹ ਪਲਾਂਟ ਲਗਾਉਣ ਲਈ ਪੀਏਯੂ ਰਾਹੀ ਸਬਸਿਡੀ ਵੀ ਦਿੱਤੀ ਜਾਂਦੀ ਹੈ। ਪੰਜਾਬ 'ਚ ਇਸ ਤਰ੍ਹਾਂ ਦੇ 100 ਬਾਇਓ ਗੈਸ ਪਲਾਂਟ ਹਨ।

ਸਫਲਤਾ ਦੀ ਮਿਸਾਲ

ਰੋਪੜ ਜ਼ਿਲ੍ਹੇ ਦੇ ਆਰਐੱਸ ਡੇਅਰੀ ਫਾਰਮ ਦੇ ਮਾਲਕ ਦਿਲਬਾਰ ਸਿੰਘ ਨੇ ਆਪਣੇ ਡੇਅਰੀ ਫਾਰਮ 'ਤੇ ਇਹ ਗੈਸ ਪਲਾਂਟ ਲਗਾਉਣ ਲਈ ਪੀਏਯੂ ਲੁਧਿਆਣਾ ਦੇ ਨਵਿਆਉਣਯੋਗ ਊਰਜਾ ਇੰਜੀਨੀਅਰਿੰਗ ਸਕੂਲ ਕੋਲ ਪਹੁੰਚ ਕੀਤੀ। ਉਨ੍ਹਾਂ ਦੇ ਡੇਅਰੀ ਫਾਰਮ 'ਚ 150 ਗਾਵਾਂ ਹਨ। ਦਿਲਬਾਰ ਸਿੰਘ ਇਸ ਪਲਾਂਟ ਤੋਂ ਬਾਇਓ ਗੈਸ ਨੂੰ ਪਿੰਡ ਦੇ 60-70 ਘਰਾਂ ਨੂੰ ਮੁਫ਼ਤ ਸਪਲਾਈ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ 120 ਘਣ ਮੀਟਰ ਸਮਰਥਾ ਵਾਲਾ ਪੀਏਯੂ ਮਾਡਲ ਬਾਇਓ ਗੈਸ ਪਲਾਂਟ ਲਗਾਉਣ ਦਾ ਫ਼ੈਸਲਾ ਲਿਆ। ਨਵਿਆਉਣਯੋਗ ਊਰਜਾ ਇੰਜੀਨੀਅਰਿੰਗ ਸਕੂਲ ਦੀ ਨਿਗਰਾਨੀ ਹੇਠ ਬਣੇ ਇਸ ਪਲਾਂਟ ਤੋਂ 2011 'ਚ ਬਾਇਓ ਗੈਸ ਪੈਦਾ ਹੋਣੀ ਸ਼ੁਰੂ ਹੋ ਗਈ। ਇਹ ਸਕੂਲ ਹੁਣ ਤਕ ਇਸ ਪ੍ਰਾਜੈਕਟ ਦੀ ਦੇਖਰੇਖ ਕਰ ਰਿਹਾ ਹੈ।

ਪਿੰਡ 'ਚ ਕੁੱਲ 75 ਘਰ ਹਨ, ਜਿਨ੍ਹਾਂ 'ਚ ਦੋ ਘਰਾਂ ਕੋਲ ਹੀ ਪਰਿਵਾਰਕ ਪੱਧਰ ਦੇ ਬਾਇਓ ਗੈਸ ਪਲਾਂਟ ਹਨ। ਦਿਲਬਾਗ ਸਿੰਘ ਦੇ ਡੇਅਰੀ ਫਾਰਮ 'ਚ ਰੋਜ਼ਾਨਾ 30 ਕੁਇੰਟਲ ਗੋਬਰ ਇਕੱਠਾ ਹੁੰਦਾ ਹੈ। ਇਹ ਪਲਾਂਟ ਪਿੰਡ ਦੇ 70 ਘਰਾਂ ਨੂੰ ਬਾਇਓ ਗੈਸ ਮੁਹੱਈਆ ਕਰਵਾ ਰਿਹਾ ਹੈ। ਇਸ ਪਲਾਂਟ ਤੋਂ ਸਵੇਰੇ, ਦੁਪਹਿਰ ਅਤੇ ਸ਼ਾਮ 2-2 ਘੰਟੇ ਲਈ ਇਨ੍ਹਾਂ ਘਰਾਂ ਨੂੰ ਗੈਸ ਦੀ ਸਪਲਾਈ ਕੀਤੀ ਜਾਂਦੀ ਹੈ। ਇਸ ਨਾਲ ਪ੍ਰਤੀ ਪਰਿਵਾਰ 1.5 ਤੋਂ 2 ਘਣ ਮੀਟਰ ਬਾਇਓ ਗੈਸ ਦੀ ਖਪਤ ਹੁੰਦੀ ਹੈ। ਇਹ ਗੈਸ ਸਾਰੇ ਲੋਕਾਂ ਨੂੰ ਬਿਲਕੁਲ ਮੁਫ਼ਤ ਸਪਲਾਈ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਅਗਸਤ 2011 ਤੋਂ ਅੱਜ ਤਕ ਇਸ ਪਲਾਂਟ 'ਚ ਕੋਈ ਨੁਕਸ ਨਹੀਂ ਪਿਆ।

ਗੈਸ ਪਾਈਪ ਲਾਈਨ ਤੇ ਹੋਰ ਸਾਮਾਨ ਦੇ ਰੱਖ ਰਖਾਓ ਵਾਸਤੇ ਪਿੰਡ ਵਾਸੀਆਂ ਵੱਲੋਂ ਇਕ ਪਲੰਬਰ ਰੱਖਿਆ ਕੀਤਾ ਗਿਆ ਹੈ, ਜਿਸ ਦਾ ਖ਼ਰਚਾ ਬਾਇਓ ਗੈਸ ਵਰਤਣ ਵਾਲੇ ਘਰਾਂ ਵੱਲੋਂ ਇਕੱਠਾ ਕਰ ਕੇ ਕੀਤਾ ਜਾਂਦਾ ਹੈ। ਇਸ ਬਾਇਓ ਗੈਸ ਪਲਾਂਟ 'ਚੋਂ ਨਿਕਲਣ ਵਾਲੀ ਸਲਰੀ 5000 ਲੀਟਰ ਦੇ ਇਕ ਟੈਂਕਰ 'ਚ ਜਮ੍ਹਾਂ ਹੁੰਦੀ ਹੈ, ਜਿਸ ਦੀ ਵਰਤੋਂ ਦਿਲਬਾਰ ਸਿੰਘ ਆਪਣੇ ਖੇਤਾਂ ਵਿਚ ਖਾਦ ਦੇ ਰੂਪ 'ਚ ਕਰਦੇ ਹਨ।

ਮੋਬਾਈਲ 98720-84513

ਬਾਇਓ ਗੈਸ ਪਲਾਂਟ ਊਰਜਾ ਸੰਭਾਲ ਦਾ ਢੁਕਵਾਂ ਜ਼ਰੀਆ ਹੈ। ਇਸ ਨਾਲ ਗੈਸ ਤੇ ਬਿਜਲੀ ਦੋਵੇਂ ਪੈਦਾ ਕੀਤੇ ਜਾ ਸਕਦੇ ਹਨ ਤੇ ਦੇਸੀ ਖਾਦ ਵੀ ਪ੍ਰਾਪਤ ਹੁੰਦੀ ਹੈ...

ਵੱਧ ਮੁਨਾਫ਼ਾ ਦਿੰਦੀ ਹੈ ਮਿਰਚ ਦੀ ਦੋਗਲੀ ਕਿਸਮ ਸੀਐੱਚ-27

ਮਿਰਚ ਦੀ ਸੀਐੱਚ-27 ਕਿਸਮ ਪੱਤਾ ਲਪੇਟ ਵਾਇਰਸ, ਜੜ੍ਹ ਸੂਤਰ ਨਿਮਾਟੋਡ ਤੇ ਫਲ ਗਲਣ ਆਦਿ ਬਿਮਾਰੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਹ ਕਿਸਮ ਥਰਿੱਪ ਤੇ ਜੂੰ ਵਰਗੇ ਕੀੜਿਆਂ ਨੂੰ ਵੀ ਸਹਾਰ ਸਕਦੀ ਹੈ...

• ਐੱਸਕੇ ਜਿੰਦਲ

ਭਾਰਤ ਵਿਚ ਲਾਲ ਮਿਰਚ ਨੂੰ ਮਸਾਲਿਆਂ 'ਚ ਪ੍ਰਮੁਖਤਾ ਨਾਲ ਸ਼ਾਮਲ ਕੀਤਾ ਜਾਂਦਾ ਹੈ ਤੇ ਹਰੀ ਮਿਰਚ ਨੂੰ ਸਬਜ਼ੀ ਦੇ ਤੌਰ 'ਤੇ ਵਰਤਿਆ ਜਾਂਦਾ ਹੈ । ਮਿਰਚ ਦੀ ਫ਼ਸਲ ਮੌਸਮ, ਬਿਮਾਰੀਆਂ ਤੇ ਕੀੜੇ-ਮਕੌੜਿਆਂ ਤੋਂ ਕਾਫੀ ਪ੍ਰਭਾਵਿਤ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋ ਮਿਰਚ ਦੀ ਹਾਈਬ੍ਰਿਡ ਕਿਸਮ ਸੀਐੱਚ-27 ਦੀ ਪੰਜਾਬ ਵਿਚ ਕਾਸ਼ਤ ਲਈ ਜ਼ੋਰਦਾਰ ਸਿਫਾਰਿਸ਼ ਕੀਤੀ ਗਈ ਹੈ।

ਸੀਐੱਚ-27 ਦੇ ਗੁਣ

ਇਹ ਇਕ ਦੋਗਲੀ ਕਿਸਮ ਹੈ। ਇਸ ਦੇ ਮਾਪੇ ਐੱਮਐੱਸ-12 ਅਤੇ ਐੱਸ-343 ਹਨ। ਇਸ ਕਿਸਮ ਦੇ ਬੂਟੇ ਉਚੇ ਅਤੇ ਫੈਲਾਅ ਵਾਲੇ ਹੁੰਦੇ ਹਨ। ਇਹ ਕਿਸਮ ਕਾਫੀ ਲੰਬੇ ਸਮੇਂ ਤਕ ਫਲ ਦਿੰਦੀ ਹੈ। ਫਲ ਦਰਮਿਆਨੇ ਲੰਬੇ (6.7 ਸੈਂਟੀਮੀਟਰ), ਪਤਲੀ ਛਿੱਲੜ ਵਾਲੇ ਤੇ ਹਲਕੇ ਹਰੇ ਰੰਗ ਦੇ ਹੁੰਦੇ ਹਨ। ਪੱਕ ਕੇ ਇਨ੍ਹਾਂ ਦਾ ਰੰਗ ਗੂੜ੍ਹਾ ਲਾਲ ਹੋ ਜਾਂਦਾ ਹੈ। ਸੁੱਕੀਆਂ ਮਿਰਚਾਂ 'ਚ ਕੁੜੱਤਣ ਵਾਲੇ ਤੱਤ ਦੀ ਮਾਤਰਾ 0.7 ਫ਼ੀਸਦੀ ਤੇ ਸੁੱਕਾ ਮਾਦਾ 26 ਫ਼ੀਸਦੀ ਹੁੰਦੇ ਹਨ। ਫਲ ਦਾ ਭਾਰ ਔਸਤ 3.6 ਗ੍ਰਾਮ ਅਤੇ ਲਾਲ ਮਿਰਚ ਦਾ ਝਾੜ 96 ਕੁਇੰਟਲ ਪ੍ਰਤੀ ਏਕੜ ਹੈ। ਇਸ ਕਿਸਮ 'ਚ ਪੱਤਾ ਲਪੇਟ ਵਾਇਰਸ, ਜੜ੍ਹ ਸੂਤਰ ਨਿਮਾਟੋਡ ਤੇ ਫਲ ਗਲਣਾ ਆਦਿ ਬਿਮਾਰੀਆਂ ਦੇ ਟਾਕਰੇ ਦੀ ਸਮਰਥਾ ਹੈ। ਇਹ ਕਿਸਮ ਥਰਿੱਪ ਅਤੇ ਜੂੰ ਵਰਗੇ ਕੀੜਿਆ ਨੂੰ ਵੀ ਸਹਾਰ ਸਕਦੀ ਹੈ।

ਬਿਜਾਈ ਦੇ ਢੰਗ :

ਬੀਜ ਦੀ ਮਾਤਰਾ : ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 200 ਗ੍ਰਾਮ ਬੀਜ ਕਾਫੀ ਹੈ। ਇਕ ਮਰਲੇ ਦੀਆਂ ਕਿਆਰੀਆਂ (25 ਵਰਗ ਮੀਟਰ) ਇਕ ਏਕੜ ਦੀ ਬਿਜਾਈ ਲਈ ਕਾਫੀ ਹਨ।

ਬਿਜਾਈ ਦਾ ਸਮਾਂ : ਅਕਤੂਬਰ ਜਾਂ ਨਵੰਬਰ ਵਿਚ ਲਗਾਈ ਗਈ ਪਨੀਰੀ ਨੂੰ ਫਰਵਰੀ-ਮਾਰਚ ਵਿਚ ਖੇਤ 'ਚ ਲਗਾ ਦਿਓ। ਨਵੰਬਰ ਦੇ ਤੀਜੇ ਹਫ਼ਤੇ 'ਚ ਬੀਜੀ ਗਈ ਪਨੀਰੀ ਨੂੰ ਅੱਧ ਫ਼ਰਵਰੀ ਤਕ ਖੇਤ 'ਚ ਲਗਾ ਦਿਓ, ਜਦਕਿ ਫਰਵਰੀ ਦੇ ਪਹਿਲੇ ਹਫ਼ਤੇ ਬੀਜੀ ਗਈ ਪਨੀਰੀ ਨੂੰ ਅਪ੍ਰੈਲ ਦੇ ਅਖ਼ੀਰ ਤਕ ਖੇਤ 'ਚ ਲਗਾਓ।

ਪਨੀਰੀ ਬੀਜਣ ਦਾ ਤਰੀਕਾ : ਮਿਰਚਾਂ ਦਾ ਬੀਜ ਉੱਚੀਆਂ ਕਿਆਰੀਆਂ 'ਚ ਬੀਜਿਆ ਜਾਂਦਾ ਹੈ । ਇਸ ਲਈ ਸਵਾ ਮੀਟਰ ਚੌੜੀਆਂ ਕਿਆਰੀਆਂ, ਜੋ

ਜ਼ਮੀਨ ਤੋਂ 15 ਸੈਂਟੀਮੀਟਰ ਉੱਚੀਆਂ ਹੋਣ ਬਣਾਓ। ਕਿਆਰੀਆਂ ਬਣਾਉਣ ਉਪਰੰਤ ਜ਼ਮੀਨ ਨੂੰ ਕਹੀ ਨਾਲ ਪੋਲਾ ਕਰ ਲਓ। ਜੇ ਮੱਲ੍ਹੜ ਪਾਉਣ ਦੀ ਲੋੜ ਹੋਵੇ ਤਾਂ ਇਹ ਚੰਗੀ ਤਰ੍ਹਾਂ ਗਲਿਆ ਸੜਿਆ ਹੋਵੇ ਤੇ ਜ਼ਮੀਨ ਵਿਚ ਚੰਗੀ ਤਰ੍ਹਾਂ ਮਿਲਾ ਲਓ। ਇਸ ਤੋਂ ਬਾਅਦ ਜ਼ਮੀਨ ਨੂੰ ਫਾਰਮਾਲੀਨ ਦਵਾਈ ਦੇ 1.5-2.0 ਫ਼ੀਸਦੀ ਤਾਕਤ ਦੇ ਘੋਲ ਨਾਲ ਸੋਧ ਲਓ। ਇਸ ਵਾਸਤੇ 15-20 ਐੱਮਐੱਲ ਦਵਾਈ ਨੂੰ ਇਕ ਲਿਟਰ ਪਾਣੀ 'ਚ ਘੋਲ ਲਵੋ ਤੇ ਇਹ ਘੋਲ 4 ਤੋਂ 5 ਲਿਟਰ ਪ੍ਰਤੀ ਵਰਗ ਮੀਟਰ ਪਾਓ ਤਾਂ ਕਿ ਮਿੱਟੀ ਦੀ ਕਰੀਬ 6 ਇੰਚ ਮੋਟੀ ਤਹਿ ਗੜੁੱਚ ਹੋ ਜਾਵੇ। ਇਸ ਤੋਂ ਬਾਅਦ ਕਿਆਰੀਆਂ ਨੂੰ ਪੋਲੀਥੀਨ ਨਾਲ 48-72 ਘੰਟੇ ਲਈ ਢਕ ਦਿਓ। ਮਿੱਟੀ ਨੂੰ ਦੋਬਾਰਾ ਪੋਲਾ ਕਰੋ ਤਾਂ ਜੋ ਦਵਾਈ ਦਾ ਵਾਸ਼ਪੀਕਰਨ ਹੋ ਜਾਵੇ ਤੇ ਬੂਟੇ ਦੀ ਉਗਣ ਸ਼ਕਤੀ ਨੂੰ ਨਾ ਘਟਾਵੇ। ਇਸ ਤੋਂ 3-4 ਦਿਨ ਬਾਅਦ ਬਿਜਾਈ ਕੀਤੀ ਜਾ ਸਕਦੀ ਹੈ । ਬਿਜਾਈ ਕਤਾਰਾਂ ਵਿਚ 5 ਸੈਂਟੀਮੀਟਰ ਦੇ ਫ਼ਾਸਲੇ 'ਤੇ ਕਰੋ।

ਫ਼ਾਸਲਾ : ਪਨੀਰੀ ਲਗਾਉਣ ਸਮੇਂ ਬੂਟੇ ਮਧਰੇ ਤੇ ਮਜ਼ਬੂਤ ਹੋਣੇ ਚਾਹੀਦੇ ਹਨ। ਬੂਟਿਆਂ ਨੂੰ ਵੱਟਾਂ ਉੱਪਰ 75 ਸੈਂਟੀਮੀਟਰ ਦੇ ਫ਼ਾਸਲੇ 'ਤੇ ਲਗਾਓ ਤੇ ਬੂਟਿਆਂ ਵਿਚਕਾਰ ਫ਼ਾਸਲਾ 45 ਸੈਂਟੀਮੀਟਰ ਰੱਖੋ। ਜੇ ਵੱਟਾਂ ਬੈੱਡ ਮੇਕਰ ਨਾਲ ਬਣਾਉਣੀਆਂ ਹੋਣ ਤਾਂ ਕਤਾਰਾਂ ਵਿਚਲਾ ਫ਼ਾਸਲਾ ਵਧਾਇਆ ਜਾ ਸਕਦਾ ਹੈ।

ਖਾਦਾਂ

10 ਤੋਂ 15 ਟਨ ਰੂੜੀ ਦੀ ਖਾਦ ਪ੍ਰਤੀ ਏਕੜ ਪਾਓ। ਇਕ ਏਕੜ ਪਿਛੇ 65 ਕਿੱਲੋ ਯੂਰੀਆ, 75 ਕਿੱਲੋ ਸੁਪਰਫ਼ਾਸਫੇਟ ਤੇ 20 ਕਿੱਲੋ ਮਿਊਰੇਟ ਆਫ ਪੋਟਾਸ਼ ਪਾਓ। ਸਾਰੀ ਫ਼ਾਸਫੋਰਸ ਅਤੇ ਪੋਟਾਸ਼ ਤੇ ਅੱਧੀ ਨਾਈਟ੍ਰੋਜਨ ਬੂਟੇ ਲਗਾਉਣ ਵੇਲੇ ਤੇ ਰਹਿੰਦੀ ਅੱਧੀ ਨਾਈਟ੍ਰੋਜਨ ਪਹਿਲੀ ਤੁੜਾਈ ਤੋਂ ਬਾਅਦ ਪਾਓ।

ਖਾਦਾਂ ਦੀ ਤੁਪਕਾ ਸਿੰਚਾਈ ਨਾਲ ਵਰਤੋਂ

ਫ਼ਸਲ ਲਗਾਉਣ ਦੇ ਪਹਿਲੇ ਮਹੀਨੇ 7.9 ਕਿੱਲੋ ਯੂਰੀਆ, 3.2 ਕਿੱਲੋ ਅਮੋਨੋ ਅਮੋਨੀਅਮ ਫਾਸਫੇਟ ਤੇ 3.2 ਕਿੱਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਹਰ ਚੌਥੇ ਦਿਨ 7 ਬਰਾਬਰ ਹਿੱਸਿਆ ਵਿਚ ਵੰਡ ਕੇ ਪਾਓ। ਬਾਕੀ ਦੀਆਂ ਖਾਦਾਂ 31.4 ਕਿੱਲੋ ਯੂਰੀਆ, 12.8 ਕਿੱਲੋ ਅਮੋਨੋ ਅਮੋਨੀਅਮ ਫਾਸਫੇਟ ਅਤੇ 12.8 ਮਿਊਰੇਟ ਆਫ ਪੋਟਾਸ਼ (ਸਫੇਦ) ਪ੍ਰਤੀ ਏਕੜ ਦੇ ਹਿਸਾਬ ਨਾਲ ਹਰ ਚੌਥੇ ਦਿਨ 21 ਬਰਾਬਰ ਹਿੱਸਿਆ ਵਿਚ ਵੰਡ ਕੇ ਪਾਓ।

ਸਿੰਚਾਈ

ਪਹਿਲਾ ਪਾਣੀ ਪਨੀਰੀ ਖੇਤ ਵਿਚ ਲਗਾਉਣ ਤੋਂ ਤੁਰੰਤ ਬਾਅਦ ਲਾਓ। ਗਰਮੀਆਂ ਵਿਚ ਸਿੰਚਾਈ 7 ਤੋਂ 10 ਦਿਨ ਦੇ ਵਕਫ਼ੇ 'ਤੇ ਕਰੋ । ਮਿਰਚ ਦੀਆਂ ਜੜ੍ਹਾਂ ਜ਼ਿਆਦਾ ਨਮੀਂ ਨਹੀ ਸਹਾਰਦੀਆਂ। ਇਕ ਖੇਲ ਛੱਡ ਕੇ ਸਿੰਚਾਈ ਕਰਨ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ ਤੇ ਝਾੜ ਵੀ ਪੂਰਾ ਮਿਲਦਾ ਹੈ। ਕੁੱਲ 15-16 ਪਾਣੀਆਂ ਦੀ ਲੋੜ ਹੁੰਦੀ ਹੈ। ਖੇਤ ਵਿਚ 25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਪਰਾਲੀ ਵਿਛਾਉਣ 'ਤੇ ਸਿਰਫ਼ 9 ਪਾਣੀ ਹੀ ਕਾਫੀ ਹਨ।

ਤੁਪਕਾ ਵਿਧੀ ਰਾਹੀਂ ਸਿੰਚਾਈ

ਤੁਪਕਾ ਪ੍ਰਣਾਲੀ ਨਾਲ ਸਿੰਚਾਈ ਕਰਨ 'ਤੇ ਨਾ ਕੇਵਲ ਝਾੜ ਹੀ ਵਧਦਾ ਹੈ ਸਗੋਂ 46 ਫ਼ੀਸਦੀ ਤਕ ਪਾਣੀ ਦੀ ਬੱਚਤ ਹੁੰਦੀ ਹੈ। ਇਸ ਵਿਧੀ ਨਾਲ ਸਿੰਚਾਈ 2 ਦਿਨਾਂ ਦੇ ਅੰਤਰ 'ਤੇ ਕੀਤੀ ਜਾਂਦੀ ਹੈ। ਇਸ ਵਿਧੀ ਲਈ ਮਿਰਚਾਂ ਦੀਆਂ 2 ਕਤਾਰਾਂ 80 ਸੈਂਟੀਮੀਟਰ ਚੌੜੇ ਬੈੱਡ 'ਤੇ ਲਗਾਓ ਤੇ ਕਤਾਰਾਂ ਵਿਚਲਾ ਫ਼ਾਸਲਾ 60 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦੀ ਦੂਰੀ 45 ਸੈਂਟੀਮੀਟਰ ਰੱਖੋ। ਦੋ ਬੈੱਡਾਂ ਵਿਚਕਾਰ 40 ਸੈਂਟੀਮੀਟਰ ਫ਼ਾਸਲਾ ਰੱਖੋ। ਇਸ ਫ਼ਸਲ ਨੂੰ ਪਾਣੀ ਦੇਣ ਲਈ ਇਕ ਡਰਿੱਪ ਲੇਟਰਲ ਪ੍ਰਤੀ ਬੈੱਡ ਦਾ ਇਸਤੇਮਾਲ ਕਰੋ।

ਨਦੀਨਾਂ ਦੀ ਰੋਕਥਾਮ

ਸਟੌਂਪ 30 ਤਾਕਤ ਇਕ ਲੀਟਰ ਜਾਂ 750 ਮਿਲੀਲੀਟਰ ਅਤੇ ਬਾਅਦ ਵਿਚ ਇਕ ਗੋਡੀ ਜਾਂ ਸੈਨਕੋਰ 70 ਤਾਕਤ 300 ਗ੍ਰਾਮ ਜਾਂ ਬਾਸਾਲਿਨ 45 ਤਾਕਤ ਇਕ ਲੀਟਰ ਜਾਂ 750 ਮਿਲੀਲੀਟਰ ਦੇ ਬਾਅਦ ਇਕ ਗੋਡੀ ਕਰੋ। ਇਨ੍ਹਾਂ ਨਦੀਨ ਨਾਸ਼ਕਾਂ ਦਾ ਛਿੜਕਾਅ ਪਨੀਰੀ ਪੁੱਟ ਕੇ ਲਗਾਉਣ ਤੋਂ 3-4 ਦਿਨ ਪਹਿਲਾਂ ਚੰਗੇ ਤਿਆਰ ਕੀਤੇ ਤੇ ਚੰਗੀ ਨਮੀ ਵਾਲੇ ਖੇਤ ਵਿਚ ਕਰੋ। ਬਾਸਾਲਿਨ 45 ਤਾਕਤ ਨੂੰ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਉਣਾ ਚਾਹੀਦਾ ਹੈ।

ਤੁੜਾਈ

ਪੀਸ ਕੇ ਵਰਤੀ ਜਾਣ ਵਾਲੀ ਮਿਰਚ ਤੋੜਨ ਵੇਲੇ ਲਾਲ ਹੋਣੀ ਚਾਹੀਦੀ ਹੈ। ਇਸ ਲਈ 6-7 ਤੁੜਾਈਆਂ ਦੀ ਲੋੜ ਹੈ। ਆਚਾਰ ਲਈ ਹਰੀਆਂ ਮਿਰਚਾਂ ਤੋੜੋ। ਤੋੜੀਆਂ ਹੋਈਆਂ ਲਾਲ ਮਿਰਚਾਂ ਨੂੰ ਧੁੱਪ ਵਿਚ ਸੁਕਾ ਲਵੋ। •

ਪੌਦ ਸੁਰੱਖਿਆ

ਕੀੜੇ : ਥਰਿਪ, ਪੀਲੀ ਜੂੰ, ਚੇਪਾ ਤੇ ਚਿੱਟੀ ਮੱਖੀ ਨੂੰ ਰੋਕਣ ਲਈ 400 ਮਿਲੀਲਿਟਰ ਮੈਲਾਥੀਆਨ 50 ਈਸੀ ਨੂੰ 100-125 ਲਿਟਰ ਪਾਣੀ 'ਚ ਘੋਲ ਕੇ 15-20 ਦਿਨਾਂ ਦੇ ਵਕਫ਼ੇ 'ਤੇ ਛਿੜਕਾਅ ਕਰੋ।

ਬਿਮਾਰੀਆਂ : ਫਲ ਗਲਣਾ ਤੇ ਟਹਿਣੀਆਂ ਸੁੱਕਣ ਦਾ ਸਿਲਸਿਲਾ ਫਲ ਪੱਕਣ ਵੇਲੇ ਸ਼ੁਰੂ ਹੁੰਦਾ ਹੈ। ਫਲਾਂ ਵਾਲੀਆਂ ਟਹਿਣੀਆਂ ਦੇ ਸਿਰੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਗੂੜ੍ਹੇ, ਕਾਲੇ, ਡੂੰਘੇ, ਧੱਬੇ ਫਲਾਂ ਉੱਤੇ ਨਜ਼ਰ ਆਉਂਦੇ ਹਨ ਜੋ ਗੁਲਾਬੀ ਭਾਅ ਮਾਰਦੇ ਹਨ। ਇਸ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ 2 ਗ੍ਰਾਮ ਥੀਰਮ ਦਵਾਈ ਨਾਲ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਫ਼ਸਲ 'ਤੇ 750 ਗ੍ਰਾਮ ਇੰਡੋਫਿਲ ਐੱਮ-45 ਜਾਂ ਬਲਾਈਟੌਕਸ ਨੂੰ 250 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ 10 ਦਿਨ ਦੇ ਵਕਫ਼ੇ 'ਤੇ ਛਿੜਕਾਅ ਕਰੋ। ਪਹਿਲਾ ਛਿੜਕਾਅ ਬਿਮਾਰੀ ਸ਼ੁਰੂ ਹੋਣ 'ਤੇ ਅਤੇ ਇਸ ਤੋਂ ਬਾਅਦ ਤਿੰਨ ਛਿੜਕਾਅ ਹੋਰ ਕਰੋ। ਇਸ ਤੋਂ ਇਲਾਵਾ ਠੂਠੀ ਰੋਗ ਚਿੱਟੀ ਮੱਖੀ ਰਾਹੀਂ ਅਤੇ ਚਿਤਕਬਰਾ ਰੋਗ ਤੇਲੇ ਰਾਹੀਂ ਫ਼ੈਲਦਾ ਹੈ। ਇਸ ਦੀ ਰੋਕਥਾਮ ਲਈ ਰੋਗੀ ਪੌਦੇ ਨੂੰ ਪਹਿਲੀ ਨਿਸ਼ਾਨੀ ਦਿਸਦਿਆਂ ਹੀ ਪੁੱਟ ਕੇ ਨਸ਼ਟ ਕਰ ਦਿਓ। ਚਿੱਟੀ ਮੱਖੀ ਤੋਂ ਬਚਾਅ ਲਈ 400 ਮਿਲੀਲਿਟਰ ਮੈਲਾਥੀਆਨ 50 ਫ਼ੀਸਦੀ ਤਾਕਤ ਦੀ ਪ੍ਰਤੀ ਏਕੜ 100 ਤੋਂ 125 ਲਿਟਰ ਪਾਣੀ ਵਿਚ ਘੋਲ ਕੇ 15 ਤੋਂ 20 ਦਿਨ ਦੇ ਵਕਫ਼ੇ 'ਤੇ ਛਿੜਕਾ ਕਰੋ।

ਫਲ ਦੇ ਕੇਰੇ ਦੀ ਰੋਕਥਾਮ

ਮਈ-ਜੂਨ 'ਚ ਵਧੇਰੇ ਤਾਪਮਾਨ ਹੋਣ ਕਰਕੇ ਫਲ ਝੜ ਜਾਂਦੇ ਹਨ। ਪਨੀਰੀ ਪੁੱਟ ਕੇ ਖੇਤ 'ਚ ਲਗਾਉਣ ਤੋਂ 45 ਤੇ 55 ਦਿਨਾਂ ਪਿੱਛੋਂ ਨੈਫਥਲੀਨ ਏਸਟਿਕ ਏਸਿਡ ਦੇ 4 ਮਿਲੀਲਿਟਰ ਦੇ ਹਿਸਾਬ ਨਾਲ 2 ਛਿੜਕਾਅ ਕਰਨ ਨਾਲ ਹਰੀਆਂ ਤੇ ਲਾਲ ਪੱਕੀਆਂ ਮਿਰਚਾਂ ਦੇ ਝਾੜ 'ਚ ਵਾਧਾ ਹੁੰਦਾ ਹੈ। ਇਸ ਕੰਮ ਲਈ 4 ਮਿਲੀਲਿਟਰ ਪ੍ਰਤੀ ਏਕੜ ਐੱਨਏਏ ਨੂੰ 10-15 ਮਿਲੀਲਿਟਰ ਇਥਾਈਲ ਅਲਕੋਹਲ ਵਿਚ ਘੋਲੋ ਅਤੇ ਇਹ ਘੋਲ ਇਕ ਲਿਟਰ ਬਣਾ ਲਓ। ਛਿੜਕਾਅ ਵੇਲੇ ਇਸ ਘੋਲ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ। •

ਸਵਾ ਮਹੀਨਾ ਪਹਿਲਾਂ ਕੈਨੇਡਾ ਭੇਜੀ ਲੜਕੀ ਦੀ ਮੌਤ

ਸਰੀ: ਸਵਾ ਮਹੀਨਾ ਪਹਿਲਾਂ ਚਾਈਂ-ਚਾਈਂ ਕੈਨੇਡਾ ਗਈ ਨਵਨੀਤ ਕੌਰ ਦੀ ਅਚਾਨਕ ਮੌਤ ਹੋ ਗਈ। ਫ਼ਰੀਦਕੋਟ ਦੀ ਬਲਬੀਰ ਬਸਤੀ ਦੀ ਰਹਿਣ ਵਾਲੀ ਨਵਨੀਤ ਕੌਰ ਪੁੱਤਰੀ ਗੁਰਪ੍ਰਤਾਪ ਸਿੰਘ ਜਿਸ ਦਾ ਵਿਆਹ ਅਕਤੂਬਰ ਮਹੀਨੇ 'ਚ ਹੋਇਆ ਸੀ ਅਤੇ ਦਸੰਬਰ ਦੇ ਦੂਜੇ ਹਫ਼ਤੇ ਤਕਰੀਬਨ ਸਵਾ ਮਹੀਨਾ ਪਹਿਲਾਂ ਪੜ੍ਹਾਈ ਲਈ ਚਾਵਾਂ ਨਾਲ ਕੈਨੇਡਾ ਭੇਜੀ ਧੀ ਦੀ ਮੌਤ ਦੀ ਖ਼ਬਰ ਪੁੱਜਣ ਨਾਲ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ ਜੋ ਆਪਣੇ ਸਾਰੇ ਸੁਪਨੇ ਟੁੱਟੇ ਦੇਖ ਰਿਹਾ ਹੈ ਜੋ ਉਨ੍ਹਾਂ ਨੇ ਧੀ ਨੂੰ ਲੈ ਕੇ ਸੰਜੋਏ ਸਨ। ਜਾਣਕਾਰੀ ਦਿੰਦੇ ਹੋਏ ਨਵਨੀਤ ਦੇ ਪਿਤਾ ਗੁਰਪ੍ਰਤਾਪ ਸਿੰਘ ਜੋ ਕੇ ਆਟੋ ਚਲਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਿਹਾ ਹੈ ਨੇ ਦੱਸਿਆ ਕਿ ਨਵਨੀਤ ਦੀ ਮੌਤ ਤੋਂ ਦੋ ਦਿਨ ਪਹਿਲਾਂ ਉਸ ਨਾਲ ਫ਼ੋਨ 'ਤੇ ਗੱਲਬਾਤ ਹੁੰਦੀ ਰਹੀ, ਪਰ ਉਸ ਤੋਂ ਬਾਅਦ ਅਚਾਨਕ ਫ਼ੋਨ 'ਤੇ ਗਲਬਾਤ ਨਾ ਹੋ ਸਕੀ ਜਿਸ ਤੋਂ ਘਬਰਾ ਕੇ ਪਹਿਲਾਂ ਉਨ੍ਹਾਂ ਵਲੋਂ ਉਸ ਦੀ ਸਾਥਣ ਲੜਕੀ ਨਾਲ ਗੱਲ ਕੀਤੀ ਅਤੇ ਪਤਾ ਕਰਨ ਨੂੰ ਕਿਹਾ ਅਤੇ ਜਦ ਉਸ ਦੀ ਸਾਥੀ ਲੜਕੀ ਉਸ ਦੇ PG 'ਚ ਗਈ ਤਾਂ ਉਸ ਨੇ ਦਰਵਾਜ਼ਾ ਨਹੀਂ ਖੋਲ੍ਹਿਆ।

ਇਸ ਦੌਰਾਨ ਉਸ ਨੇ ਨਾਲ ਦੇ ਕਮਰੇ 'ਚ ਰਹਿਣ ਵਾਲੇ ਲੜਕੇ ਦੀ ਮਦਦ ਨਾਲ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਜਦ ਕੋਈ ਜਵਾਬ ਨਾ ਮਿਲਿਆ ਤਾਂ ਪੁਲੀਸ ਨੂੰ ਇਸ ਦੀ ਸੂਚਨਾ ਦਿੱਤੀ ਗਈ। ਇਸ ਮੌਕੇ ਜਦੋਂ ਪੁਲੀਸ ਦੀ ਮਦਦ ਨਾਲ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਨਵਨੀਤ ਮ੍ਰਿਤਕ ਹਾਲਤ 'ਚ ਪਈ ਸੀ। ਉਸ ਦੀ ਮੌਤ ਕਿਨ੍ਹਾਂ ਕਾਰਨਾਂ ਕਰ ਕੇ ਹੋਈ, ਇਸ ਸਬੰਧੀ ਅਜੇ ਪਤਾ ਨਹੀਂ ਲੱਗ ਸਕਿਆ।

ਨਵਨੀਤ ਦੇ ਪਿਤਾ ਨੇ ਦੱਸਿਆ ਕਿ ਅਕਤੂਬਰ ਮਹੀਨੇ 'ਚ ਉਸ ਦੀ ਲੜਕੀ ਦੀ ਸ਼ਾਦੀ ਹੋਈ ਸੀ ਅਤੇ ਹੁਣ ਲੜਕੇ ਨੇ ਵੀ ਉਨ੍ਹਾਂ ਦੀ ਲੜਕੀ ਕੋਲ ਕੈਨੇਡਾ ਜਾਣਾ ਸੀ, ਪਰ ਇਸ ਤੋਂ ਪਹਿਲਾਂ ਹੀ ਇਹ ਭਾਣਾ ਵਾਪਰ ਗਿਆ ਹੈ। ਆਪਣੀ ਆਰਥਿਕ ਹਾਲਤ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਸਰਕਾਰ ਤੋਂ ਗੁਹਾਰ ਲਗਾਈ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਭਾਰਤ ਲਿਆਉਣ 'ਚ ਮਦਦ ਕੀਤੀ ਜਾਵੇ ਤਾਂ ਜੋ ਉਹ ਆਖਰੀ ਵਾਰ ਆਪਣੀ ਧੀ ਦਾ ਮੂੰਹ ਦੇਖ ਸਕਣ। ਇਸ ਮੌਕੇ ਉਨ੍ਹਾਂ ਦੇ ਗੁਆਂਢੀਆਂ ਨੇ ਦੱਸਿਆ ਕਿ ਨਵਨੀਤ ਬਹੁਤ ਹੋਣਹਾਰ ਅਤੇ ਸਾਊ ਸੁਭਾਅ ਦੀ ਲੜਕੀ ਸੀ ਜਿਸ ਦੀ ਮੌਤ ਦੀ ਵਜ੍ਹਾ ਦੀ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ।

ਜਾਖੜ ਨੇ ਸੈਕਸ ਸ਼ੋਸ਼ਣ ਦੇ ਮੁਲਜ਼ਮ ਮੰਤਰੀ ਖ਼ਿਲਾਫ਼ ਨਿਰਪੱਖ ਜਾਂਚ ਦੀ ਕੀਤੀ ਮੰਗ



ਰੀਜਾਈਨਾ: ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਰਾਜਪਾਲ ਬਨਵਾਲੀ ਲਾਲ ਪੁਰੋਹਿਤ ਨੂੰ ਚਿੱਠੀ ਲਿਖ ਕੇ ਪੰਜਾਬ ਸਰਕਾਰ ਦੇ ਮੰਤਰੀ ਖਿਲਾਫ਼ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਆਪ ਦੇ ਇੱਕ ਆਗੂ 'ਤੇ ਦੋਸ਼ ਲੱਗ ਰਹੇ ਹਨ ਉਕਤ ਵਲੋਂ ਇੱਕ ਲੋੜਵੰਦ ਮਹਿਲਾ ਦਾ ਜਿਣਸੀ ਸ਼ੋਸ਼ਣ ਕੀਤਾ ਗਿਆ ਹੈ।

ਪੱਤਰ 'ਚ ਸੁਨੀਲ ਜਾਖੜ ਨੇ ਲਿਖਿਆ ਹੈ ਕਿ ਇਹ ਦੋਸ਼ ਬਹੁਤ ਹੀ ਗੰਭੀਰ ਹਨ ਤੇ ਇਨ੍ਹਾਂ ਦੀ ਸਮਾਂਬੱਧ ਤੇ ਨਿਰਪੱਖ ਜਾਂਚ ਅਤਿ ਜ਼ਰੂਰੀ ਹੈ। ਉਨ੍ਹਾਂ ਲਿਖਿਆ ਹੈ ਕਿ ਇਸ ਤੋਂ ਪਹਿਲਾਂ ਵੀ ਇਸ ਸਰਕਾਰ ਦੇ ਇੱਕ ਮੰਤਰੀ 'ਤੇ ਇੱਕ ਨਾਬਾਲਿਗ ਦੇ ਜਿਣਸੀ ਸ਼ੋਸ਼ਣ ਦੇ ਦੋਸ਼ ਲੱਗੇ ਸਨ ਤਾਂ ਜਾਂਚ ਤੋਂ ਪਹਿਲਾਂ ਹੀ ਮੁੱਖ ਮੰਤਰੀ ਨੇ ਉਸ ਨੂੰ ਕਲੀਨ ਚਿਟ ਦੇ ਕੇ ਜਾਂਚ ਨੂੰ ਨਿਰਾਰਥਕ ਕਰ ਦਿੱਤਾ ਸੀ। ਉਕਤ ਕੇਸ ਨੂੰ ਧਿਆਨ 'ਚ ਲਿਆਂਦਾ ਗਿਆ ਸੀ ਅਤੇ ਆਪ ਵਲੋਂ ਜਾਂਚ ਦੇ ਹੁਕਮ ਵੀ ਦਿੱਤੇ ਗਏ ਸਨ ਪਰ ਸਰਕਾਰ ਨੇ ਕੁੱਝ ਨਹੀਂ ਕੀਤਾ। ਉਨ੍ਹਾਂ ਨੇ ਪੱਤਰ 'ਚ ਚਿੰਤਾ ਪ੍ਰਗਟਾਈ ਹੈ ਕਿ ਜਿਵੇਂ ਪੁਰਾਣੇ ਕੇਸ 'ਚ ਪੀੜਤ ਨੂੰ ਡਰਾ ਧਮਕਾ ਕੇ ਚੁੱਪ ਕਰਵਾ ਦਿੱਤਾ ਕਿਤੇ ਇਸ ਕੇਸ 'ਚ ਵੀ ਪੀੜਤ ਨਾਲ ਅਜਿਹਾ ਹੀ ਨਾ ਹੋਵੇ ਜੋ ਕਿ ਇੱਕ ਮਹਿਲਾ ਹੈ।

ਭਾਜਪਾ ਪ੍ਰਧਾਨ ਨੇ ਪੱਤਰ 'ਚ ਮੰਗ ਕੀਤੀ ਕਿ ਉਪਰੋਕਤ ਤੱਥਾਂ ਦੇ ਮੱਦੇਨਜ਼ਰ ਇਸ ਕੇਸ ਦੀ ਨਿਰਪੱਖ ਤੇ ਸਮਾਂਬੱਧ ਜਾਂਚ ਹੋਵੇ ਅਤੇ ਜੇਕਰ ਦੋਸ਼ਾਂ 'ਚ ਸੱਚਾਈ ਪਾਈ ਜਾਵੇ ਤਾਂ ਦੋਸ਼ੀ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇ ਤਾਂ ਜੋ ਸਰਕਾਰੀ ਵਿਵਸਥਾ 'ਚ ਲੋਕਾਂ ਦਾ ਵਿਸ਼ਵਾਸ ਬਣਿਆ ਰਹੇ।

ਭਰਾ ਨੂੰ ਗੁਆ ਚੁੱਕੀ ਲੜਕੀ ਕਰਦੀ ਹੈ ਲਾਵਾਰਿਸ ਲਾਸ਼ਾਂ ਦਾ ਅੰਤਿਮ ਸੰਸਕਾਰ

ਸਰੀ: ਆਪਣੇ ਭਰਾ ਨੂੰ ਗੁਆਉਣ ਨਾਲ ਮਿਲੇ ਦੁੱਖ ਨੂੰ ਮਿਸ਼ਨ 'ਚ ਬਦਲਦੇ ਹੋਏ ਦਿੱਲੀ 'ਚ 26 ਸਾਲਾ ਇੱਕ ਲੜਕੀ ਪਿਛਲੇ ਦੋ ਸਾਲਾਂ ਤੋਂ ਲਾਵਾਰਿਸ ਲਾਸ਼ਾਂ ਦਾ ਸੰਸਕਾਰ ਕਰ ਰਹੀ ਹੈ। ਦਿੱਲੀ ਦੇ ਸ਼ਾਹਦਰਾ ਇਲਾਕੇ ਦੀ ਰਹਿਣ ਵਾਲੀ ਪੂਜਾ ਸ਼ਰਮਾ ਲੰਬੇ ਸਮੇਂ ਤੋਂ ਹਸਪਤਾਲਾਂ 'ਚ ਲਾਵਾਰਿਸ ਪਈਆਂ ਕਈ ਲਾਸ਼ਾਂ ਦਾ ਅੰਤਿਮ ਸੰਸਕਾਰ ਕਰ ਚੁੱਕੀ ਹੈ। ਉਹ ਉਨ੍ਹਾਂ ਲਾਸ਼ਾਂ ਦਾ ਸੰਸਕਾਰ ਕਰਦੀ ਹੈ ਜਿਨ੍ਹਾਂ ਲਈ ਕੋਈ ਪਰਿਵਾਰਕ ਸੰਬੰਧ ਨਹੀਂ ਮਿਲ ਪਾਉਂਦਾ, ਉਨ੍ਹਾਂ ਦਾ ਉਹ ਸੰਸਕਾਰ ਕਰਦੀ ਹੈ। ਸਰਮਾ ਨੇ ਦਾਅਵਾ ਕੀਤਾ, "ਪਿਛਲੇ ਦੋ ਸਾਲਾਂ 'ਚ ਮੈਂ ਲਗਭਗ ਚਾਰ ਹਜ਼ਾਰ ਅਜਿਹੀਆਂ ਲਾਸ਼ਾਂ ਦਾ ਅੰਤਿਮ ਸੰਸਕਾਰ ਕੀਤਾ ਹੈ ਜਿਨ੍ਹਾਂ ਦਾ ਕੋਈ ਪਰਿਵਾਰ ਜਾਂ ਰਿਸ਼ਤੇਦਾਰ ਨਹੀਂ ਮਿਲਿਆ।" ਉਸ ਨੇ ਕਿਹਾ, "ਮੇਰੇ ਭਰਾ ਦਾ 13 ਮਾਰਚ 2022 ਨੂੰ ਕਤਲ ਕਰ ਦਿੱਤੀ ਗਈ ਸੀ। ਓਦੋਂ ਤੋਂ ਮੈਂ ਆਪਣੇ ਦੁੱਖ ਨੂੰ ਦੂਜਿਆਂ ਲਈ ਦਿਲਾਸਾ ਦੇ ਸਰੋਤ 'ਚ ਬਦਲ ਲਿਆ ਹੈ।" ਆਪਣੀ ਜ਼ਿੰਦਗੀ ਦੀ ਇਸ ਦੁਖਦਾਈ ਘਟਨਾ 'ਤੇ ਚਾਨਣਾ ਪਾਉਂਦੇ ਹੋਏ ਪੂਜਾ ਨੇ ਦੱਸਿਆ, "ਮਾਮੂਲੀ ਝਗੜੇ 'ਚ ਮੇਰੇ 30 ਸਾਲਾ ਵੱਡੇ ਭਰਾ ਦਾ ਮੇਰੇ ਸਾਹਮਣੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਇਹ ਸੁਣ ਕੇ ਮੇਰੇ ਪਿਤਾ ਕੋਮਾ 'ਚ ਚਲੇ ਗਏ।"

ਆਪਣਾ ਭਰਾ ਦਾ ਅੰਤਿਮ ਸੰਸਕਾਰ ਕਰਨ ਦੇ ਦੂਜੇ ਦਿਨ ਹੀ ਪੂਜਾ ਨੇ ਦੂਜਿਆਂ ਦੀ ਮਦਦ ਕਰਨ ਦਾ ਸੰਕਲਪ ਲਿਆ। ਪੂਜਾ ਨੇ ਕਿਹਾ, "ਮੈਂ ਅਜਿਹੀਆਂ ਲਾਸ਼ਾਂ ਬਾਰੇ ਪੁਲਸ ਅਤੇ ਸਰਕਾਰੀ ਹਸਪਤਾਲ ਤੋਂ ਜਾਣਕਾਰੀ ਮੰਗਦੀ ਸੀ ਜਿਨ੍ਹਾਂ ਦੇ ਪਰਿਵਾਰ ਜਾਂ ਫ਼ਿਰ ਉਨ੍ਹਾਂ ਦੇ ਰਿਸ਼ਤੇਦਾਰ ਦੀ ਕੋਈ ਜਾਣਕਾਰੀ ਨਹੀਂ ਸੀ ਹੁੰਦੀ।" ਉਸ ਨੇ ਕਿਹਾ, "ਹੁਣ ਜੇਕਰ ਪੁਲੀਸ ਅਤੇ ਸਰਕਾਰੀ ਹਸਪਤਾਲ ਕੋਲ ਅਜਿਹੀ ਲਾਵਾਰਿਸ ਲਾਸ਼ ਹੁੰਦੀ ਹੈ ਤਾਂ ਉਹ ਮੇਰੇ ਨਾਲ ਖ਼ੁਦ ਸੰਪਰਕ ਕਰਦੇ ਹਨ।" ਪੂਜਾ ਨੇ ਦਾਅਵਾ ਕੀਤਾ ਕਿ ਉਹ ਆਪਣੇ ਦਾਦੇ ਦੀ ਪੈਨਸ਼ਨ ਨਾਲ ਇਨ੍ਹਾਂ ਲਾਸ਼ਾਂ ਦੇ ਅੰਤਿਮ ਸੰਸਕਾਰ ਦਾ ਖ਼ਰਚਾ ਚੁੱਕਦੀ ਹੈ। ਉਸ ਨੇ ਕਿਹਾ, "ਅੰਤਿਮ ਸੰਸਕਾਰ 'ਚ ਤਕਰੀਬਨ ਇੱਕ ਹਜ਼ਾਰ ਤੋਂ 1, 200 ਰੁਪਏ ਦਾ ਖ਼ਰਚ ਆਉਂਦਾ ਹੈ। ਮੈਂ ਆਪਣੇ ਪਿਤਾ ਅਤੇ ਦਾਦੀ ਨਾਲ ਰਹਿੰਦੀ ਹਾਂ। ਮੇਰੇ ਪਿਤਾ ਦਿੱਲੀ ਮੈਟਰੋ 'ਚ ਠੇਕੇ ਦੇ ਆਧਾਰ 'ਤੇ ਡਰਾਇਵਰ ਵਜੋਂ ਕੰਮ ਕਰਦੇ ਹਨ। ਆਪਣੇ ਦਾਦੇ ਦੀ ਪੈਨਸ਼ਨ ਨਾਲ ਮੈਂ ਇਹ ਸਭ ਕਰਦੀ ਹਾਂ।"

ਇਸ ਕੰਮ ਨੂੰ ਕਰਨ 'ਚ ਉਸ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਅਤੇ ਸਮਾਜਿਕ ਪੱਖਪਾਤ ਦਾ ਜ਼ਿਕਰ ਕਰਦੇ ਹੋਏ ਪੂਜਾ ਨੇ ਕਿਹਾ, "ਮੈਂ ਜੋ ਕੰਮ ਕਰਦੀ ਹਾਂ, ਉਸ ਨੂੰ ਕਈ ਲੋਕ ਵਰਜਿਤ ਮੰਨਦੇ ਹਨ ਅਤੇ ਮੇਰੇ ਦੋਸਤਾਂ ਦੇ ਪਰਿਵਾਰ ਉਨ੍ਹਾਂ ਨੂੰ ਮੇਰੇ ਨਾਲ ਮਿਲਣ ਨਹੀਂ ਦਿੰਦੇ।" ਉਨ੍ਹਾਂ ਕਿਹਾ ਕਿ ਇਸ ਕਾਰਨ ਉਸ ਦੇ ਵਿਆਹ ਦੀਆਂ ਸੰਭਾਵਨਾਵਾਂ ਵੀ ਘੱਟ ਹੋ ਗਈਆਂ ਹਨ।

ਉਸ ਨੇ ਦੱਸਿਆ ਕਿ ਉਸ ਕੋਲ ਬੈਚਲਰਜ਼ ਔਫ਼ ਸੋਸ਼ਲ ਵਰਕਰ ਅਤੇ ਮਾਸਟਰਜ਼ ਔਫ਼ ਸੋਸ਼ਲ ਵਰਕਰ ਦੀ ਡਿਗਰੀਆਂ ਹਨ।

ਬਾਬਾ ਦੀਪ ਸਿੰਘ ਦੇ ਜੀਵਨ ਤੋਂ ਸੇਧ ਲੈਣ ਨੌਜਵਾਨ- ਜਥੇਦਾਰ ਹਰਪ੍ਰੀਤ ਸਿੰਘ

ਐਬਟਸਫ਼ੋਰਡ: ਤਖ਼ਤ ਦਮਦਮਾ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਥੇ ਜਥੇਦਾਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਕੌਮਾਂਤਰੀ ਸਿੱਖ ਯੂਥ ਕਾਨਫ਼ਰੰਸ ਕਰਵਾਈ ਗਈ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਬਾਬਾ ਦੀਪ ਸਿੰਘ ਦੀ ਪੰਥ ਪ੍ਰਤੀ ਦੇਣ ਨੂੰ ਯਾਦ ਕਰਦਿਆਂ ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਗੁਰੂ ਗ੍ਰੰਥ ਅਤੇ ਗੁਰੂ ਪੰਥ ਨਾਲ ਜੋੜਨ ਦੀ ਲੋੜ ਹੈ। ਇਸ ਦੌਰਾਨ ਸਿੱਖ ਵਿਦਵਾਨ ਤੇ ਇਤਿਹਾਸਕਾਰ ਡਾਕਟਰ ਸੁਖਪ੍ਰੀਤ ਸਿੰਘ ਉੱਦੋਕੇ ਨੇ ਬਾਬਾ ਦੀਪ ਸਿੰਘ ਦੀ ਲਾਸਾਨੀ ਸ਼ਹਾਦਤ, ਸਿੱਖ ਪੰਥ 'ਚ ਉਨ੍ਹਾਂ ਵਲੋਂ ਪਾਏ ਯੋਗਦਾਨ ਅਤੇ ਕੌਮ ਦੀ ਕੀਤੀ ਅਗਵਾਈ ਬਾਰੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਲੇਖਕ ਬੀਰ ਸਿੰਘ, ਪਰਮਿੰਦਰ ਸਿੰਘ ਆਸਟਰੇਲੀਆ (ਖ਼ਾਲਸਾ ਫੁੱਲਵਾੜੀ) ਅਤੇ ਹਰਨਵ ਬੀਰ ਸਿੰਘ ਅਮਰੀਕਾ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਵੱਖ-ਵੱਖ ਖੇਤਰਾਂ 'ਚ ਵਡਮੁੱਲੀਆਂ ਸੇਵਾਵਾਂ ਨਿਭਾਅ ਰਹੀਆਂ ਸਿੱਖ ਸ਼ਖ਼ਸੀਅਤਾਂ ਨੂੰ 'ਮਾਣ ਮੱਤੇ ਸਿੱਖ ਐਵਾਰਡ 'ਨਾਲ ਸਨਮਾਨਿਆ ਗਿਆ। ਐਵਾਰਡ ਹਾਸਲ ਕਰਨ ਵਾਲੀਆਂ ਸ਼ਖ਼ਸੀਅਤਾਂ 'ਚ ਬਾਬਾ ਸੁੱਖਾ ਸਿੰਘ ਕਾਰ ਸੇਵਾ ਸਰਹਾਲੀ, ਭਾਈ ਸਤਨਾਮ ਸਿੰਘ, ਭਾਈ ਪਰਮਿੰਦਰ ਸਿੰਘ ਆਸਟਰੇਲੀਆ, ਜਸਵਿੰਦਰ ਸਿੰਘ, ਜਰਮਨਪ੍ਰੀਤ ਸਿੰਘ (ਭਾਰਤੀ ਹਾਕੀ ਟੀਮ), ਹਰਨਵ ਬੀਰ ਸਿੰਘ ਅਮਰੀਕਾ (ਲਿਖਾਰੀ), ਅਭੈਨੂਰ ਸਿੰਘ, ਬੀਬੀ ਗੁਨੀਤ ਕੌਰ ਪੁਣੇ, ਸ਼ਰਨਦੀਪ ਸਿੰਘ ਸ਼ਰਨ ਆਰਟਸ, ਗੁਰਜਿੰਦਰ ਸਿੰਘ ਨਾਗੀ ਆਰਟਸ, ਸੁਖਮਿੰਦਰ ਸਿੰਘ (ਰਹਿਰਾਸ ਸੇਵਾ), ਬੇਅੰਤ ਸਿੰਘ ਮਾਵੀ ਦਸਤਾਰ ਕੋਚ, ਗੁਰਸਾਹਿਬ ਸਿੰਘ (ਟੀਮ 1699) ਆਦਿ ਸ਼ਾਮਿਲ ਸਨ।

ਇਟਲੀ ਤੋਂ ਵਿਸ਼ੇਸ਼ ਵ਼ਫਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲਿਆ

ਸਰੀ: ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਟਲੀ ਦੇ ਨੌਜਵਾਨ ਆਗੂ ਹਰਪ੍ਰੀਤ ਸਿੰਘ ਜੀਰਾ ਦੀ ਰਹਿਨੁਮਾਈ ਹੇਠ ਇਟਲੀ ਤੋਂ ਇੱਕ ਵਿਸ਼ੇਸ਼ ਵਫ਼ਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਿਆ ਅਤੇ ਉਨ੍ਹਾਂ ਦੇ ਨਾਲ ਵਿਚਾਰ ਵਟਾਂਦਰੇ ਕੀਤੇ ਗਏ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਗੱਲ ਕਰਦਿਆਂ ਆਖਿਆ ਕਿ ਉਹ ਇਟਲੀ ਦੇ ਸਿੱਖਾਂ ਦੇ ਵਿਸ਼ੇਸ਼ ਸੱਦੇ 'ਤੇ ਗੁਰਦੁਆਰਾ ਸਿੰਘ ਸਭਾ ਫ਼ਲੈਰੋ ਵਲੋਂ ਕਰਵਾਏ ਨਗਰ ਕੀਰਤਨ 'ਚ ਸ਼ਮੂਲੀਅਤ ਕਰਨ ਲਈ ਇਟਲੀ ਗਏ ਸਨ ਅਤੇ ਉਹ ਭਵਿੱਖ 'ਚ ਵੀ ਦੁਬਾਰਾ ਅਜਿਹਾ ਪ੍ਰੋਗਰਾਮ ਉਲੀਕ ਰਹੇ ਹਨ ਤਾਂ ਜੋ ਵਿਦੇਸ਼ਾਂ 'ਚ ਵੱਸਦੀਆਂ ਸਿੱਖ ਸੰਗਤਾਂ ਦੇ ਨਾਲ ਨੇੜਿਓਂ ਵਿਚਾਰਾਂ ਕੀਤੀਆਂ ਜਾ ਸਕਣ।

ਇਸ ਦੌਰਾਨ ਇਟਲੀ ਤੋਂ ਹਰਪ੍ਰੀਤ ਸਿੰਘ ਜੀਰਾ ਤੇ ਨੌਜਵਾਨ ਅਕਾਲੀ ਦਲ ਇਟਲੀ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਕਾਲਰੂ ਵਲੋਂ ਜਥੇਦਾਰ ਸਾਹਿਬ ਨਾਲ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਇਟਲੀ ਦੇ 'ਚ 70 ਦੇ ਕਰੀਬ ਗੁਰਦੁਆਰਾ ਸਾਹਿਬ ਹਨ ਅਤੇ ਸਮੇਂ-ਸਮੇਂ ਸਿਰ ਇੱਥੇ ਰਹਿੰਦੀਆਂ ਸਿੱਖ ਸੰਗਤਾਂ ਵਲੋਂ ਕੌਮ ਦੀ ਚੜ੍ਹਦੀ ਕਲਾ ਲਈ ਅੰਮ੍ਰਿਤ ਸੰਚਾਰ ਪ੍ਰੋਗਰਾਮ ਉਲੀਕੇ ਜਾਂਦੇ ਹਨ ਤਾਂ ਜੋ ਵਿਦੇਸ਼ਾਂ 'ਚ ਜਨਮੇ ਬੱਚਿਆਂ ਨੂੰ ਸਿੱਖ ਧਰਮ ਦੇ ਨਾਲ ਜੋੜਿਆ ਜਾ ਸਕੇ। ਇਸ ਮੌਕੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗ੍ਰੰਥੀ ਸਿੰਘ ਬਾਬਾ ਬਲਜੀਤ ਸਿੰਘ ਜੀ, ਕਰਨੈਲ ਸਿੰਘ ਪੀਰ, ਮੁਹੰਮਦ ਭਾਈ ਜਸਪਾਲ ਸਿੰਘ, ਸਕੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਉਚੇਚੇ ਤੌਰ 'ਤੇ ਮੌਜੂਦ ਸਨ ਜਿਨ੍ਹਾਂ ਵਲੋਂ ਇਟਲੀ ਤੋਂ ਆਏ ਹੋਏ ਵਫ਼ਦ ਦੇ ਨਾਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਵਿਚਾਰ-ਵਟਾਂਦਰੇ ਕੀਤੇ ਗਏ।

ਜਨਮ ਲੈਂਦੇ ਹੀ ਵਿੱਛੜ ਗਈਆਂ ਜੁੜਵਾਂ ਭੈਣਾਂ ਦਾ 19 ਸਾਲਾਂ ਬਾਅਦ ਮਿਲਾਪ

ਵਿਨੀਪੈਗ: ਤੁਸੀਂ ਅਕਸਰ ਫ਼ਿਲਮਾਂ 'ਚ ਜੁੜਵਾਂ ਬੱਚਿਆਂ ਨਾਲ ਜੁੜੀਆਂ ਕਹਾਣੀਆਂ ਦੇਖੀਆਂ ਹੋਣਗੀਆਂ ਜਿੱਥੇ ਜਨਮ ਸਮੇਂ ਦੋ ਬੱਚੇ ਵੱਖ ਹੋ ਜਾਂਦੇ ਹਨ ਅਤੇ ਫ਼ਿਰ ਵੱਡੇ ਹੋਣ 'ਤੇ ਅਚਾਨਕ ਇੱਕ-ਦੂਜੇ ਨੂੰ ਮਿਲ ਜਾਂਦੇ ਹਨ। ਅਜਿਹਾ ਹੀ ਕੁੱਝ ਪੂਰਬੀ ਯੌਰਪੀ ਦੇਸ਼ ਜੌਰਜੀਆ 'ਚ ਦੇਖਣ ਨੂੰ ਮਿਲਿਆ। ਐਮੀ ਖਵੀਟੀਆ ਅਤੇ ਐਨੋ ਸਰਤਾਨੀਆ ਦੋ ਜੁੜਵਾ ਭੈਣਾਂ ਹਨ ਜੋ ਜਨਮ ਸਮੇਂ ਵੱਖ ਹੋ ਗਈਆਂ ਸਨ, ਪਰ 19 ਸਾਲਾਂ ਬਾਅਦ ਸਮੇਂ ਦੀਆਂ ਤਬਦੀਲੀਆਂ ਨੇ ਉਨ੍ਹਾਂ ਨੂੰ ਮੁੜ ਮਿਲਾ ਦਿੱਤਾ ਹੈ। ਖਾਸ ਗੱਲ ਇਹ ਹੈ ਕਿ ਦੋਵੇਂ ਜੌਰਜੀਆ 'ਚ ਕੁੱਝ ਮੀਲ ਦੀ ਦੂਰੀ 'ਤੇ ਰਹਿ ਰਹੀਆਂ ਸਨ, ਪਰ ਇਸ ਗੱਲ ਤੋਂ ਅਣਜਾਣ ਸਨ ਕਿ ਉਹ ਜੁੜਵਾਂ ਭੈਣਾਂ ਹਨ। ਦੋਵਾਂ ਦੀ ਮੁਲਾਕਾਤ ਇੱਕ ਟੈਲੇਂਟ ਸ਼ੋਅ ਅਤੇ ਟਿਕਟੌਕ ਵੀਡੀਆ ਰਾਹੀਂ ਹੋਈ।

ਦਰਅਸਲ ਐਮੀ ਅਤੇ ਐਨੋ ਦੀ ਖੋਜ ਓਦੋਂ ਸ਼ੁਰੂ ਹੋਈ ਜਦੋਂ ਉਹ ਦੋਵੇਂ ਸਿਰਫ਼ 12 ਸਾਲ ਦੀਆਂ ਸਨ। ਐਮੀ ਨੇ ਆਪਣੇ ਪਸੰਦੀਦਾ TV ਸ਼ੋਅ ਜੌਰਜੀਆਜ਼ ਗੌਟ ਟੈਲੈਂਟ 'ਚ ਇੱਕ ਲੜਕੀ ਨੂੰ ਦੇਖਿਆ ਜੋ ਬਿਲਕੁੱਲ ਉਸ ਵਰਗੀ ਦਿਖਦੀ ਸੀ ਪਰ ਐਮੀ ਨੂੰ ਇਹ ਨਹੀਂ ਪਤਾ ਸੀ ਕਿ ਉਹ ਆਪਣੀ ਲੰਬੇ ਸਮੇਂ ਤੋਂ ਵਿੱਛੜੀ ਹੋਈ ਭੈਣ ਐਨੋ ਨੂੰ ਦੇਖ ਰਹੀ ਹੈ। ਉੱਥੇ ਹੀ ਐਨੋ ਨੂੰ 'ਤੇ ਇੱਕ ਵੀਡੀਓ ਮਿਲੀ ਜਿਸ 'ਚ ਦਿਖਣ ਵਾਲੀ ਲੜਕੀ ਦਾ ਚਿਹਰਾ ਬਿਲਕੁਲ ਉਸ ਵਰਗਾ ਸੀ। ਇਹ ਕੋਈ ਹੋਰ ਨਹੀਂ ਸਗੋਂ ਉਸ ਦੀ ਜੁੜਵਾ ਭੈਣ ਐਮੀ ਸੀ। ਬਾਅਦ 'ਚ ਇਹ ਵੀ ਸਾਹਮਣੇ ਆਇਆ ਕਿ ਉਨ੍ਹਾਂ ਦੀ ਮਾਂ ਅਜ਼ਾ ਸੋਨੀ 2002 'ਚ ਉਨ੍ਹਾਂ ਨੂੰ ਜਨਮ ਦੇਣ ਤੋਂ ਬਾਅਦ ਕੋਮਾ 'ਚ ਚਲੀ ਗਈ ਸੀ ਅਤੇ ਉਨ੍ਹਾਂ ਦੇ ਪਤੀ ਗੋਚਾ ਗਖਰੀਆ ਨੇ ਐਨੋ ਅਤੇ ਐਮੀ ਨੂੰ ਵੱਖ-ਵੱਖ ਪਰਿਵਾਰਾਂ ਨੂੰ ਵੇਚ ਦਿੱਤਾ ਸੀ।

ਐਨੋ ਦਾ ਪਾਲਣ- ਪੋਸ਼ਣ ਟਬਿਲਿਸੀ 'ਚ ਹੋਇਆ ਸੀ, ਜਦੋਂ ਕਿ ਐਮੀ ਦਾ ਪਾਲਣ ਪੋਸਣ ਜੁਗਦੀਦੀ 'ਚ ਹੋਇਆ ਸੀ। ਐਮੀ ਅਤੇ ਐਨੋ 19 ਸਾਲ ਪਹਿਲਾਂ ਵੱਖ ਹੋਈਆਂ ਸਨ, ਪਰ ਸਮੇਂ ਨੇ ਉਨ੍ਹਾਂ ਨੂੰ ਦੁਬਾਰਾ ਮਿਲਾ ਦਿੱਤਾ। ਮੀਡੀਆ ਰਿਪੋਰਟਾਂ ਮੁਤਾਬਿਕ ਪੁਨਰਮਿਲਨ ਦੀ ਇਹ ਘਟਨਾ 2 ਸਾਲ ਪਹਿਲਾਂ ਦੀ ਹੈ, ਜਦੋਂ ਦੋਵੇਂ ਭੈਣਾਂ 19 ਸਾਲ ਪਹਿਲਾਂ ਵੱਖ ਹੋਣ ਤੋਂ ਬਾਅਦ ਪਹਿਲੀ ਵਾਰ ਰਾਜਧਾਨੀ ਤਬਿਲਿਸੀ ਦੇ ਰੁਸਤਾਵੇਲੀ ਬ੍ਰਿਜ 'ਤੇ ਇੱਕ-ਦੂਜੇ ਨੂੰ ਮਿਲੀਆਂ ਸਨ।

ਹਰ ਸਿੱਖ ਵੋਟ ਬਣਾਉਣ ਦੀ ਆਪਣੀ ਜ਼ਿੰਮੇਵਾਰੀ ਸਮਝੇ - ਧਾਮੀ

ਐਬਟਸਫ਼ੋਰਡ: ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਮੇਟੀ ਦੀਆਂ ਆਗਾਮੀ ਚੋਣਾਂ ਸਬੰਧੀ ਵੋਟਾਂ ਬਣਾਉਣ ਦੀ ਮੱਠੀ ਰਫ਼ਤਾਰ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਜਾਣਕਾਰੀ ਅਨੁਸਾਰ ਵੋਟਾਂ ਬਣਾਉਣ ਦੇ ਸਮੇਂ 'ਚ ਕੀਤੇ ਗਏ ਵਾਧੇ ਦੇ ਬਾਵਜੂਦ ਸਿੱਖਾਂ ਵਲੋਂ ਇਸ ਸਬੰਧੀ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਦਿਖਾਈ ਜਾ ਰਹੀ।

ਇਸ ਸਥਿਤੀ ਨੂੰ ਦੇਖਦਿਆਂ ਧਾਮੀ ਨੇ ਕਿਹਾ ਕਿ ਸਾਡੇ ਵਡੇਰਿਆਂ ਦੀਆਂ ਕੁਰਬਾਨੀਆਂ ਮਗਰੋਂ ਹੋਂਦ 'ਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮਰੱਥ ਸਿੱਖ ਸੰਸਥਾ ਵਜੋਂ ਕਾਇਮ ਰੱਖਣ ਲਈ ਹਰ ਸਿੱਖ ਨੂੰ ਗੁਰਦੁਆਰਾ ਕਮੇਟੀ ਦੀ ਆਗਾਮੀ ਚੋਣ ਲਈ ਵੋਟ ਜ਼ਰੂਰ ਬਣਾਉਣੀ ਚਾਹੀਦੀ ਹੈ। ਵੋਟਾਂ ਬਣਾਉਣ ਲਈ ਫ਼ਾਰਮ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 29 ਫ਼ਰਵਰੀ ਹੈ।

ਘਰੇਲੂ ਨੌਕਰ ਨਾਲ ਛੇੜਛਾੜ ਲਈ ਭੇਜਿਆ ਜੇਲ੍ਹ

ਸਰੀ: ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ ਇੱਕ ਔਰਤ ਨਾਲ ਛੇੜਛਾੜ ਕਰਨ ਅਤੇ ਇੱਕ ਹੋਰ ਵਿਅਕਤੀ ਨੂੰ ਹਥਿਆਰ ਨਾਲ ਜ਼ਖ਼ਮੀ ਕਰਨ ਦੇ ਦੋਸ਼ 'ਚ 10 ਮਹੀਨਿਆਂ ਦੀ ਕੈਦ ਦੀ ਸਜਾ ਸੁਣਾਈ ਗਈ ਹੈ। ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ 28 ਸਤੰਬਰ 2022 ਨੂੰ ਜਦੋਂ ਇੱਕ ਘਰੇਲੂ ਨੌਕਰ ਖਾਧ ਪਦਾਰਥ ਖਰੀਦਣ ਜਾ ਰਹੀ ਸੀ ਤਾਂ ਸਿੰਗਾਰਾਮ ਪਾਲਿਆਨੇਪਨ (61) ਨੇ ਘਰੇਲੂ ਨੌਕਰ ਨੂੰ ਪੀਣ ਵਾਲੇ ਪਦਾਰਥ ਖ਼ਰੀਦਣ ਲਈ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਇਨਕਾਰ ਕਰ ਦਿੱਤਾ। ਬਾਅਦ 'ਚ ਸਿੰਗਾਰਾਮ ਦੇ ਜ਼ੋਰ ਦੇਣ 'ਤੇ ਉਸ ਨੇ ਪੈਸੇ ਲੈ ਲਏ।

ਜਦੋਂ ਉਹ ਖਾਣ-ਪੀਣ ਦਾ ਸਾਮਾਨ ਖ਼ਰੀਦ ਕੇ ਆਪਣੇ ਮਾਲਕ ਦੇ ਘਰ ਜਾਣ ਲੱਗੀ ਤਾਂ ਸਿੰਗਾਰਾਮ ਨੇ ਉਸ ਦਾ ਪਿੱਛਾ ਕੀਤਾ। ਦੋਵਾਂ ਦੇ ਰਿਹਾਇਸ਼ੀ ਇਮਾਰਤ ਦੀ ਲਿਫ਼ਟ 'ਤੇ ਪਹੁੰਚਣ ਤੋਂ ਬਾਅਦ ਸਿੰਗਾਰਾਮ ਨੇ 17ਵੀਂ ਮੰਜ਼ਿਲ ਦਾ ਬਟਨ ਦਬਾਇਆ, ਪਰ ਜਦੋਂ ਉਹ ਔਰਤ ਪੰਜਵੀਂ ਮੰਜ਼ਿਲ ਲਈ ਬਟਨ ਦਬਾਉਣ ਲੱਗੀ ਤਾਂ ਉਸ ਨੇ ਉਸ ਨੂੰ ਰੋਕ ਲਿਆ।

ਡਿਪਟੀ ਸਰਕਾਰੀ ਵਕੀਲ ਜੋਰਡੀ ਕੇ. ਨੇ ਦੱਸਿਆ ਕਿ ਸਿੰਗਾਰਾਮ ਨੇ ਲਿਫ਼ਟ ਚੱਲਦੇ ਸਮੇਂ ਘਰੇਲੂ ਨੌਕਰ ਨਾਲ ਛੇੜਛਾੜ ਕੀਤੀ। ਲਿਫ਼ਟ 17ਵੀਂ ਮੰਜ਼ਿਲ 'ਤੇ ਪਹੁੰਚਣ ਤੋਂ ਬਾਅਦ ਸਿੰਗਾਰਾਮ ਨੇ ਪੀੜਤਾ ਨੂੰ ਨਾਲ ਆਉਣ ਲਈ ਕਿਹਾ।

ਔਰਤ ਦੇ ਮਨ੍ਹਾ ਕਰਨ 'ਤੇ ਸਿੰਗਾਰਾਮ ਵੀ ਵਾਪਿਸ ਲਿਫ਼ਟ 'ਚ ਆ ਗਿਆ ਅਤੇ ਲਿਫ਼ਟ ਨੂੰ ਸਤਵੀਂ ਮੰਜ਼ਿਲ 'ਤੇ ਲੈ ਜਾਣ ਲਈ ਬਟਨ ਦਬਾਇਆ ਅਤੇ ਫ਼ਿਰ ਔਰਤ ਨਾਲ ਛੇੜਛਾੜ ਕੀਤੀ। ਉਸ ਦੀ ਸਾਰੀ ਹਰਕਤ CCTV ਕੈਮਰੇ 'ਚ ਕੈਦ ਹੋ ਗਈ।

ਸਿੰਗਾਰਾਮ ਨੂੰ 28 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਅਗਲੇ ਦਿਨ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ। ਤਕਰੀਬਨ ਇੱਕ ਮਹੀਨੇ ਬਾਅਦ 28 ਅਕਤੂਬਰ ਨੂੰ ਸਿੰਗਾਰਾਮ ਨੇ ਸਾਇਕਲ ਦੀ ਦੁਕਾਨ 'ਤੇ ਇੱਕ ਵਿਅਕਤੀ ਨਾਲ ਕੁੱਟਮਾਰ ਵੀ ਕੀਤੀ।

ਅਖੇ ! ਬੱਸ 'ਚ ਬੈਠਣਾ ਬੈਠੋ, ਨਹੀਂ ਥੱਲੇ ਉੱਤਰੋ, ਇਹਦੇ 'ਚ ਤਾਂ ਕਿਰਾਇਆ 15 ਰੁਪਏ ਹੀ ਲੱਗੂ

ਕੰਡਕਟਰ ਨੇ ਗੁੰਡਾਗਰਦੀ ਦਿਖਾਉਂਦੀਆਂ ਰਸਤੇ ਵਿੱਚ ਰੋਕੀ ਬਸ

ਮਾਮਲਾ ਚੰਡੀਗੜ੍ਹ ਡਿੱਪੂ ਦੀ ਸਰਕਾਰੀ ਬੱਸ ਕੰਡਕਟਰ ਵੱਲੋਂ ਸਮਰਾਲਾ ਤੋਂ ਮਾਛੀਵਾੜਾ ਦਾ ਕਿਰਾਇਆ 15 ਰੁਪਏ ਵਸੂਲਣ ਦਾ

ਮਾਛੀਵਾੜਾ ਸਾਹਿਬ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਬੱਸਾਂ ਚਾਹੇ ਸਰਕਾਰੀ ਹੋਣ ਜਾਂ ਪ੍ਰਾਈਵੇਟ, ਸਭਨਾਂ 'ਚ ਸਮਰਾਲਾ ਤੋਂ ਮਾਛੀਵਾੜਾ ਸਾਹਿਬ ਅਤੇ ਮਾਛੀਵਾੜਾ ਸਾਹਿਬ ਤੋਂ ਸਮਰਾਲਾ ਲਈ ਪ੍ਰਤੀ ਸਵਾਰੀ 10 ਰੁਪਏ ਹੀ ਵਸੂਲੇ ਜਾਂਦੇ ਹਨ। ਪ੍ਰੰਤੂ ਪਿਛਲੇ ਦਿਨੀਂ ਇੱਕ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿਚ ਪੰਜਾਬ ਰੋਡਵੇਜ਼ ਦੇ ਚੰਡੀਗੜ੍ਹ ਡਿੱਪੂ ਦੀ ਬੱਸ ਨੰ. ਪੀ.ਬੀ.65ਬੀ.ਬੀ.3372 ਜੋ ਕਿ ਚੰਡੀਗੜ੍ਹ-ਡੱਬਵਾਲੀ ਲਈ ਚੱਲਦੀ ਹੈ ਅਤੇ ਸ਼ਾਮ ਸਮੇਂ ਇਹ ਮਾਛੀਵਾੜਾ ਸਾਹਿਬ ਦੇ ਬੱਸ ਸਟੈਂਡ ਆ ਕੇ ਰੁੱਕਦੀ ਹੈ, ਜਿਸਦੇ ਕੰਡਕਟਰ ਵੱਲੋਂ ਸਵਾਰੀਆਂ ਪਾਸੋਂ ਜ਼ਬਰਨ ਵਾਧੂ ਕਿਰਾਇਆ ਵਸੂਲਿਆ ਗਿਆ। ਜਾਣਕਾਰੀ ਦਿੰਦਿਆਂ ਸਮਾਜਸੇਵੀ ਅੰਮ੍ਰਿਤਪਾਲ ਸਮਰਾਲਾ ਨੇ ਦੱਸਿਆ ਕਿ ਬੀਤੀ 29 ਜਨਵਰੀ ਨੂੰ ਸ਼ਾਮ ਸਮੇਂ ਸਮਰਾਲਾ ਵਿਖੇ ਮਾਛੀਵਾੜਾ ਸਾਹਿਬ ਲਈ ਬਣੇ ਬੱਸ ਸਟਾਪ 'ਤੇ ਇੱਕ ਸਰਕਾਰੀ ਬੱਸ ਆ ਕੇ ਰੁੱਕਦੀ ਹੈ ਅਤੇ ਕੰਡਕਟਰ ਵੱਲੋਂ ਮਾਛੀਵਾੜਾ ਸਾਹਿਬ ਜਾਣ ਲਈ ਆਵਾਜ਼ ਦਿੱਤੀ ਜਾਂਦੀ ਹੈ। ਮੇਰੇ ਸਮੇਤ ਖੜ੍ਹੀਆਂ ਹੋਰ ਸਵਾਰੀਆਂ ਮਾਛੀਵਾੜਾ ਸਾਹਿਬ ਜਾਣ ਲਈ ਬੱਸ ਵਿਚ ਸਵਾਰ ਹੋ ਗਈਆਂ। ਥੋੜਾ ਅੱਗੇ ਜਾਣ 'ਤੇ ਕੰਡਕਟਰ ਵੱਲੋਂ ਟਿਕਟਾਂ ਕੱਟਣੀਆਂ ਸ਼ੁਰੂ ਕੀਤੀਆਂ ਗਈਆਂ, ਤਾਂ ਉਸ ਵੱਲੋਂ ਸਵਾਰੀਆਂ ਕੋਲੋਂ ਮਾਛੀਵਾੜਾ ਸਾਹਿਬ ਜਾਣ ਲਈ 15 ਰੁਪਏ ਸਵਾਰੀ ਦੀ ਮੰਗ ਕੀਤੀ ਗਈ, ਜਿਸ 'ਤੇ ਸਵਾਰੀਆਂ ਵੱਲੋਂ ਰੌਲਾ ਪਾਇਆ ਗਿਆ ਕਿ ਕਿਰਾਇਆ ਤਾਂ 10 ਰੁਪਏ ਸਵਾਰੀ ਹੈ। ਰੌਲਾ ਪੈਂਦੇ ਦੇਖ ਬੱਸ ਡਰਾਈਵਰ ਵੱਲੋਂ ਪਿੰਡ ਬਾਲਿਓਂ ਦੇ ਨਜ਼ਦੀਕ ਬੱਸ ਰੋਕ ਲਈ ਗਈ। ਬੱਸ ਕੰਡਕਟਰ ਨੇ ਰੋਅਬ ਵਾਲੇ ਵਤੀਰੇ ਨਾਲ ਸਵਾਰੀਆਂ ਨੂੰ ਕਿਹਾ ਕਿ ਬੱਸ 'ਚ ਬੈਠਣਾ ਬੈਠੋ, ਨਹੀਂ ਤਾਂ ਥੱਲੇ ਉੱਤਰੋ, ਇਹਦੇ 'ਚ ਤਾਂ 15 ਰੁਪਏ ਸਵਾਰੀ ਹੀ ਲੱਗੇਗੀ। ਅੰਮ੍ਰਿਤਪਾਲ ਨੇ ਦੱਸਿਆ ਕਿ ਮੇਰੇ ਵੱਲੋਂ ਪੁੱਛੇ ਜਾਣ 'ਤੇ ਬੱਸ ਕੰਡਕਟਰ ਨੇ ਮੇਰੀ ਗੱਲ ਫੋਨ ਰਾਹੀਂ ਡਿੱਪੂ ਇੰਸਪੈਕਟਰ ਹਰਪਾਲ ਸਿੰਘ ਨਾਲ ਕਰਵਾਈ ਗਈ ਤਾਂ ਉਸਨੇ ਆਪਣਾ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਜੋ ਮਸ਼ੀਨ ਕਿਰਾਇਆ ਕੱਢੇਗੀ, ਅਸੀਂ ਤਾਂ ਉਹੀ ਲੈ ਰਹੇ ਹਾਂ, ਕਿਉਂਕਿ ਚੰਡੀਗੜ੍ਹ ਤੋਂ ਚੱਲਣ ਕਾਰਨ ਰਸਤੇ ਵਿਚ ਟੋਲ ਪਲਾਜ਼ਾ ਪੈਂਦਾ ਹੈ, ਜਿਸ ਕਾਰਨ ਇਹਦੇ ਵਿਚ ਕਿਰਾਇਆ 15 ਰੁਪਏ ਹੀ ਲਿਆ ਜਾਵੇਗਾ। ਹੁਣ ਸੋਚਣ ਵਾਲੀ ਗੱਲ ਹੈ ਕਿ ਨਾ ਤਾਂ ਸਮਰਾਲਾ-ਮਾਛੀਵਾੜਾ ਸਾਹਿਬ ਟੋਲ ਸੜ੍ਹਕ ਅਧੀਨ ਆਉਂਦੀ ਹੈ ਅਤੇ ਨਾ ਹੀ ਇਹ ਬੱਸ ਕੋਈ ਡੀਲੈਕਸ ਸੁਵਿਧਾਵਾਂ ਵਾਲੀ ਹੈ, ਫਿਰ ਵੀ ਸਵਾਰੀਆਂ ਪਾਸੋਂ ਡੇਢ ਗੁਣਾ ਕਿਰਾਇਆ ਵਸੂਲਣਾ ਕਿੱਧਰ ਦਾ ਕਾਨੂੰਨ ਹੈ।

ਜਦਕਿ ਸਮਰਾਲਾ ਤੋਂ ਮਾਛੀਵਾੜਾ ਸਾਹਿਬ ਆਉਣ-ਜਾਣ ਵਾਲੀਆਂ ਸਾਰੀਆਂ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਵਿਚ ਕਿਰਾਇਆ 10 ਰੁਪਏ ਹੀ ਵਸੂਲਿਆ ਜਾਂਦਾ ਹੈ। ਸਵਾਰੀਆਂ 'ਚ ਸ਼ਾਮਿਲ ਮਨਦੀਪ ਸਿੰਘ, ਜੀਵਨ ਸਿੰਘ, ਕਰਮਜੀਤ ਸਿੰਘ, ਹਰਬੰਸ ਲਾਲ, ਸਰਬਜੀਤ ਸਿੰਘ, ਸਾਧੂ ਸਿੰਘ, ਮੁਹੰਮਦ ਅਲੀ, ਰੇਖਾ ਰਾਣੀ, ਸੁਮਨ ਬਾਲਾ ਸਮੇਤ ਹੋਰ ਸਵਾਰੀਆਂ ਵੱਲੋਂ ਸਬੰਧਤ ਬੱਸ ਕੰਡਕਟਰ ਦੇ ਭੈੜੇ ਰਵੱਈਏ ਅਤੇ ਸਰਕਾਰੀ ਬੱਸ ਵੱਲੋਂ ਕੀਤੀ ਲੁੱਟ ਦੀ ਪੁਰਜ਼ੋਰ ਨਿੰਦਾ ਕੀਤੀ ਗਈ।

ਸਬੰਧਤ ਬੱਸ ਕੰਡਕਟਰ ਵੱਲੋਂ ਸਮਰਾਲਾ ਤੋਂ ਮਾਛੀਵਾੜਾ ਸਾਹਿਬ ਜਾਣ ਲਈ ਕੱਟੀਆਂ ਗਈਆਂ ਟਿਕਟਾਂ ਦੀ ਤਸਵੀਰ।

ਪੀ ਐਸ ਈ ਬੀ ਇੰਪਲਾਈਜ ਜੁਆਇੰਟ ਫੋਰਮ ਵੱਲੋਂ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਵਿਧਾਇਕ ਦੇਵ ਮਾਨ ਨੂੰ ਦਿੱਤਾ

ਨਾਭਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਐਮ ਐਲ ਏ ਦਫਤਰ ਨਾਭਾ ਵਿਖੇ ਪੀ ਐਸ ਈ ਬੀ ਇੰਪਲਾਈਜ ਜੁਆਇੰਟ ਫੋਰਮ ਨਾਭਾ ਦੀ ਇਕਾਈ ਵੱਲੋਂ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦੇ ਨਾਮ ਤੇ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੂੰ ਦਿੱਤਾ ਗਿਆ ਜਿਸ ਵਿੱਚ ਉਨਾਂ ਆਪਣੀਆਂ ਮੰਗਾਂ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ ਉਨ੍ਹਾਂ ਵਿੱਚ ਮੁੱਖ ਮੰਗ ਪਿਛਲੇ ਸਮੇਂ ਵਿੱਚ ਹੋਏ ਗਲਤ ਪਰਚਿਆਂ ਨੂੰ ਰੱਦ ਕਰਨ ਸੰਬੰਧੀ, ਪੇਅ ਕਮਿਸ਼ਨ ਲਾਗੂ ਕਰਨ ਸੰਬੰਧੀ,ਨਵੀ ਪੈਨਸ਼ਨ ਸਕੀਮ ਦੀ ਥਾਂ ਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਸੰਬੰਧੀ, ਪੇਅ ਰਿਵੀਜਨ ਦਾ ਬਕਾਇਆ ਰਾਸ਼ੀ ਨੂੰ ਰਿਟਾਇਰ ਹੋਣ ਤੋਂ ਬਾਅਦ ਤੁਰੰਤ ਜਾਰੀ ਕਰਨ ਸੰਬੰਧੀ,ਗਰਿਡ ਸਬ ਸਟੇਸ਼ਨ ਉਪਰ ਕੰਮ ਕਰਦੇ ਕਰਮਚਾਰੀਆਂ ਨੂੰ ਉਵਰ ਟਾਇਮ ਜਾਰੀ ਕਰਨ ਸੰਬੰਧੀ ਆਦਿ ਮੰਗਾਂ ਸਬੰਧੀ ਦੱਸਿਆ ਗਿਆ ਇਸ ਮੌਕੇ ਵਿਧਾਇਕ ਦੇਵ ਮਾਨ ਨੇ ਸਾਰੇ ਅਹੁਦੇਦਾਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਜਲਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਪਹੁੰਚਕੇ ਇੰਨਾ ਮੰਗਾਂ ਨੂੰ ਹੱਲ ਕਰਵਾਇਆ ਜਾਵੇਗਾ ਇਸ ਮੌਕੇ ਕੁਲਵੰਤ ਸਿੰਘ ਪ੍ਰਧਾਨ ,ਨਰਿੰਦਰ ਸਿੰਘ ਪ੍ਰਧਾਨ, ਹਰਬੰਸ ਸਿੰਘ ਟੀਐਸਯੂ ਪ੍ਰਧਾਨ, ਗੁਰਵਿੰਦਰ ਸਿੰਘ, ਗੋਪਾਲਜੀਤ ਸਿੰਘ ਜੇਈ, ਧਨੀ ਰਾਮ, ਰਣਜੀਤ ਸਿੰਘ, ਹਰਿੰਦਰ ਸਿੰਘ, ਇਕਬਾਲ ਸਿੰਘ, ਰਾਜਵੀਰ ਸਿੰਘ ਜਨਰਲ ਸਕੱਤਰ ਟੀ ਐਸ ਯੂ, ਆਤਮਾ ਪ੍ਰਕਾਸ਼, ਨਿਰਮਲ ਕੁਮਾਰ ਸਰਕਲ ਪ੍ਰਧਾਨ ਅਤੇ ਹੋਰ ਯੂਨੀਅਨ ਦੇ ਆਹੁਦੇਦਾਰਾਂ ਮੌਜੂਦ ਸਨ।

8ਵਾਂ ਮਾਲੇਰਕੋਟਲਾ ਕੱਬਡੀ ਕੱਪ 4 ਫਰਵਰੀ ਨੂੰ ਕੱਪ ਦੀਆਂ ਜੇਤੂ ਟੀਮਾਂ ਨੂੰ ਦਿੱਤੇ ਜਾਣਗੇ ਲੱਖਾ ਦੇ ਇਨਾਮ

ਮਲੇਰਕੋਟਲਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ੇ ਛੱਡ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮਕਸਦ ਨਾਲ ਸ਼ਹੀਦ ਉਧਮ ਸਿੰਘ ਸਪੋਰਟਸ ਐਂਡ ਵੈਲਫੇਅਰ ਸੋਸਾਇਟੀ ਰਜਿਸਟਰਡ ਮਾਲੇਰਕੋਟਲਾ ਵੱਲੋ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅੱਠਵਾਂ ਮਾਲੇਰਕੋਟਲਾ ਕਬੱਡੀ ਕੱਪ ਸਥਾਨਕ ਡਾਕਟਰ ਜਾਕਿਰ ਹੁਸੈਨ ਸਟੇਡੀਅਮ ਵਿਖੇ 4 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਸਬਧੀ ਜਾਣਕਾਰੀ ਦਿੰਦਿਆ ਕਲੱਬ ਦੇ ਪ੍ਰਧਾਨ ਦਵਿੰਦਰ ਸਰਪੰਚ ਨੇ ਕਬੱਡੀ ਕੱਪ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਕਬੱਡੀ ਕੱਪ ਵਿੱਚ ਅੱਠ ਟੀਮਾਂ ਦੇ ਮੈਚ ਕਰਵਾਏ ਜਾਣਗੇ ਜਿਸ ਵਿੱਚ ਪਹਿਲਾ ਇਨਾਮ 1 ਲੱਖ 50 ਤੇ ਦੂਜਾ ਇਨਾਮ 1 ਲੱਖ ਰੱਖਿਆ ਗਿਆ ਹੈ ਇਸ ਤੋਂ ਇਲਾਵਾ ਉਹਨਾਂ ਦੱਸਿਆ ਗਿਆ ਬੈਸਟ ਰੇਡਰ ਨੂੰ ਅਤੇ ਬੈਸਟ ਜਾਫੀ ਨੂੰ ਬੁਲਟ ਮੋਟਰਸਾਈਕਲ ਨਾਲ ਸਨਮਾਨਿਤ ਕੀਤਾ ਜਾਵੇਗਾ।

ਇਸ ਮੌਕੇ ਇਸ ਮੌਕੇ ਕਲੱਬ ਦੇ ਸਰਪਸਤ ਰਵੀ ਚਹਿਲ ਰਾਜਾ ਕਨੇਡਾ, ਕਾਲਾ ਚੀਮਾ ਕਨੇਡਾ, ਮੀਤ ਪ੍ਰਧਾਨ ਕਾਲਾ ਮਿੱਠੇਵਾਲ, ਜਨਰਲ ਸਕੱਤਰ ਕੁਨਾਲ ਰਿਖੀ, ਪ੍ਰੈਸ ਸਕੱਤਰ ਲੋਕੇਸ਼ ਜੈਨ ਅਤੇ ਜੱਗੀ ਬਿੰਜੋਕੀ, ਸੈਕਟਰੀ ਬਿੱਲਾ ਭੱਸੌਰ ਨੇ ਕਬਡੀ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਹਾਜਰੀ ਜਰੂਰ ਲਗਵਾਉਣ ।

ਮੂਨਲਾਇਟ ਸਕੂਲ ਵਿੱਚ ਸਿਹਤ ਸੁਰੱਖਿਆ ਸਬੰਧੀ ਲਗਾਇਆ ਗਿਆ ਜਾਗਰੂਕਤਾ ਸੈਮੀਨਾਰ ਕੈਂਪ

ਮਾਛੀਵਾੜਾ ਸਾਹਿਬ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ (ਐਨ.ਜੀ.ਓ.) ਵੱਲੋਂ ਮੂਨਲਾਇਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਹੇਡੋਂ ਬੇਟ ਵਿਖੇ ਨਸ਼ਿਆਂ,ਟ੍ਰੈਫਿਕ,112 ਅਤੇ ਜੰਕ ਫੂਡ ਤੇ ਜਾਗਰੂਕ ਕੈਂਪ ਲਗਾਇਆ ਗਿਆ। ਇਸ ਮੌਕੇ ਸਕੂਲ ਬੱਸਾਂ ਤੇ ਰਿਫਲੈਕਟਰ ਵੀ ਲਗਾਏ ਗਏ। ਨਿਧੀ ਸ਼ਰਮਾ ਵੱਲੋਂ ਜੰਕ ਫੂਡ ਤੋਂ ਬਚਣ ਲਈ ਬੱਚਿਆ ਨੂੰ ਅਪੀਲ ਕੀਤੀ ਗਈ। ਐਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਵਲੋਂ 112 ਅਤੇ ਟ੍ਰੈਫਿਕ ਸੰਬੰਧੀ ਬੱਚਿਆ ਨੂੰ ਜਾਗਰੂਕ ਕੀਤਾ ਗਿਆ ਅਤੇ ਉਨਾਂ ਨੇ ਸਭਨਾਂ ਨੂੰ ਨਸ਼ੇ ਤੋਂ ਬਚਣ ਲਈ ਸੌਂਹ ਵੀ ਚੁਕਾਈ। ਕਮਿਊਨਿਟੀ ਹੈਲਥ ਸੈਂਟਰ ਵੱਲੋਂ ਸਤਵੰਤ ਸਿੰਘ ਕੰਬੋਜ ਅਤੇ ਜਰਨੈਲ ਸਿੰਘ ਵਲੋਂ ਨਸ਼ਿਆਂ ਸੰਬੰਧੀ ਅਤੇ ਕੋਹੜ ਦੇ ਰੋਗ ਸੰਬੰਧੀ ਵਿਸਥਾਰਤ ਜਾਣਕਾਰੀ ਦਿੱਤੀ । ਉਨਾਂ ਸਕੂਲ ਪ੍ਰਿੰਸੀਪਲ ਨੂੰ ਅਪੀਲ ਕੀਤੀ ਕਿ ਸਕੂਲ ਦੇ ਬੱਚਿਆਂ ਨੂੰ ਪੇਟ ਦੇ ਕੀੜਿਆਂ ਦੀਆਂ ਗੋਲੀਆ ਜੋ ਸਰਕਾਰ ਵੱਲੋਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ, ਉਹ ਬੱਚਿਆ ਨੂੰ ਜ਼ਰੂਰ ਦੇਣ ਤਾਂ ਜੋ ਅਨੀਮੀਆ ਦੇ ਰੋਗ ਤੋਂ ਬਚ ਸਕਣ। ਬ੍ਰਹਮ ਕੁਮਾਰੀ ਆਸ਼ਰਮ ਮਾਛੀਵਾੜਾ ਦੇ ਦੀਦੀ ਸ਼ੁਸ਼ਮਾ ਵੱਲੋਂ ਬੱਚਿਆ ਨੂੰ ਨਸ਼ੇ ਦੇ ਮਾੜੇ ਪ੍ਰਭਾਵ ਅਤੇ ਮੈਡੀਟੇਸ਼ਨ ਬਾਰੇ ਜਾਣਕਾਰੀ ਦਿੱਤੀ। ਸਕੂਲ ਪ੍ਰਿੰਸੀਪਲ ਸੁਰਜੀਤ ਸਿੰਘ ਬਾਜਵਾ, ਇੰਦਰਜੀਤ ਕੌਰ ਬਾਜਵਾ ਅਤੇ ਦਵਿੰਦਰ ਸਿੰਘ ਚੀਮਾ ਵਲੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮਿੰਕੂ ਹੰਸ, ਪਰਮਦੀਪਪਾਲ ਸਿੰਘ, ਜਗਦੀਸ਼ ਚਾਨਣਾ ਅਤੇ ਮਹਿਲਾ ਮਿੱਤਰ ਵੱਲੋਂ ਪੂਜਾ ਹੋਲਦਾਰ, ਬਲਵਿੰਦਰ ਸਿੰਘ, ਹਰਿੰਦਰ ਕੌਰ ਸੀ.ਐਚ.ਓ. ਹਾਜ਼ਰ ਸਨ।

ਟਰੀਟਮੈਂਟ ਪਲਾਂਟ ਦੇ ਰਾਹ 'ਚ ਦੁਲੱਦੀ ਬਣਿਆ ਅੜਿੱਕਾ

ਨਾਭਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਦੇ ਹੁਕਮਾਂ 'ਤੇ ਬਣੇ ਨਾਭਾ ਸੀਵਰੇਜ ਟਰੀਟਮੈਂਟ ਪਲਾਂਟ (ਐੱਸਟੀਪੀ) ਦਾ ਕੰਮ ਕਈ ਮਹੀਨੇ ਪਹਿਲਾਂ ਪੂਰਾ ਹੋਣ ਦੇ ਬਾਵਜੂਦ ਇਹ ਚਾਲੂ ਨਹੀਂ ਹੋ ਪਾ ਰਿਹਾ ਕਿਉਂਕਿ ਦੁਲੱਦੀ ਪਿੰਡ ਵੱਲੋਂ ਇਸ ਦੇ ਪਾਣੀ ਨੂੰ ਪਿੰਡ ਦੀ ਡਰੇਨ ਵਿੱਚ ਪਾਉਣ ਦੀ ਮਨਜ਼ੂਰੀ ਨਹੀਂ ਮਿਲ ਰਹੀ। ਜ਼ਿਕਰਯੋਗ ਹੈ ਕਿ 14 ਕਰੋੜ ਦੀ ਲਾਗਤ ਨਾਲ ਬਣੇ ਇਸ 12 ਐੱਮਐੱਲਡੀ ਸਮਰਥਾ ਦੇ ਪਲਾਂਟ ਨੂੰ 2019 ਵਿੱਚ ਬਣਾ ਕੇ ਚਾਲੂ ਕਰਨਾ ਸੀ। ਪਹਿਲਾਂ ਇਸ ਦੀ ਉਸਾਰੀ ਹੀ ਕਈ ਸਾਲ ਪਛੜ ਕੇ ਹੋਈ ਤੇ ਹੁਣ ਉਸਾਰੀ ਤੋਂ ਬਾਅਦ ਵੀ ਹਾਲੇ ਚਾਲੂ ਨਾ ਹੋਣ ਕਾਰਨ ਸ਼ਹਿਰ ਦਾ ਸਾਰਾ ਗੰਦਾ ਪਾਣੀ ਇਸ ਦੇ ਪਿਛਲੇ ਟੋਭੇ ਵਿੱਚ ਜਾ ਰਿਹਾ ਹੈ, ਜੋ ਕਿ ਮਾਹਿਰਾਂ ਮੁਤਾਬਕ ਜ਼ਮੀਨੀ ਪਾਣੀ ਨੂੰ ਦੂਸ਼ਿਤ ਕਰਦਾ ਹੈ। ਦੁਲੱਦੀ ਦੇ ਸਾਬਕਾ ਸਰਪੰਚ ਗੁਰਚਰਨ ਸਿੰਘ ਨੇ ਦੱਸਿਆ ਕਿ ਆਮ ਕਰਕੇ ਐੱਸਟੀਪੀ ਕੁਝ ਹੀ ਚਿਰਾਂ ਵਿੱਚ ਖਰਾਬ ਹੋ ਕੇ ਮੁਰੰਮਤ ਤੋਂ ਮੁਥਾਜ ਖੜ੍ਹੇ ਰਹਿੰਦੇ ਹਨ ਤੇ ਗੰਦਾ ਪਾਣੀ ਹੀ ਅੱਗੇ ਧੱਕ ਦਿੱਤਾ ਜਾਂਦਾ ਹੈ ਜਿਸ ਕਾਰਨ ਭਵਿੱਖ ਵਿੱਚ ਪਿੰਡ ਨੂੰ ਕਾਫੀ ਨੁਕਸਾਨ ਝੱਲਣਾ ਪਵੇਗਾ।

ਮੌਜੂਦਾ ਸਰਪੰਚ ਪ੍ਰਦੀਪ ਸ਼ਰਮਾ ਨੇ ਕਿਹਾ ਕਿ ਪਹਿਲਾਂ ਮਾਰਕੀਟ ਕਮੇਟੀ ਨੇ ਵੀ ਇਸ ਪਿੰਡ 'ਚ ਗੰਦਾ ਪਾਣੀ ਇਹ ਕਹਿ ਕੇ ਸੁੱਟਣਾ ਸ਼ੁਰੂ ਕੀਤਾ ਸੀ ਕਿ ਇਸ ਨੂੰ ਢੀਂਗੀ ਪਿੰਡ ਤੱਕ ਲਿਜਾਇਆ ਜਾਵੇਗਾ ਪਰ ਮੁੜ ਕੇ ਕਿਸੇ ਨੇ ਪਿੰਡ ਦੀ ਸਾਰ ਨਾ ਲਈ।

ਪਿੰਡ ਵਾਸੀਆਂ ਨੇ ਦੱਸਿਆ ਕਿ ਸ਼ਹਿਰ ਦਾ ਸੀਵਰੇਜ ਭਵਾਨੀਗੜ੍ਹ ਰੋਡ ਤੋਂ ਮੋੜ ਕੇ ਦੁਲੱਦੀ ਵਾਲੇ ਪਾਸੇ ਲਿਆਉਣ ਦਾ ਤਰਕ ਸਮਝ ਨਹੀਂ ਆ ਰਿਹਾ ਜਦੋਂਕਿ ਇਹ ਪਾਸਾ ਉੱਚਾ ਹੈ ਤੇ ਪਾਣੀ ਦਾ ਕੁਦਰਤੀ ਵਹਾਅ ਭਵਾਨੀਗੜ੍ਹ ਵਾਲੇ ਪਾਸੇ ਹੀ ਸੀ। ਜੇਕਰ ਪਲਾਂਟ ਵੀ ਉਸੇ ਪਾਸੇ ਲਗਦਾ ਤਾਂ ਖਰਚਾ ਵੀ ਘੱਟ ਆਉਂਦਾ। ਉਥੇ ਖੇਤੀਬਾੜੀ ਜੋਗ ਦੀ ਸੈਂਕੜੇ ਏਕੜ ਜ਼ਮੀਨ ਵਿੱਚ ਇਹ ਪਾਣੀ ਵਰਤਿਆ ਵੀ ਜਾਂਦਾ। ਉਨ੍ਹਾਂ ਕਿਹਾ ਕਿ ਪਲਾਂਟ ਇਥੇ ਲਗਾਉਣ ਤੋਂ ਪਹਿਲਾਂ ਪਿੰਡ ਤੋਂ ਮਨਜ਼ੂਰੀ ਲੈਣੀ ਵੀ ਜ਼ਰੂਰੀ ਨਹੀਂ ਸਮਝੀ ਗਈ।

ਸੀਵਰੇਜ ਬੋਰਡ ਦੇ ਐਕਸੀਅਨ ਵਰੁਣ ਧਵਨ ਮੁਤਾਬਕ ਪ੍ਰਸ਼ਾਸਨ ਇਸ ਬਾਬਤ ਹੱਲ ਕੱਢਣ ਦੇ ਯਤਨ ਕਰ ਰਿਹਾ ਹੈ।

ਪੰਜਾਬੀ 'ਵਰਸਿਟੀ ਵੱਲੋਂ ਏ+ ਨੈਕ ਗਰੇਡ ਸਰਟੀਫ਼ਿਕੇਟ ਜਾਰੀ

ਸਰਟੀਫ਼ਿਕੇਟ ਜਾਰੀ ਕਰਦੇ ਹੋਏ ਸਿਹਤ ਮੰਤਰੀ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਪਟਿਆਲਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਵੱਲੋਂ ਹਾਲ ਹੀ ਵਿੱਚ ਪ੍ਰਾਪਤ ਕੀਤਾ ਆਪਣਾ ਏ+ ਨੈਕ ਗਰੇਡ ਸਰਟੀਫ਼ਿਕੇਟ ਜਾਰੀ ਕੀਤਾ ਗਿਆ ਹੈ। ਇਹ ਸਰਟੀਫ਼ਿਕੇਟ ਅੱਜ ਯੂਨੀਵਰਸਿਟੀ ਕੈਂਪਸ ਵਿਖੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਜਾਰੀ ਕੀਤਾ ਗਿਆ। ਉਨ੍ਹਾਂ ਉੱਚ ਵਿਦਿਅਕ ਮਿਆਰ ਕਾਇਮ ਰੱਖਣ ਲਈ ਪੰਜਾਬੀ ਯੂਨੀਵਰਸਿਟੀ ਦੇ ਸਮਰਪਣ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਅਤੇ ਸਸਤੀ ਸਿੱਖਿਆ ਪ੍ਰਦਾਨ ਕਰਨ ਲਈ ਸਰਕਾਰ ਵਚਨਬੱਧ ਹੈ ਅਤੇ ਸਾਡੇ ਨੌਜਵਾਨਾਂ ਦੇ ਭਵਿੱਖ ਨੂੰ ਸੰਵਾਰਨ ਲਈ ਉੱਦਮ ਕਰਦੇ ਰਹਿਣਗੇ। ਵਾਈਸ-ਚਾਂਸਲਰ ਡਾ. ਅਰਵਿੰਦ ਨੇ ਇਸ ਪ੍ਰਾਪਤੀ ਦੇ ਹਵਾਲੇ ਨਾਲ਼ ਯੂਨੀਵਰਸਿਟੀ ਭਾਈਚਾਰੇ ਦੇ ਸਮੂਹਿਕ ਯਤਨਾਂ 'ਤੇ ਚਾਨਣਾ ਪਾਇਆ। ਆਈ.ਕਿਊ.ਏ.ਸੀ. ਦੇ ਡਾਇਰੈਕਟਰ ਡਾ. ਧਰਮਵੀਰ ਸ਼ਰਮਾ ਨੇ ਸਿੱਖਿਆ ਵਿੱਚ ਉੱਚ ਪੱਧਰਾਂ ਨੂੰ ਕਾਇਮ ਰੱਖਣ ਲਈ ਨਿਰੰਤਰ ਸੁਧਾਰ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਅਸੀਂ ਲਗਾਤਾਰ ਉੱਤਮਤਾ ਲਈ ਯਤਨਸ਼ੀਲ ਹਾਂ।

ਐੱਸਪੀ ਯੋਗੇਸ਼ ਸ਼ਰਮਾ ਤੇ ਡੀਐੱਸਪੀ ਗੁਰਪ੍ਰਤਾਪ ਢਿੱਲੋਂ ਨੇ ਅਹੁਦੇ ਸੰਭਾਲੇ

ਪਟਿਆਲਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-।

ਸਰਕਾਰ ਵੱਲੋਂ ਧੂਰੀ ਤੋਂ ਬਦਲ ਕੇ ਪਟਿਆਲਾ ਦੇ ਐਸ.ਪੀ (ਇਨਵੈਸ਼ਟੀਗੇਸ਼ਨ) ਦੇ ਵਕਾਰੀ ਅਹੁਦੇ 'ਤੇ ਤਾਇਨਾਤ ਕੀਤੇ ਗਏ ਯੋਗੇਸ਼ ਸ਼ਰਮਾ ਨੇ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਉਹ ਪਹਿਲਾਂ ਪਟਿਆਲਾ ਦੇ ਡੀਐੱਸਪੀ ਸਿਟੀ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦਾ ਚਹੇਤਾ ਪੁਲੀਸ ਅਧਿਕਾਰੀ ਮੰਨਿਆ ਜਾਂਦਾ ਹੈ। ਚਰਚਾ ਹੈ ਕਿ ਹੁਣ ਪਟਿਆਲਾ ਵਿੱਚ ਵੀ ਐਸਪੀ ਇਨਵੈਸ਼ਟੀਗੇਸ਼ਨ ਦੇ ਵੱਕਾਰੀ ਅਹੁਦੇ 'ਤੇ ਵੀ ਉਨ੍ਹਾਂ ਦੀ ਤਾਇਨਾਤੀ ਮੁੱਖ ਮੰਤਰੀ ਦੀ ਇੱਛਾ ਮੁਤਾਬਕ ਹੀ ਹੋਈ ਹੈ।

ਇਸੇ ਦੌਰਾਨ ਪਟਿਆਲਾ ਵਿਖੇ ਡੀਐਸਪੀ (ਰੂਰਲ) ਵਜੋਂ ਤਾਇਨਾਤ ਕੀਤੇ ਗਏ ਗਰਪ੍ਰਤਾਪ ਸਿੰਘ ਢਿੱਲੋਂ ਨੇ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਉਨ੍ਹਾਂ ਦੇ ਅਧੀਨ ਹਲਕਾ ਸਨੌਰ ਵਿਚ ਪੈਂਦੇ ਥਾਣੇ ਅਤੇ ਪੁਲੀਸ ਚੌਕੀਆਂ ਆ ਜਾਂਦੀਆਂ ਹਨ। ਚਰਚਾ ਹੈ ਕਿ ਉਨ੍ਹਾਂ ਦੀ ਤਾਇਨਾਤੀ ਸਨੌਰ ਦੇ ਵਿਧਾਇਕ ਹਰਮੀਤ ਪਠਾਨਮਾਜਰਾ ਦੀ ਸਿਫਾਰਸ਼ 'ਤੇ ਹੋਈ ਹੈ।

ਮੰਗਾਂ ਮੰਨਣ ਦੇ ਭਰੋਸੇ 'ਤੇ ਜਲ ਸਪਲਾਈ ਇੰਜਨੀਅਰਾਂ ਵੱਲੋਂ ਧਰਨੇ ਮੁਲਤਵੀ

ਪਟਿਆਲਾ ਵਿੱਚ ਧਰਨਾ ਦਿੰਦੇ ਹੋਏ ਇੰਜਨੀਅਰ ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਪਟਿਆਲਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਇੰਜਨੀਅਰਾਂ ਵੱਲੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਪੰਜਾਬ ਭਰ ਵਿਚਲੇ ਵਿਭਾਗ ਦੇ ਸਮੂਹ 13 ਸਰਕਲਾਂ 'ਚ ਸ਼ੁਰੂ ਕੀਤੇ ਗਏ ਧਰਨੇ ਅੱਜ ਤੀਜੇ ਵੀ ਜਾਰੀ ਰਹੇ। ਪਰ ਵਿਭਾਗ ਦੇ ਪਟਿਆਲਾ ਸਥਿਤ ਮੁੱਖ ਦਫਤਰ ਵੱਲੋਂ ਮੰਗਾਂ ਮੰਨਣ ਦਾ ਲਿਖਤੀ ਭਰੋਸਾ ਦੇਣ 'ਤੇ ਪੰਜਾਬ ਪੱਧਰੇ ਇਹ ਧਰਨੇ 31 ਜਨਵਰੀ ਦੀ ਸ਼ਾਮ ਨੂੰ ਮੁਲਤਵੀ ਕਰ ਦਿਤੇ।

ਧਰਨਿਆਂ ਦੀ ਅਗਵਾਈ ਕਰਦਿਆਂ 'ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ' ਦੇ ਸੂਬਾਈ ਪ੍ਰਧਾਨ ਕਰਮਜੀਤ ਸਿੰਘ ਬੀਹਲਾ ਨੇ ਧਰਨੇ ਮੁਲਤਵੀ ਕਰਨ ਦਾ ਐਲਾਨ ਕਰਦਿਆਂ, ਸਰਕਾਰ ਨੂੰ 20 ਫਰਵਰੀ ਤੱਕ ਦਾ ਅਲਟੀਮੇਟਮ ਦਿੱਤਾ ਅਤੇ ਆਖਿਆ ਕਿ ਜੇਕਰ ਵੀਹ ਦਿਨਾਂ 'ਚ ਵੀ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਯਕੀਨੀ ਨਾ ਬਣਾਈ ਗਈ, ਤਾਂ ਮੁਹਾਲੀ 'ਚ ਅਣਮਿਥੇ ਸਮੇਂ ਲਈ ਸੂਬਾਈ ਧਰਨਾ ਸ਼ੁਰੂ ਕੀਤਾ ਜਾਵੇਗਾ। ਧਰਨਿਆਂ ਨੂੰ ਚੇਅਰਮੈਨ ਸੁਖਮਿੰਦਰ ਲਵਲੀ, ਜਨਰਲ ਸਕੱਤਰ ਅਰਵਿੰਦ ਸੈਣੀ ਅਤੇ ਵਿੱਤ ਸਕੱਤਰ ਕਮਰਜੀਤ ਮਾਨ ਸਮੇਤ ਕਈ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ। ਜਿਨ੍ਹਾਂ ਨੇ ਸਹਾਇਕ ਇੰਜਨੀਅਰ ਤੇ ਐੱਸ.ਡੀ.ਓ ਦੀਆਂ ਦੋ ਸਾਲਾਂ ਤੋਂ ਰੋਕੀਆਂ ਗਈਆਂ ਤਰੱਕੀਆਂ ਤੇ ਤਰੱਕੀ ਕੋਟੇ 'ਚ ਵਾਧਾ ਨਾ ਕਰਨ ਸਮੇਤ ਮੰਨੀਆਂ ਗਈਆਂ ਕਈ ਹੋਰ ਮੰਗਾਂ ਨੂੰ ਲਾਗੂ ਨਾ ਕਰਨ ਦੀ ਨਿੰਦਾ ਕੀਤੀ।

ਸਰਕਲ ਦਫ਼ਤਰ ਅੱਗੇ ਧਰਨਾ

ਸੰਗਰੂਰ: ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇੰਜਨੀਅਰਾਂ ਨੇ ਤਿੰਨ ਰੋਜ਼ਾ ਰੋਸ ਧਰਨਿਆਂ ਦੇ ਆਖ਼ਰੀ ਦਿਨ ਇਥੇ ਵਿਭਾਗ ਦੇ ਸਰਕਲ ਦਫ਼ਤਰ ਅੱਗੇ ਰੋਸ ਧਰਨਾ ਦਿੱਤਾ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਐਸੋਸੀਏਸ਼ਨ ਦੇ ਜ਼ੋਨ ਪ੍ਰਧਾਨ ਮਨਿੰਦਰ ਪਾਲ ਸਿੰਘ ਨੇ ਕਿਹਾ ਕਿ ਵਿਭਾਗ ਅੰਦਰ ਪਹਿਲੀ ਵਾਰੀ ਹੋਇਆ ਹੈ ਕਿ ਪਿਛਲੇ ਸਾਲ ਅਤੇ ਇਸ ਸਾਲ ਵਿੱਚ ਸਹਾਇਕ ਇੰਜਨੀਅਰ ਤੋਂ ਉਪ ਮੰਡਲ ਇੰਜਨੀਅਰ ਅਤੇ ਉਪ ਮੰਡਲ ਇੰਜਨੀਅਰ ਤੋਂ ਕਾਰਜਕਾਰੀ ਇੰਜਨੀਅਰ ਲਈ ਕੋਈ ਵੀ ਤਰੱਕੀ ਨਹੀਂ ਹੋਈ, ਨਾ ਹੀ ਕੋਟਾ ਪੰਜਾਹ ਤੋਂ 75 ਫ਼ੀਸਦ ਕਰਨ ਤੇ ਤਰੱਕੀ ਲਈ ਸਮਾਂ ਘਟਾਉਣ ਲਈ ਕੋਈ ਕਾਰਵਾਈ ਹੋਈ ਹੈ।

ਲੜਕੀ ਲਾਪਤਾ, ਕੇਸ ਦਰਜ

ਸਮਾਣਾ, 3 ਫਰਵਰੀ
-ਸਿਵ ਨਰਾਇਣ-
-ਕੌਮੀ ਪੱਤ੍ਰਿਕਾ ਬਿਊਰੋ-

ਲੜਕੀ ਨੂੰ ਗੈਰਕਾਨੂੰਨੀ ਤਰੀਕੇ ਨਾਲ ਆਪਣੀ ਹਿਰਾਸਤ 'ਚ ਲੁਕਾ ਕੇ ਰੱਖਣ ਦੇ ਇਕ ਮਾਮਲੇ 'ਚ ਸਿਟੀ ਪੁਲੀਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰ ਏ.ਐਸ.ਆਈ ਰਾਜਵੀਰ ਸਿੰਘ ਨੇ ਦੱਸਿਆ ਕਿ ਲੜਕੀ ਦੇ ਪਿਤਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 19 ਜਨਵਰੀ ਦੀ ਸਵੇਰ ਉਸ ਦੀ ਲੜਕੀ ਦੁੱਧ ਲੈਣ ਲਈ ਘਰ ਤੋਂ ਗਈ ਸੀ, ਪਰ ਵਾਪਸ ਨਹੀਂ ਆਈ। ਸ਼ਿਕਾਇਤਕਰਤਾ ਨੇ ਸ਼ੱਕ ਜ਼ਾਹਿਰ ਕੀਤਾ ਉਸ ਦੀ ਲੜਕੀ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਗੈਰਕਾਨੂੰਨੀ ਤਰੀਕੇ ਨਾਲ ਲੁਕਾ ਕੇ ਰੱਖਿਆ ਹੋ ਸਕਦਾ ਹੈ। ਪੁਲੀਸ ਨੇ ਕੇਸ ਦਰਜ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਨਤਕ ਥਾਵਾਂ ਤੇ ਤੰਬਾਕੂਨੋਸ਼ੀ ਕਰਨ ਵਾਲਿਆਂ ਵਿਰੁੱਧ ਕੀਤੀ ਕਾਰਵਾਈ

ਮਾਛੀਵਾੜਾ ਸਾਹਿਬ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਸਥਾਨਕ ਸ਼ਹਿਰ ਵਿਖੇ ਸਿਵਲ ਸਰਜਨ ਲੁਧਿਆਣਾ ਡਾਕਟਰ ਜਸਵੀਰ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ.ਐੱਚ.ਸੀ. ਮਾਛੀਵਾੜਾ ਸਾਹਿਬ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀ ਟੀਮ ਵੱਲੋਂ ਜਨਤਕ ਥਾਵਾਂ ਉੱਪਰ ਤੰਬਾਕੂ ਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟੇ ਜਿਨ੍ਹਾਂ ਵਿੱਚ ਮਾਲਵਾ ਚੌਕ, ਤੱਖਰਾਂ, ਇਰਾਕ ਅਤੇ ਭੱਟੀਆਂ ਪਿੰਡ ਸ਼ਾਮਲ ਹਨ।ਇਸ ਤੋਂ ਇਲਾਵਾ ਉਨਾਂ ਨੇ ਤੰਬਾਕੂ ਵੇਚਣ ਵਾਲੀਆਂ ਦੁਕਾਨਾਂ ਤੇ ਜਿਨ੍ਹਾਂ ਨੇ ਬਾਹਰ 18 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਤੰਬਾਕੂ ਨਾ ਵੇਚਣਾ ਅਤੇ ਕੋਟਪਾ ਐਕਟ ਦੇ ਅਨੁਸਾਰ ਵਾਰਨਿੰਗ ਸਾਈਨ ਨਹੀਂ ਲੱਗੇ ਹੋਏ ਸਨ ਉਨਾਂ ਦੇ ਵੀ ਕੋਟਪਾ ਐਕਟ 2003 ਦੇ ਅਨੁਸਾਰ ਚਲਾਣ ਕੱਟੇ ਗਏ। ਇਸ ਮੌਕੇ ਉਨ੍ਹਾਂ ਨੇ ਉੱਥੇ ਖੜ੍ਹੇ ਲੋਕਾਂ ਨੂੰ ਵੀ ਤੰਬਾਕੂ ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਕੀਤਾ ਅਤੇ ਇਸ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਵੀ ਦੱਸਿਆ ਕਿਸ ਤਰ੍ਹਾਂ ਅਸੀਂ ਇਹਨਾਂ ਚੀਜ਼ਾਂ ਦੀ ਵਰਤੋਂ ਕਰਕੇ ਆਪਣੀ ਜਾਨ ਨੂੰ ਜੋਖਮ ਵਿੱਚ ਪਾ ਲੈਂਦੇ ਹਾਂ। ਇਸ ਮੌਕੇ ਮਨਮੋਹਨ ਸਿੰਘ,ਪਰਮਵੀਰ ਸਿੰਘ, ਗੁਰਤਿੰਦਰਜੀਤ ਸਿੰਘ (ਸਾਰੇ ਸਿਹਤ ਸੁਪਰਵਾਈਜ਼ਰ) ਅਤੇ ਲਖਵੀਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਸ਼ਾਮਿਲ ਸੀ।

ਮਾਡਲ ਸਕੂਲ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ

ਪਟਿਆਲਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ।

ਇਸ ਦੌਰਾਨ ਮਿਸਟਰ ਆਰਟਸ ਆਰਯਨ, ਮਿਸ ਆਰਟਸ ਸੁਖਮਨਜੋਤ ਕੌਰ, ਮਿਸਟਰ ਸਾਇੰਸ ਜੈਜੀਤ, ਮਿਸ ਸਾਇੰਸ ਗੁਰਪ੍ਰੀਤ ਕੌਰ, ਮਿਸਟਰ ਕਾਮਰਸ ਲਵਪ੍ਰੀਤ ਮਾਹੀ, ਮਿਸ ਕਾਮਰਸ ਸ਼ਾਇਨਾ, ਮਿਸਟਰ ਫੇਅਰਵੈਲ-ਰਾਹੁਲ, ਮਿਸ ਫੇਅਰਵੈਲ-ਅਮੋਲ ਅਤੇ ਸੁੰਦਰ ਲਿਖਾਈ ਲਈ ਬ੍ਰਹਮਦੀਪ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਦੀ ਵਿਦਿਆਰਥੀਆਂ ਵਿਚ ਕੈਟਵਾਕ ਅਤੇ ਮਿਊਜ਼ਿਕਲ ਚੇਅਰਜ਼ ਗੇਮਜ਼ ਵੀ ਖਿਡਾਈਆਂ ਗਈਆਂ। ਐਨ.ਸੀ.ਸੀ. ਦੀ ਕੈਡਿਟ ਲਵਪ੍ਰੀਤ ਕੌਰ ਅਤੇ ਗੁਰਪ੍ਰੀਤ ਕੌਰ ਨੂੰ ਏ.ਐਨ.ਓ. ਸਤਵੀਰ ਸਿੰਘ ਗਿੱਲ ਵਲੋਂ ਐਨ.ਸੀ.ਸੀ. ਵਿੱਚ ਵਧੀਆ ਗਤੀਵਿਧੀਆਂ ਲਈ ਟ੍ਰੈਕ ਸੂਟ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਸਕੂਲ ਇੰਚਾਰਜ ਡਾ. ਬਾਲ ਕ੍ਰਿਸ਼ਨ ਨੇ ਸਾਰੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਵਧੀਆ ਨੰਬਰ ਲੈਣ ਅਤੇ ਭਵਿੱਖ ਵਿੱਚ ਤਰੱਕੀ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਸੀ।

ਬਿਹਤਰੀਨ ਸੇਵਾਵਾਂ ਲਈ ਸਿਵਲ ਸਰਜਨ ਸੰਗਰੂਰ ਡਾ. ਕਿਰਪਾਲ ਸਿੰਘ ਸਨਮਾਨਿਤ

ਸੰਗਰੂਰ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੁਲਿਸ ਲਾਇਨ ਸੰਗਰੂਰ ਵਿਖੇ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਵਿਸ਼ੇਸ਼ ਸਮਾਗਮ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੂੰ ਬਿਹਤਰੀਨ ਸੇਵਾਵਾਂ ਨਿਭਾਉਣ ਬਦਲੇ ਸਨਮਾਨ ਪੱਤਰ ਤੇ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਇਹ ਸਨਮਾਨ ਸਿਰਫ ਉਨ੍ਹਾਂ ਦਾ ਨਿੱਜੀ ਨਹੀਂ ਹੈ, ਸਗੋਂ ਜ਼ਿਲ੍ਹੇ ਦੇ ਸਮੁੱਚੇ ਸਿਹਤ ਵਿਭਾਗ ਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦਾ ਸਮੂਹ ਮੈਡੀਕਲ, ਪੈਰਾਮੈਡੀਕਲ ਸਮੇਤ ਹਰ ਕੇਡਰ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਬਿਹਤਰੀਨ ਸਿਹਤ ਸਹੂਲਤਾਂ ਸਦਕਾ ਹੈ। ਉਨ੍ਹਾਂ ਕਿਹਾ ਕਿ ਸਨਮਾਨ ਮਿਲਣ ਨਾਲ ਉਨ੍ਹਾਂ ਦੀ ਜਿਮੇਵਾਰੀ ਵਿੱਚ ਹੋਰ ਵਾਧਾ ਹੋਇਆ ਹੈ ਅਤੇ ਉਹ ਹੋਰ ਮਿਹਨਤ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਸੰਗਰੂਰ ਦੇ ਲੋਕਾਂ ਨੂੰ ਬਿਹਤਰੀਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨ ਜਾਰੀ ਰਹਿਣਗੇ। ਇਸ ਮੌਕੇ ਡਾ. ਚਮਨਦੀਪ ਸਿੰਘ ਰੇਖੀ, ਡਾ. ਹਰਪ੍ਰੀਤ ਕੌਰ ਰੇਖੀ ਅਤੇ ਡਾ. ਰਮਨਵੀਰ ਕੌਰ ਬੋਪਾਰਾਏ ਨੂੰ ਵੀ ਸਿਵਲ ਸਰਜਨ ਦੀ ਅਗਵਾਈ ਵਿੱਚ ਸਨਮਾਨਿਤ ਕੀਤਾ ਗਿਆ।

ਚੰਡੀਗੜ੍ਹ ਮੇਅਰ ਚੋਣਾਂ 'ਚ ਵੋਟ 'ਚੋਰੀ' ਕਰਦੇ ਹੋਏ ਕੈਮਰੇ 'ਚ ਕੈਦ ਹੋਈ ਭਾਜਪਾ : ਕੇਜਰੀਵਾਲ

ਨਵੀਂ ਦਿੱਲੀ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਨੂੰ ਭਾਜਪਾ 'ਤੇ ਹਮਲਾ ਬੋਲਦੇ ਹੋਏ ਕਿਹਾ ਕਿ ਜੇਕਰ ਉਹ ਚੰਡੀਗੜ੍ਹ ਮੇਅਰ ਚੋਣ 'ਚ 'ਧਾਂਦਲੀ' ਕਰ ਸਕਦੀ ਹੈ ਤਾਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ 'ਚ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਉਹ ਇੱਥੇ ਪਾਰਟੀ ਹੈੱਡ ਕੁਆਰਟਰ 'ਤੇ ਇਕ ਵਿਰੋਧ ਪ੍ਰਦਰਸ਼ਨ 'ਚ ਆਮ ਆਦਮੀ ਪਾਰਟੀ ਦੇ ਨੇਤਾਵਾਂ ਅਤੇ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਪ੍ਰਦਰਸ਼ਨ ਦੀ ਯੋਜਨਾ ਭਾਜਪਾ ਹੈੱਡ ਕੁਆਰਟਰ ਦੇ ਸਾਹਮਣੇ ਕੁਝ 100 ਮੀਟਰ ਦੂਰ ਡੀਡੀਯੂ ਮਾਰਗ 'ਤੇ ਬਣਾਈ ਗਈ ਸੀ ਪਰ ਭਾਰੀ ਪੁਲਸ ਤਾਇਨਾਤੀ ਅਤੇ ਬੈਰੀਕੇਡਿੰਗ ਕਾਰਨ 'ਆਪ' ਮੈਂਬਰ ਉੱਥੇ ਨਹੀਂ ਪਹੁੰਚ ਸਕੇ।

ਕੇਜਰੀਵਾਲ ਨੇ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਚੰਡੀਗੜ੍ਹ ਮੇਅਰ ਚੋਣਾਂ 'ਚ ਵੋਟ 'ਚੋਰੀ' ਕਰਦੇ ਹੋਏ ਕੈਮਰੇ 'ਚ ਕੈਦ ਹੋਈ। ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਅਹੁਦਿਆਂ ਲਈ ਮੰਗਲਵਾਰ ਨੂੰ ਚੋਣਾਂ ਹੋਈਆਂ ਅਤੇ ਭਾਜਪਾ ਨੇ ਕਾਂਗਰਸ-ਆਪ ਗਠਜੋੜ ਨੂੰ ਹਰਾ ਕੇ ਸਾਰੇ ਅਹੁਦਿਆਂ 'ਤੇ ਜਿੱਤ ਹਾਸਲ ਕੀਤੀ। ਪਿਛਲੇ ਕੁਝ ਸਾਲਾਂ 'ਚ ਅਸੀਂ ਸੁਣਿਆ ਸੀ ਕਿ ਭਾਜਪਾ ਚੋਣਾਂ 'ਚ ਧਾਂਦਲੀ ਕਰਦੀ ਹੈ। ਉਹ ਈ.ਵੀ.ਐੱਮ. ਨਾਲ ਛੇੜਛਾੜ ਕਰਦੇ ਹਨ।'' ਉਨ੍ਹਾਂ ਦੋਸ਼ ਲਗਾਇਆ,''ਵੋਟਰ ਸੂਚੀਆਂ ਤੋਂ ਵੋਟਰਾਂ ਦੇ ਨਾਂ ਹਟਾ ਦਿੱਤੇ ਗਏ ਪਰ ਕਦੇ ਕੋਈ ਸਬੂਤ ਨਹੀਂ ਮਿਲਿਆ। ਉਹ ਚੰਡੀਗੜ੍ਹ 'ਚ ਵੋਟ ਚੋਰੀ ਕਰਦੇ ਹੋਏ ਰੰਗੇਂ ਹੱਥੀਂ ਫੜੇ ਗਏ।'' ਕੇਜਰੀਵਾਲ ਨੇ ਕਿਹਾ,''ਜੇਕਰ ਉਹ ਚੰਡੀਗੜ੍ਹ ਮੇਅਰ ਚੋਣਾਂ 'ਚ ਅਜਿਹੀਆਂ ਬੇਨਿਯਮੀਆਂ ਕਰ ਸਕਦੇ ਹਨ ਤਾਂ ਉਹ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ 'ਚ ਕੀ ਕਰ ਰਹੇ ਹੋਣਗੇ। ਉਹ ਸੱਤਾ ਲਈ ਦੇਸ਼ ਨੂੰ ਵੇਚ ਸਕਦੇ ਹਨ ਪਰ ਅਸੀਂ ਉਨ੍ਹਾਂ ਨੂੰ ਅਜਿਹਾ ਕਰਨ ਦੀ ਮਨਜ਼ੂਰੀ ਨਹੀਂ ਦੇਵਾਂਗੇ।'' 'ਆਪ' ਦੇ ਰਾਸ਼ਟਰੀ ਕਨਵਰੀਨਰ ਨੇ ਇਹ ਵੀ ਦੋਸ਼ ਲਗਾਇਆ ਕਿ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਹੋਣ ਤੋਂ ਰੋਕਣ ਲਈ ਪੁਲਸ ਨੇ ਵੱਡੀ ਗਿਣਤੀ 'ਚ ਪਾਰਟੀ ਵਰਕਰਾਂ ਅਤੇ ਨੇਤਾਵਾਂ ਨੂੰ ਰੋਕਿਆ ਅਤੇ ਹਿਰਾਸਤ 'ਚ ਲਿਆ।

ਚੰਪਈ ਸੋਰੇਨ ਨੇ ਝਾਰਖੰਡ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

ਰਾਂਚੀ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਝਾਰਖੰਡ ਦੇ ਵਿਧਾਇਕ ਦਲ ਦੇ ਨੇਤਾ ਚੰਪਈ ਸੋਰੇਨ ਨੇ ਅੱਜ ਰਾਜ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਨ੍ਹਾਂ ਦੇ ਨਾਲ ਕਾਂਗਰਸ ਨੇਤਾ ਆਲਮਗੀਰ ਆਲਮ, ਆਰਜੇਡੀ ਨੇਤਾ ਸਤਿਆਨੰਦ ਭੋਕਤਾ ਨੇ ਵੀ ਨਵੀਂ ਸਰਕਾਰ ਵਿੱਚ ਮੰਤਰੀ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਸਹੁੰ ਰਾਜਪਾਲ ਸੀਪੀ ਰਾਧਾਕ੍ਰਿਸ਼ਨਨ ਨੇ ਚੁਕਾਈ। ਸਹੁੰ ਚੁੱਕ ਸਮਾਗਮ ਰਾਜ ਭਵਨ ਦੇ ਦਰਬਾਰ ਹਾਲ ਵਿੱਚ ਹੋਇਆ ਅਤੇ ਇਸ ਮੌਕੇ ਜੇਐੱਮਐੱਮ ਦੀ ਅਗਵਾਈ ਵਾਲੇ ਗਠਜੋੜ ਦੇ ਸੀਨੀਅਰ ਆਗੂ ਮੌਜੂਦ ਸਨ। ਕਬਾਇਲੀ ਨੇਤਾ ਚੰਪਈ ਸੋਰੇਨ (67) ਰਾਜ ਦੇ 12ਵੇਂ ਮੁੱਖ ਮੰਤਰੀ ਹਨ

ਕੇਂਦਰ ਤੋਂ ਹਜ਼ਾਰਾਂ ਕਰੋੜ ਰੁਪਏ ਦਾ ਬਕਾਇਆ ਲੈਣ ਲਈ ਮਮਤਾ ਵੱਲੋਂ ਧਰਨਾ

ਕੋਲਕਾਤਾ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਇਥੇ ਕੇਂਦਰ ਤੋਂ ਵੱਖ-ਵੱਖ ਸਮਾਜ ਭਲਾਈ ਸਕੀਮਾਂ ਲਈ ਰਾਜ ਦੇ ਬਕਾਇਆ ਦੇ ਭੁਗਤਾਨ ਲਈ ਧਰਨਾ ਸ਼ੁਰੂ ਕੀਤਾ। ਬੈਨਰਜੀ ਨੇ ਆਪਣੀ ਪਾਰਟੀ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨਾਲ ਸ਼ਹਿਰ ਦੇ ਮੱਧ 'ਚ 'ਮੈਦਾਨ' ਇਲਾਕੇ 'ਚ ਬੀਆਰ ਅੰਬੇਡਕਰ ਦੇ ਬੁੱਤ ਅੱਗੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਸਟੇਜ ਦੇ ਕੋਲ ਟੈਂਟ ਲਗਾਇਆ ਗਿਆ ਹੈ ਤਾਂ ਜੋ ਬੈਨਰਜੀ ਜ਼ਰੂਰੀ ਪ੍ਰਸ਼ਾਸਨਿਕ ਕੰਮ ਕਰ ਸਕਣ। ਮੁੱਖ ਮੰਤਰੀ ਦਾ ਦਾਅਵਾ ਹੈ ਕਿ

ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲ ਵੱਖ-ਵੱਖ ਭਲਾਈ ਸਕੀਮਾਂ ਲਈ ਸੂਬੇ ਦੇ ਹਜ਼ਾਰਾਂ ਕਰੋੜ ਰੁਪਏ ਬਕਾਇਆ ਹਨ।

ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ ਲੇਖਾਕਾਰ ਖਿਲਾਫ 45 ਲੱਖ ਰੁਪਏ ਦੀ ਰਿਸ਼ਵਤ ਲੈਣ ਸਬੰਧੀ ਇਕ ਹੋਰ ਕੇਸ ਦਰਜ

ਮੁਲਜ਼ਮ ਪਹਿਲਾਂ ਹੀ ਨਿਆਂਇਕ ਹਿਰਾਸਤ ਅਧੀਨ ਬੰਦ ਹੈ ਜੇਲ੍ਹ ਵਿਚ

ਚੰਡੀਗੜ੍ਹ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਦੀ ਆਪਣੀ ਵਚਨਬੱਧਤਾ ਤਹਿਤ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ (ਏ.ਆਈ.ਟੀ.) ਦੇ ਲੇਖਾਕਾਰ ਤੇ ਅੰਮ੍ਰਿਤਸਰ ਨਿਵਾਸੀ ਵਿਸ਼ਾਲ ਸ਼ਰਮਾ ਵਿਰੁੱਧ 45 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਇੱਕ ਹੋਰ ਮਾਮਲਾ ਦਰਜ ਕੀਤਾ ਹੈ।

ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਅੱਜ ਇਹ ਖੁਲਾਸਾ ਕਰਦਿਆਂ ਦੱਸਿਆ ਕਿ ਐਫਆਈਆਰ ਨੰ. 01, ਮਿਤੀ 31.01.2024 ਨੂੰ ਉਕਤ ਕਰਮਚਾਰੀ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਧੀਨ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਇਹ ਕੇਸ ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡ ਦੇ ਵਸਨੀਕ ਮੇਜਰ ਸਿੰਘ ਵੱਲੋਂ ਦਰਜ ਕਰਵਾਈ ਆਨਲਾਈਨ ਸ਼ਿਕਾਇਤ ਉਪਰੰਤ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਇਹ ਸ਼ਿਕਾਇਤ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਆਡੀਓ-ਵਿਜ਼ੂਅਲ ਸਬੂਤਾਂ ਸਮੇਤ ਦਰਜ ਕਰਵਾਈ ਸੀ। ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਅੰਮ੍ਰਿਤਸਰ ਰੇਂਜ ਨੇ ਸ਼ਿਕਾਇਤ ਵਿੱਚ ਦੋਸ਼ਾਂ ਨੂੰ ਸਹੀ ਅਤੇ ਦਰੁੱਸਤ ਪਾਇਆ, ਜਿਸ ਕਾਰਨ ਉਕਤ ਮੁਲਜ਼ਮ ਕਰਮਚਾਰੀ ਵਿਰੁੱਧ ਇਹ ਕੇਸ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਏਆਈਟੀ ਦਾ ਇਹ ਮੁਲਾਜ਼ਮ ਇਸ ਸਮੇਂ ਇੱਕ ਹੋਰ ਰਿਸ਼ਵਤ ਦੇ ਮਾਮਲੇ ਵਿੱਚ 8 ਲੱਖ ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਤਹਿਤ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਵਿੱਚ ਬੰਦ ਹੈ ਤੇ ਇਸ ਕੇਸ ਵਿਚ ਜਲਦੀ ਹੀ ਉਸ ਨੂੰ ਗ੍ਰਿਫਤਾਰੀ ਕਰਨ ਲਈ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਜਾਵੇਗਾ। ਜ਼ਿਕਰਯੋਗ ਹੈ ਕਿ, ਬੀਤੀ 7 ਜਨਵਰੀ, 2023 ਨੂੰ ਦਰਜ ਕੀਤੇ ਗਏ ਇਸ ਕੇਸ ਵਿੱਚ, ਇੱਕ ਸਹਿ-ਦੋਸ਼ੀ ਏਆਈਟੀ ਲਾਅ ਅਫਸਰ ਗੌਤਮ ਮਜੀਠੀਆ, ਜੋ ਕਿ ਗ੍ਰੀਨ ਫੀਲਡ, ਮਜੀਠਾ ਰੋਡ, ਅੰਮ੍ਰਿਤਸਰ ਦਾ ਰਹਿਣ ਵਾਲਾ ਹੈ, ਨੂੰ ਪਹਿਲਾਂ ਹੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਉਹ ਵੀ ਨਿਆਂਇਕ ਹਿਰਾਸਤ ਵਿੱਚ ਹੈ।

ਰਾਹੁਲ ਉਲਝਣ 'ਚ, ਰਾਜ ਸਭਾ ਦੀ ਆਂ 2 ਸੀਟਾਂ ਦਾਅ 'ਤੇ

ਨਵੀਂ ਦਿੱਲੀ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਚਾਹੁੰਦੇ ਸਨ ਕਿ ਉਨ੍ਹਾਂ ਦੇ 2 ਕਰੀਬੀ ਸਾਥੀ ਰਣਦੀਪ ਸਿੰਘ ਸੁਰਜੇਵਾਲਾ ਅਤੇ ਦੀਪੇਂਦਰ ਸਿੰਘ ਹੁੱਡਾ ਹਰਿਆਣਾ ਤੋਂ ਲੋਕ ਸਭਾ ਦੀ ਚੋਣ ਲੜਨ। ਸੁਰਜੇਵਾਲਾ ਇਸ ਸਮੇ ਏ. ਆਈ. ਸੀ. ਸੀ. ਦੇ ਮੱਧ ਪ੍ਰਦੇਸ਼ ਦੇ

ਇੰਚਾਰਜ ਜਨਰਲ ਸਕੱਤਰ ਹਨ। ਉਨ੍ਹਾਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਜਦੋਂ ਉਹ ਵਿਧਾਨ ਸਭਾ ਚੋਣਾਂ ਹਾਰ ਗਏ ਤਾਂ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਰਾਜਸਥਾਨ ਤੋਂ ਰਾਜ ਸਭਾ ਦੀ ਸੀਟ ਦੇ ਕੇ ਨਿਵਾਜਿਆ।

ਇਸੇ ਤਰ੍ਹਾਂ ਦੀਪੇਂਦਰ ਸਿੰਘ ਹੁੱਡਾ ਜੋ 2019 ਵਿੱਚ ਆਪਣੀ ਲੋਕ ਸਭਾ ਸੀਟ ਹਾਰ ਗਏ ਸਨ, ਨੂੰ ਵੀ ਰਾਜ ਸਭਾ ਦੀ ਸੀਟ ਨਾਲ ਨਿਵਾਜਿਆ ਗਿਆ ਸੀ। ਕਈ ਲੋਕਾਂ ਦਾ ਕਹਿਣਾ ਹੈ ਕਿ ਉਹ ਪ੍ਰਿਯੰਕਾ ਗਾਂਧੀ ਦੇ ਕਰੀਬੀ ਹਨ ਅਤੇ ਰਾਹੁਲ ਗਾਂਧੀ ਦੇ ਕੋਟੇ 'ਚੋਂ ਨਹੀਂ ਹਨ। ਰਾਹੁਲ ਗਾਂਧੀ ਪਾਰਟੀ ਦੇ ਵਿਵਾਦ ਰਹਿਤ ਨੇਤਾ ਹਨ ਅਤੇ ਉਨ੍ਹਾਂ ਦੀ ਹਕੂਮਤ ਚਲਦੀ ਹੈ। ਰਾਹੁਲ ਗਾਂਧੀ ਚਾਹੁੰਦੇ ਹਨ ਕਿ ਹਰਿਆਣਾ ਦੇ ਇਹ ਦੋ ਤਾਕਤਵਰ ਨੌਜਵਾਨ ਨੇਤਾ ਲੋਕ ਸਭਾ ਦੀ ਚੋਣ ਲੜਨ।

ਸਥਿਤੀ ਹੁਣ ਬਦਲ ਗਈ ਹੈ ਕਿਉਂਕਿ ਰਾਜਸਥਾਨ ਵਿੱਚ ਇਸ ਸਮੇ ਭਾਜਪਾ ਦੀ ਸਰਕਾਰ ਹੈ। ਕਾਂਗਰਸ ਇੱਥੇ ਹਾਰ ਗਈ ਹੈ। ਉਹ ਦਿਨ ਗਏ ਜਦੋਂ ਕਾਂਗਰਸ ਨੇ ਰਾਜਸਥਾਨ ਤੋਂ ਰਾਜ ਸਭਾ ਲਈ ਤਿੰਨ ਮੈਂਬਰਾਂ ਦੀ ਜਿੱਤ ਆਸਾਨੀ ਨਾਲ ਯਕੀਨੀ ਬਣਾ ਲਈ ਸੀ।

ਦੀਪੇਂਦਰ ਸਿੰਘ ਹੁੱਡਾ ਇਸ ਸਾਲ ਸੇਵਾਮੁਕਤ ਨਹੀਂ ਹੋ ਰਹੇ। ਜੇ ਇਸ ਸੀਟ 'ਤੇ ਉਪ ਚੋਣ ਹੁੰਦੀ ਹੈ ਤਾਂ ਭਾਜਪਾ-ਜੇ. ਜੇ. ਪੀ. ਗਠਜੋੜ ਦੀ ਜਿੱਤ ਹੋਵੇਗੀ। ਕੀ ਕਾਂਗਰਸ ਲੋਕ ਸਭਾ ਦੇ ਬਦਲੇ ਰਾਜ ਸਭਾ ਦੀਆਂ 2 ਸੀਟਾਂ ਗੁਆਉਣ ਦਾ ਖਤਰਾ ਮੁੱਲ ਲਵੇਗੀ ? ਇਸ ਲਈ ਕਾਂਗਰਸ ਨੂੰ ਦੀਪੇਂਦਰ ਸਿੰਘ ਹੁੱਡਾ ਦੀ ਥਾਂ ਰੋਹਤਕ ਵਿੱਚ ਨਵਾਂ ਚਿਹਰਾ ਲੱਭਣਾ ਹੋਵੇਗਾ।

ਸਰਵੇਸ਼ਵਰ ਫੂਡਜ਼ ਲਿਮਿਟੇਡ ਨੇ ਜੰਮੂ ਅਤੇ ਕਸ਼ਮੀਰ ਵਿੱਚ ਦੋ ਨਵੇਂ ਕੇਂਦਰ ਖੋਲ੍ਹੇ

ਚੰਡੀਗੜ੍ਹ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਸਰਵੇਸ਼ਵਰ ਫੂਡਜ਼ ਲਿਮਟਿਡ ਕੁਲਗਾਮ ਅਤੇ ਕਿਸਾਨਾਂ ਤੋਂ ਸਿੱਧੇ ਤੌਰ 'ਤੇ ਅਖਰੋਟ, ਰਾਜਮਾ, ਸੇਬ, ਕਾਲੇ ਮੋਰੇਲ (ਗੁਚੀ), ਕਾਲਾ ਜੀਰਾ ਅਤੇ ਹੋਰ ਪ੍ਰਮਾਣਿਕ ਹਿਮਾਲੀਅਨ ਪਕਵਾਨਾਂ ਦੀ ਖਰੀਦ ਲਈ 2 ਹੋਰ ਸਰਵੇਸ਼ਵਰ ਫੂਡਜ਼ ਲਿਮਟਿਡ (SFL) ਚੌਪਾਲ (ਖਰੀਦ ਸਹੂਲਤ ਕੇਂਦਰ) ਸਥਾਪਤ ਕਰ ਰਿਹਾ ਹੈ। ਡੋਡਾ।ਇਸ ਦੇ ਖਰੀਦ ਚੈਨਲ ਨੂੰ ਸਥਾਪਿਤ ਅਤੇ ਮਜ਼ਬੂਤ ਕਰਕੇ। ਇਹਨਾਂ ਨਵੇਂ ਸਥਾਨਾਂ ਦੇ ਨਾਲ, ਸਰਵੇਸ਼ਵਰ ਫੂਡਜ਼ ਹੁਣ ਜੰਮੂ ਅਤੇ ਕਸ਼ਮੀਰ ਖੇਤਰ ਵਿੱਚ ਵੱਖ-ਵੱਖ ਸਥਾਨਾਂ 'ਤੇ 12 ਸਰਵੇਸ਼ਵਰ ਫੂਡਜ਼ ਲਿਮਟੇਡ (SFL) ਚੌਪਾਲਾਂ ਦਾ ਸੰਚਾਲਨ ਕਰ ਰਿਹਾ ਹੈ, ਜਿਨ੍ਹਾਂ ਵਿੱਚੋਂ 7 ਜੰਮੂ ਅਤੇ 5 ਕਸ਼ਮੀਰ ਵਿੱਚ ਹਨ। ਇਹਨਾਂ ਸਾਰੇ SFL ਚੌਪਾਲਾਂ ਦਾ ਪ੍ਰਬੰਧਨ ਸਿਖਲਾਈ ਪ੍ਰਾਪਤ ਸਥਾਨਕ ਕਿਸਾਨਾਂ ਦੁਆਰਾ ਕੀਤਾ ਜਾ ਰਿਹਾ ਹੈ ਜੋ ਸਥਾਨਕ ਕਿਸਾਨ ਭਾਈਚਾਰੇ ਨੂੰ ਉਹਨਾਂ ਦੀ ਸਥਾਨਕ ਭਾਸ਼ਾ ਵਿੱਚ ਜਾਣਕਾਰੀ ਤੱਕ ਪਹੁੰਚ ਕਰਨ ਵਿੱਚ ਮਦਦ ਕਰਦੇ ਹਨ। ਸਰਵੇਸ਼ਵਰ ਫੂਡਜ਼ ਲਿਮਿਟੇਡ (SFL) ਚੌਪਾਲ-ਸਰਵੇਸ਼ਵਰ ਫੂਡਜ਼ ਪ੍ਰੋਕਿਉਰਮੈਂਟ ਫੈਸਿਲੀਟੇਸ਼ਨ ਸੈਂਟਰ ਦੀ ਸਥਾਪਨਾ 2 ਉਦੇਸ਼ਾਂ ਨਾਲ ਕੀਤੀ ਗਈ ਹੈ: ਪਹਿਲਾ, ਬੇਲੋੜੀ ਲੀਕੇਜ, ਦੇਰੀ ਅਤੇ ਲੌਜਿਸਟਿਕ ਚੁਣੌਤੀਆਂ ਨੂੰ ਖਤਮ ਕਰਕੇ ਖਰੀਦ ਨੂੰ ਤੇਜ਼ ਅਤੇ ਸੁਚਾਰੂ ਬਣਾਉਣਾ, ਅਤੇ ਦੂਜਾ, ਫਸਲੀ ਚੱਕਰ ਨੂੰ ਸੁਚਾਰੂ ਬਣਾਉਣ ਲਈ (ਸਹੀ ਕਿਸਾਨਾਂ ਨਾਲ ਜੁੜਣਾ। ਫਸਲੀ ਚੱਕਰ ਦੀ ਸ਼ੁਰੂਆਤ ਤੋਂ, ਖੇਤੀ ਦੇ ਹਰ ਪੜਾਅ 'ਤੇ ਉਨ੍ਹਾਂ ਦੀ ਸਹਾਇਤਾ ਕਰਨਾ ਅਤੇ ਪੂਰੀ ਸੁਰੱਖਿਆ ਪ੍ਰਦਾਨ ਕਰਨਾ। ਸਰਵੇਸ਼ਵਰ ਫੂਡਜ਼ ਲਿਮਟਿਡ (SFL) ਚੌਪਾਲ ਅਸਲ-ਸਮੇਂ, ਅੱਪ ਟੂ ਡੇਟ, ਕੀਮਤ ਦੀ ਖੋਜ ਬਾਰੇ ਸਹੀ ਜਾਣਕਾਰੀ, ਖੇਤੀਬਾੜੀ ਜਾਣਕਾਰੀ ਅਤੇ ਵਧੀਆ ਅਭਿਆਸਾਂ ਆਦਿ ਤੱਕ ਆਸਾਨ ਪਹੁੰਚ ਪ੍ਰਦਾਨ ਕਰਦੇ ਹਨ। ਸਰਵੇਸ਼ਵਰ ਫੂਡਜ਼ ਲਿਮਿਟੇਡ (SFL) - ਚੌਪਾਲਾਂ ਰਾਹੀਂ, ਸਰਵੇਸ਼ਵਰ ਫੂਡਜ਼ ਲਿਮਿਟਡ ਕਿਸਾਨਾਂ ਦੁਆਰਾ ਦਰਪੇਸ਼ ਵੱਖ-ਵੱਖ ਚੁਣੌਤੀਆਂ ਦੇ ਹੱਲ ਨੂੰ ਵਿਸਤਾਰ ਕਰਕੇ ਇੱਕ ਚੰਗੇ ਚੱਕਰ ਨੂੰ ਸ਼ੁਰੂ ਕਰਨ ਲਈ ਇੱਕ 360-ਡਿਗਰੀ ਦਖਲਅੰਦਾਜ਼ੀ ਪਲੇਟਫਾਰਮ ਪ੍ਰਦਾਨ ਕਰਕੇ ਇੱਕ ਸੰਗਠਿਤ ਢੰਗ ਨਾਲ ਆਪਣੀ ਮੁਹਾਰਤ ਦਾ ਲਾਭ ਉਠਾਉਂਦਾ ਹੈ। ਖੇਤੀ ਖੇਤੀ ਉਤਪਾਦਕਤਾ, ਉੱਚ ਆਮਦਨ, ਕਿਸਾਨ ਜੋਖਮ ਪ੍ਰਬੰਧਨ ਸਮਰੱਥਾ ਜੋ ਆਖਰਕਾਰ ਕੰਪਨੀ ਨੂੰ ਗੁਣਵੱਤਾ, ਪ੍ਰਮਾਣਿਕ ਖੇਤੀ ਉਤਪਾਦਾਂ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਏਗੀ।

ਪੰਜਾਬ ਸਰਕਾਰ ਵੱਲੋਂ ਵੱਡਾ ਹੁਕਮ, ਕਿਸਾਨਾਂ ਲਈ ਮੁਆਵਜ਼ਾ ਰਾਸ਼ੀ ਜਾਰੀ

ਅੰਮ੍ਰਿਤਸਰ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਸਰਕਾਰ ਵੱਲੋਂ ਕੰਡਿਆਲੀ ਤਾਰ ਤੋਂ ਪਾਰ ਅੰਤਰਰਾਸ਼ਟਰੀ ਸਰਹੱਦ ਤੱਕ ਸਥਿਤ ਰਕਬਾ, ਜਿਸ ਵਿਚ ਖੇਤੀ ਕਰਨ ਦੀਆਂ ਕਈ ਦਿੱਕਤਾਂ ਕਿਸਾਨਾਂ ਨੂੰ ਆਉਂਦੀਆਂ ਹਨ, ਨੂੰ ਇਸ ਲਈ ਮੁਆਵਜ਼ਾ ਰਾਸ਼ੀ ਸਾਲ 2022-23 ਲਈ ਪ੍ਰਤੀ ਏਕੜ 10 ਹਜ਼ਾਰ ਰੁਪਏ ਜਾਰੀ ਕਰ ਦਿੱਤੀ ਗਈ ਹੈ ਅਤੇ ਸਬੰਧਤ ਕਿਸਾਨ ਇਹ ਮੁਆਵਜ਼ਾ ਰਾਸ਼ੀ ਲੈਣ ਲਈ ਆਪਣੇ ਹਲਕੇ ਦੇ ਐੱਸ.ਡੀ.ਐੱਮ.ਦਫ਼ਤਰ ਨਾਲ ਰਾਬਤਾ ਕਰ ਸਕਦੇ ਹਨ। ਇਹ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦਾ ਅਜਿਹਾ 3801 ਏਕੜ ਰਕਬਾ ਕੰਡਿਆਲੀ ਤਾਰ ਤੋਂ ਅੱਗੇ ਹੈ, ਲਈ ਸਰਕਾਰ ਵੱਲੋਂ ਤਿੰਨ ਕਰੋੜ 80 ਲੱਖ ਰੁਪਏ ਦੇ ਕਰੀਬ ਰਕਮ ਜਾਰੀ ਕਰ ਦਿੱਤੀ ਗਈ ਹੈ, ਜੋ ਕਿ ਸਬੰਧਤ ਕਿਸਾਨਾਂ ਨੂੰ ਦਿੱਤੀ ਜਾਵੇਗੀ। ਇਹ ਮੁਆਵਜ਼ਾ ਰਾਸ਼ੀ ਇਕ ਜਨਵਰੀ 2022 ਤੋਂ 31 ਦਸੰਬਰ 2022 ਤੱਕ ਦੇ ਸਮੇਂ ਲਈ ਜਾਰੀ ਕੀਤੀ ਗਈ ਹੈ। ਡੀ. ਸੀ. ਥੋਰੀ ਨੇ ਕਿਹਾ ਕਿ ਗੈਰ ਮੁਮਕਿਨ ਰਕਬੇ ਅਤੇ ਜ਼ਮੀਨ ਸਬੰਧੀ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਇਸ ਲਈ ਮੁਆਵਜ਼ਾ ਦੇਣ ਤੋਂ ਪਹਿਲਾਂ ਸਬੰਧਤ ਅਧਿਕਾਰੀ ਇੰਤਕਾਲ ਦੀ ਪੜਤਾਲ ਕਰਨੀ ਯਕੀਨੀ ਬਣਾਉਣ। ਡੀ. ਸੀ ਨੇ ਇਸ ਬਾਬਤ ਸਰਹੱਦੀ ਖੇਤਰ ਦੇ ਐੱਸ. ਡੀ. ਐੱਮ, ਜਿਨ੍ਹਾਂ ਵਿਚ ਅਜਨਾਲਾ, ਲੋਪੋਕੇ, ਅੰਮ੍ਰਿਤਸਰ-2 ਸ਼ਾਮਲ ਹਨ, ਨੂੰ ਪੱਤਰ ਲਿਖ ਕੇ ਮੁਆਵਜ਼ਾ ਰਾਸ਼ੀ ਵੰਡਣ ਦੀਆਂ ਹਦਾਇਤਾਂ ਕਰਦੇ ਕਿਹਾ ਕਿ ਇਹ ਰਾਸ਼ੀ ਪਹਿਲ ਦੇ ਅਧਾਰ 'ਤੇ ਸਬੰਧਤ ਕਿਸਾਨਾਂ ਵਿਚ ਵੰਡਣੀ ਯਕੀਨੀ ਬਣਾਈ ਜਾਵੇ।

ਈਡੀ ਅੱਗੇ ਪੇਸ਼ ਨਹੀਂ ਹੋਣਗੇ ਕੇਜਰੀਵਾਲ: 'ਆਪ'

ਨਵੀਂ ਦਿੱਲੀ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਰੱਦ ਹੋ ਚੁੱਕੀ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਕਥਿਤ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛ ਪੜਤਾਲ ਲਈ ਅੱਜ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਸਾਹਮਣੇ ਪੇਸ਼ ਨਹੀਂ ਹੋਣਗੇ। ਇਹ ਜਾਣਕਾਰੀ ਆਮ ਆਦਮੀ ਪਾਰਟੀ (ਆਪ) ਨੇ ਦਿੱਤੀ। ਕੇਂਦਰੀ ਏਜੰਸੀ ਨੇ ਬੁੱਧਵਾਰ ਨੂੰ ਕੇਜਰੀਵਾਲ ਨੂੰ ਪੰਜਵੀਂ ਵਾਰ ਸੰਮਨ ਜਾਰੀ ਕੀਤਾ। ਐਨਫੋਰਸਮੈਂਟ ਡਾਇਰੈਕਟੋਰੇਟ ਨੇ ਪਿਛਲੇ ਚਾਰ

ਮਹੀਨਿਆਂ ਵਿੱਚ ਉਨ੍ਹਾਂ ਨੂੰ ਚਾਰ ਸੰਮਨ ਜਾਰੀ ਕੀਤੇ ਹਨ ਪਰ ਉਹ ਹਾਲੇ ਤੱਕ ਇਸ ਦੇ ਸਾਹਮਣੇ ਪੇਸ਼ ਨਹੀਂ ਹੋਇਆ। 'ਆਪ' ਨੇ ਕਿਹਾ ਕਿ ਕੇਜਰੀਵਾਲ ਪੁੱਛ ਪੜਤਾਲ ਲਈ ਏਜੰਸੀ ਸਾਹਮਣੇ ਪੇਸ਼ ਨਹੀਂ ਹੋਣਗੇ। ਸੰਮਨ ਨੂੰ ਗੈਰ-ਕਾਨੂੰਨੀ ਕਰਾਰ ਦਿੰਦੇ ਹੋਏ ਪਾਰਟੀ ਨੇ ਕਿਹਾ ਕਿ ਐਨਫੋਰਸਮੈਂਟ ਡਾਇਰੈਕਟੋਰੇਟ ਕੇਜਰੀਵਾਲ ਨੂੰ ਗ੍ਰਿਫਤਾਰ ਕਰਨ ਲਈ ਵਾਰ-ਵਾਰ ਨੋਟਿਸ ਭੇਜ ਰਿਹਾ ਹੈ। 'ਆਪ' ਨੇ ਦੋਸ਼ ਲਾਇਆ ਕਿ ਭਾਜਪਾ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਵਿੱਚ ਕੇਜਰੀਵਾਲ ਦੀ ਸਰਕਾਰ ਨੂੰ ਡੇਗਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅਜਿਹਾ ਨਹੀਂ ਹੋਣ ਦੇਵੇਗੀ।

ਮੁੱਖ ਸਕੱਤਰ ਵੱਲੋਂ ਸਿਵਲ ਹਸਪਤਾਲ ਮੁਹਾਲੀ ਦਾ ਅਚਨਚੇਤੀ ਦੌਰਾ

ਮੁਫਤ ਦਵਾਈਆਂ ਲਈ ਮੁੱਖ ਮੰਤਰੀ ਵੱਲੋਂ 25 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ

ਮੁਹਾਲੀ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਨੇ ਅੱਜ ਮੁਹਾਲੀ ਦੇ ਫੇਜ਼ 6 ਸਥਿਤ ਜ਼ਿਲ੍ਹਾ ਹਸਪਤਾਲ ਦਾ ਅਚਨਚੇਤੀ ਦੌਰਾ ਕੀਤਾ। ਨਿਰੀਖਣ ਉਪਰੰਤ ਮੀਡੀਆ ਕਰਮੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਮੰਤਵ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੀ ਲੋਕ ਪੱਖੀ ਸਹੂਲਤ ਮੁਹੱਈਆ ਕਰਵਾਉਣ ਦੇ ਫੈਸਲੇ ਨੂੰ ਯਕੀਨੀ ਬਣਾਉਣਾ ਸੀ।

ਸ੍ਰੀ ਵਰਮਾ ਨੇ ਸਿਵਲ ਹਸਪਤਾਲ 'ਚੋਂ ਬਾਹਰ ਆ ਰਹੇ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਨ੍ਹਾਂ ਨੂੰ ਡਾਕਟਰਾਂ ਵੱਲੋਂ ਲਿਖੀਆਂ ਸਾਰੀਆਂ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ ਹਨ। ਸਾਰੇ ਮਰੀਜ਼ਾਂ ਨੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਮਿਲਣ ਦੀ ਪੁਸ਼ਟੀ ਕੀਤੀ ਅਤੇ ਸਰਕਾਰ ਦੇ ਇਸ ਲੋਕ ਭਲਾਈ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਸ੍ਰੀ ਵਰਮਾ ਨੇ ਦੱਸਿਆ ਕਿ ਡਾਕਟਰਾਂ ਦੀ ਸਲਾਹ ਨਾਲ ਸਿਹਤ ਵਿਭਾਗ ਵੱਲੋਂ 276 ਜ਼ਰੂਰੀ ਦਵਾਈਆਂ ਦੀ ਸੂਚੀ (ਈ.ਡੀ.ਐਲ.) ਤਿਆਰ ਕੀਤੀ ਗਈ ਹੈ। ਇਨ੍ਹਾਂ ਵਿੱਚੋਂ 90 ਫ਼ੀਸਦ ਦਵਾਈਆਂ ਦੇ ਰੇਟ ਸਬੰਧੀ ਕੰਟਰੈਕਟ ਕੀਤੇ ਗਏ ਹਨ। ਬਾਕੀ ਬਚੀਆਂ ਦਵਾਈਆਂ ਅਤੇ ਸਰਕਾਰੀ ਡਾਕਟਰ ਦੁਆਰਾ ਲਿਖੀਆਂ ਦਵਾਈਆਂ ਲਈ ਸੀਨੀਅਰ ਮੈਡੀਕਲ ਅਫ਼ਸਰ (ਐਸ.ਐਮ.ਓ.) ਬਜ਼ਾਰ ਵਿੱਚੋਂ ਦਵਾਈਆਂ ਖਰੀਦ ਕੇ ਮਰੀਜ਼ਾਂ ਨੂੰ ਮੁਹੱਈਆ ਕਰਵਾਉਣਗੇ

ਤਾਂ ਜੋ ਮਰੀਜ਼ਾਂ ਨੂੰ ਡਾਕਟਰ ਦੁਆਰਾ ਲਿਖੀਆਂ ਦਵਾਈਆਂ ਦੀ ਖਰੀਦ ਲਈ ਆਪਣੀ ਜੇਬ ਵਿੱਚੋਂ ਕੋਈ ਪੈਸਾ ਨਾ ਦੇਣਾ ਪਵੇ। ਇਸ ਮੰਤਵ ਲਈ ਮੁੱਖ ਮੰਤਰੀ ਵੱਲੋਂ 25 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਐਸ.ਐਮ.ਓਜ਼ ਦੀਆਂ ਵਿੱਤੀ ਸ਼ਕਤੀਆਂ ਨੂੰ 25,000 ਰੁਪਏ ਤੋਂ ਵਧਾ ਕੇ ਢਾਈ ਲੱਖ ਰੁਪਏ ਕਰ ਦਿੱਤਾ ਗਿਆ ਹੈ ਤਾਂ ਜੋ ਉਹ ਇਹ ਦਵਾਈਆਂ ਖਰੀਦ ਸਕਣ। ਮੁੱਖ ਸਕੱਤਰ ਨੇ ਦੱਸਿਆ ਕਿ ਸੂਬੇ ਵਿੱਚ 23 ਜ਼ਿਲ੍ਹਾ ਹਸਪਤਾਲ, 41 ਸਬ ਡਿਵੀਜ਼ਨ ਹਸਪਤਾਲ ਅਤੇ 161 ਕਮਿਊਨਿਟੀ ਹੈਲਥ ਸੈਂਟਰ ਹਨ। ਇਨ੍ਹਾਂ ਸਾਰੇ ਹਸਪਤਾਲਾਂ ਵਿੱਚ ਉਕਤ ਪ੍ਰਣਾਲੀ ਲਾਗੂ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਬੀਤੇ ਦਿਨ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਮੂਹ ਡਿਪਟੀ ਕਮਿਸ਼ਨਰਾਂ ਵੱਲੋਂ ਉਕਤ ਫੈਸਲੇ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਆਪਣੇ ਸਬੰਧਤ ਜ਼ਿਲ੍ਹਾ ਹਸਪਤਾਲਾਂ ਦਾ ਨਿਰੀਖਣ ਕੀਤਾ ਗਿਆ। ਇਸ ਤੋਂ ਇਲਾਵਾ ਸਾਰੇ ਡਿਪਟੀ ਕਮਿਸ਼ਨਰਾਂ ਨੇ ਇਸ ਸਬੰਧੀ ਸਿਵਲ ਸਰਜਨਾਂ ਅਤੇ ਐਸ.ਐਮ.ਓਜ਼ ਨਾਲ ਵਿਸਥਾਰਪੂਰਵਕ ਮੀਟਿੰਗ ਕੀਤੀ। ਸ੍ਰੀ ਵਰਮਾ ਨੇ ਅੱਗੇ ਕਿਹਾ ਕਿ ਜੇਕਰ ਉਕਤ ਸਰਕਾਰੀ ਹਸਪਤਾਲਾਂ ਵਿੱਚ ਆਉਣ ਵਾਲੇ ਕਿਸੇ ਵੀ ਮਰੀਜ਼ ਨੂੰ ਸਰਕਾਰੀ ਡਾਕਟਰ ਵੱਲੋਂ ਲਿਖੀ ਦਵਾਈ ਨਹੀਂ ਮਿਲਦੀ ਤਾਂ ਉਹ ਤੁਰੰਤ ਸਬੰਧਤ ਐਸ.ਐਮ.ਓ. ਜਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਸੰਪਰਕ ਕਰਨ। ਇਸ ਤੋਂ ਇਲਾਵਾ ਇਸ ਮਾਮਲੇ ਦੀ ਸੂਚਨਾ ਹੈਲਪਲਾਈਨ ਨੰਬਰ 1100 'ਤੇ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਸਰਕਾਰ ਦੇ ਇਸ ਲੋਕ ਭਲਾਈ ਫੈਸਲੇ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਪ੍ਰਮੁੱਖ ਸਕੱਤਰ ਸਿਹਤ ਸ੍ਰੀ ਅਜੋਏ ਸ਼ਰਮਾ ਤੇ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਦੇ ਐਮ.ਡੀ. ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੀ ਹਾਜ਼ਰ ਸਨ।

ਦੂਜਾ ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਪੂਰੀ ਫ਼ੌਜੀ ਸ਼ਾਨੋ ਸੌਕਤ ਨਾਲ ਸ਼ੁਰੂ

- ➢ ਵਿਦਿਆਰਥੀਆਂ ਲਈ ਰਾਹ ਦਸੇਰਾ ਸਾਬਤ ਹੋਵੇਗਾ ਮਿਲਟਰੀ ਇਤਿਹਾਸ : ਸ਼ੌਕਤ ਅਹਿਮਦ ਪਰੈ
- ➢ ਪੰਜਾਬੀ ਵੀਰ ਗਾਥਾਵਾਂ ਤੇ ਯੂਕਰੇਨ, ਇਜ਼ਰਾਇਲ-ਹਮਾਸ ਜੰਗ ਬਾਰੇ ਫ਼ੌਜੀ ਮਾਹਰਾਂ ਦੀ ਪੈਨਲ ਚਰਚਾ

ਪਟਿਆਲਾ, 3 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-
ਪਟਿਆਲਾ ਵਿਖੇ ਦੂਜੀ ਵਾਰ ਕਰਵਾਇਆ ਜਾ ਰਿਹਾ ਦੋ ਦਿਨਾਂ ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਪੂਰੀ ਫ਼ੌਜੀ ਸ਼ਾਨੋ ਸੌਕਤ ਨਾਲ ਅੱਜ ਇੱਥੇ ਖ਼ਾਲਸਾ ਕਾਲਜ ਵਿਖੇ ਆਰੰਭ ਹੋ ਗਿਆ। ਇਸ ਫ਼ੌਜੀ ਸਾਹਿਤ ਮੇਲੇ ਦੇ ਉਦਘਾਟਨ ਮੌਕੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਕਿਹਾ ਕਿ ਮਿਲਟਰੀ ਇਤਿਹਾਸ ਦੇ ਰੂਬਰੂ ਹੋਣਾ ਸਾਡੇ ਨੌਜਵਾਨਾਂ ਤੇ ਵਿਦਿਆਰਥੀਆਂ ਲਈ ਰਾਹ ਦਸੇਰਾ ਸਾਬਤ ਹੋਵੇਗਾ।

ਸ਼ੌਕਤ ਅਹਿਮਦ ਪਰੈ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤਹਿਤ ਨੌਜਵਾਨਾਂ ਨੂੰ ਮਿਲਟਰੀ ਵੀਰ ਗਾਥਾਵਾਂ ਤੇ ਮਿਲਟਰੀ ਦੇ ਮਾਣਮੱਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਅਤੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਪਟਿਆਲਾ ਪ੍ਰਸ਼ਾਸਨ ਨੇ ਦੂਜੀ ਵਾਰ ਫ਼ੌਜੀ ਸਾਹਿਤ ਮੇਲਾ ਸਫ਼ਲਤਾ ਪੂਰਵਕ ਕਰਵਾਇਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਫ਼ੌਜਾਂ ਦੇ ਇਤਿਹਾਸ ਤੋਂ ਵਾਕਫ਼ੀਅਤ ਹੋਣਾ ਸਾਡੀ ਅਸਲ ਜਿੰਦਗੀ ਨੂੰ ਵੀ ਪ੍ਰਭਾਵਤ ਕਰਦਾ ਹੈ, ਇਸ ਲਈ ਫ਼ੌਜ ਤੇ ਸੁਰੱਖਿਆ ਦੇ ਲਿਹਾਜ ਨਾਲ ਦੇਸ਼ ਤੇ ਦੁਨੀਆਂ ਵਿੱਚ ਕੀ ਵਾਪਰ ਰਿਹਾ ਹੈ, ਬਾਰੇ ਜਾਣਨ ਨਾਲ ਵਿਦਿਆਰਥੀਆਂ ਦੀ

ਪਟਿਆਲਾ ਦੇ ਖਾਲਸਾ ਕਾਲਜ ਵਿਖੇ ਦੋ ਦਿਨਾਂ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਿਰਕਤ ਕਰਦੇ ਹੋਏ ਲੈਫ. ਜਨਰਲ ਟੀ.ਐਸ ਸ਼ੇਰਗਿੱਲ, ਮੇਜਰ ਜਨਰਲ ਪੁਨੀਤ ਅਹੂਜਾ, ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ।

ਜਿੰਦਗੀ ਜਿਉਣ ਦਾ ਢੰਗ ਤੇ ਨਜ਼ਰੀਆ ਬਦਲੇਗਾ ਤੇ ਉਨ੍ਹਾਂ ਦੀ ਸ਼ਖ਼ਸੀਅਤ ਉਤੇ ਵੀ ਯਕੀਨੀ ਤੌਰ 'ਤੇ ਚੰਗਾ ਪ੍ਰਭਾਵ ਪਾਵੇਗਾ।

ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ. ਜਨ. ਟੀ.ਐਸ. ਸ਼ੇਰਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਿਲਟਰੀ ਫੈਸਟੀਵਲ ਜ਼ਿਲ੍ਹਿਆਂ ਵਿੱਚ ਕਰਵਾਉਣ ਦੇ ਫੈਸਲੇ ਤਹਿਤ ਪਟਿਆਲਾ ਪ੍ਰਸ਼ਾਸਨ ਵੱਲੋਂ ਲਗਾਤਾਰ ਦੂਜੀ ਵਾਰ ਇਹ ਮੇਲਾ ਕਰਵਾਉਣਾ ਸ਼ਲਾਘਾਯੋਗ ਹੈ। ਫ਼ੌਜੀ ਜਰਨੈਲ ਸ਼ੇਰਗਿਲ ਨੇ ਨੌਜਵਾਨਾਂ ਨੂੰ ਭਾਰਤੀ ਫ਼ੌਜ ਵਿੱਚ ਜਾ ਕੇ ਜਿੰਦਗੀ ਦੇ ਅਸਲ ਹੀਰੋ ਬਨਣ ਲਈ ਵੀ ਪ੍ਰੇਰਤ ਕੀਤਾ। ਭਾਰਤੀ ਫ਼ੌਜ ਦੀ ਪਟਿਆਲਾ ਸਥਿਤ ਬਲੈਕ ਐਲੀਫੈਂਟ ਡਿਵੀਜਨ ਦੇ ਕਮਾਂਡਰ ਮੇਜਰ ਜਨਰਲ ਪੁਨੀਤ ਅਹੂਜਾ ਨੇ ਕਿਹਾ ਕਿ ਬਹਾਦਰੀ, ਵੀਰਤਾ ਤੇ ਕੁਰਬਾਨੀ ਦਾ ਜਜ਼ਬਾ ਪੰਜਾਬੀਆਂ ਦੇ ਖ਼ੂਨ ਵਿੱਚ ਹੈ। ਉਨ੍ਹਾਂ ਨੇ ਇਸ ਮਿਲਟਰੀ ਲਿਟਰੇਚਰ ਵਿਚ ਫੌਜੀ ਵੈਟਰਨ ਦੀ ਮੌਜੂਦਗੀ ਅਤੇ ਨੌਜ਼ਵਾਨਾਂ ਦੀ ਭਰਵੀਂ ਸ਼ਮੂਲੀਅਤ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਫ਼ੌਜੀ ਇਤਿਹਾਸ ਦੇ ਸੰਦਰਭ ਵਿੱਚ ਪਟਿਆਲਾ ਇੱਕ ਖਾਸ ਸਥਾਨ ਰੱਖਦਾ ਹੈ।

ਇਸ ਮੌਕੇ ਜ਼ਿਲ੍ਹੇ ਨਾਲ ਸਬੰਧਤ 5 ਵੀਰ ਨਾਰੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਦੌਰਾਨ ਫ਼ੌਜੀ ਮਾਹਰਾਂ ਦੀ ਪੈਨਲ ਚਰਚਾ ਵਿੱਚ ਪੰਜਾਬੀ ਵਿੱਚ ਵੀਰ ਗਾਥਾਵਾਂ, ਵਿਸ਼ਵ ਪੱਧਰ 'ਤੇ ਯੂਕਰੇਨ, ਇਜ਼ਰਾਇਲ, ਹਮਾਸ, ਦੀ ਰੈਡ ਸੀਅ-ਹਾਉਥੀ ਰੀਬੇਲਜ, ਪਾਕਿਸਤਾਨ-ਇਰਾਨ ਅਤੇ ਖੇਤਰੀ ਪੱਧਰ 'ਤੇ ਚੀਨ, ਸਾਊਥ ਚੀਨ ਸੀਅ, ਮਾਲਦੀਵਜ ਤੇ ਤਾਇਵਾਨ ਸਬੰਧੀ ਵਿਸਥਾਰ ਵਿੱਚ ਨਕਸ਼ਿਆਂ 'ਤੇ ਅਧਾਰਤ ਚਰਚਾ ਕੀਤੀ ਗਈ। ਇਸ ਵਾਰ ਵਿਸ਼ੇਸ਼ ਤੌਰ 'ਤੇ ਕਰਵਾਏ ਗਏ ਸੰਵਾਦ ਪ੍ਰੋਗਰਾਮ ਵਿੱਚ ਬਹਾਦਰੀ ਪੁਰਸਕਾਰ ਜੇਤੂ ਫ਼ੌਜੀ ਅਧਿਕਾਰੀਆਂ ਸ਼ੌਰਿਆ ਚੱਕਰ ਜੇਤੂ ਲੈਫ. ਕਰਨਲ ਸੰਜੀਵ ਕੁਮਾਰ, ਸੈਨਾ ਮੈਡਲ ਜੇਤੂ ਮੇਜਰ ਪੰਕਜ ਕੁਮਾਰ, ਮੇਜਰ ਪ੍ਰਭੂਅੰਜਨ ਪਾਂਡੇ ਤੇ ਨਾਇਕ ਧਰਮਵੀਰ ਸਿੰਘ ਨਾਲ ਵਿਦਿਆਰਥੀ ਨੌਜਵਾਨਾਂ ਨੇ ਸੰਵਾਦ ਰਚਾਇਆ, ਜੋ ਕਿ ਵਿਸ਼ੇਸ ਖਿਚ ਦਾ ਕੇਂਦਰ ਰਿਹਾ।

ਜਦੋਂਕਿ ਫ਼ੌਜੀ ਟੈਂਕ, ਬੈਂਡ ਤੇ ਹੋਰ ਸਾਜੋ-ਸਮਾਨ ਸਮੇਤ ਜੰਗਜੂ ਕਲਾਵਾਂ ਗਤਕਾ ਤੇ ਵਿੰਟੇਜ ਜੀਪਾਂ, ਤੀਰਅੰਦਾਜੀ ਮੁਕਾਬਲੇ, ਵਿਰਾਸਤੀ ਵਸਤਾਂ ਦੀ ਪ੍ਰਦਰਸ਼ਨੀ, ਐਨ.ਸੀ.ਸੀ. ਏਅਰ ਵਿੰਗ ਫਲਾਇਟ ਸਿਮੂਲੇਟਰ, ਏਅਰ ਕਰਾਫ਼ਟ ਦੇ ਮਾਡਲਾਂ ਸਮੇਤ ਵਿਦਿਆਰਥੀਆਂ ਲਈ ਫੌਜ, ਪੁਲਿਸ ਤੇ ਰੱਖਿਆ ਸੇਵਾਵਾਂ 'ਚ ਭਰਤੀ ਹੋਣ ਲਈ ਆਰਮੀ ਭਰਤੀ ਅਫ਼ਸਰ ਦੇ ਦਫ਼ਤਰ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜਾਣਕਾਰੀ ਨੇ ਇਥੇ ਪੁੱਜੇ ਵੱਡੀ ਗਿਣਤੀ ਦਰਸ਼ਕਾਂ, ਸਕੂਲ, ਕਾਲਜਾਂ ਦੇ ਵਿਦਿਆਰਥੀਆਂ ਨੂੰ ਕੀਲਿਆ।

ਇਸ ਮੌਕੇ ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਟੇਟ ਸਪੋਰਟਸ ਯੂਨੀਵਰਸਿਟੀ ਦੇ ਵੀ.ਸੀ. ਲੈਫ.ਜਨ (ਰਿਟਾ.) ਡਾ. ਜੇ.ਐਸ. ਚੀਮਾ, ਕਰਨਲ ਪੈਰੀ ਗਰੇਵਾਲ, ਕਰਨਲ ਰੁਸ਼ਨੀਰ ਸਿੰਘ ਚਹਿਲ, ਕਰਨਲ ਅਰੁਨ ਮਾਰਿਆ, ਏ.ਡੀ.ਸੀ. ਅਨੁਪ੍ਰਿਤਾ ਜੌਹਲ, ਮੇਲੇ ਦੇ ਨੋਡਲ ਅਫ਼ਸਰ ਐਸ.ਡੀ.ਐਮ ਚਰਨਜੀਤ ਸਿੰਘ, ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉਭਾ, ਵਾਇਸ ਪ੍ਰਿੰਸੀਪਲ ਡਾ. ਗੁਰਮੀਤ ਸਿੰਘ ਭਾਟੀਆ, ਆਰ.ਟੀ.ਏ. ਨਮਨ ਮਾਰਕੰਨ, ਤਹਿਸੀਲਦਾਰ ਲਾਰਸਨ ਸਿੰਗਲਾ, ਨਾਇਬ ਤਹਿਸੀਲਦਾਰ ਰਮਨਦੀਪ ਸਿੰਘ, ਡੀ.ਐਸ.ਪੀ. ਕਰਨੈਲ ਸਿੰਘ, ਕਰਨਲ ਆਰ.ਐਸ. ਚਹਿਲ, ਅਵਨੀਸ਼ ਸਰਮਾ, ਰਾਜੀਵ ਸ਼ਰਮਾ, ਕਮਾਂਡਰ ਰੋਹਿਤ ਕੌਸ਼ਿਕ, ਮੇਜਰ ਨਕੁਲ, ਟੀਨਾ ਗਰੇਵਾਲ, ਪ੍ਰੀਤ ਕੌਰ, ਰਿਤੂ ਜੈਨ, ਨਿਕੂ ਸੰਧੂ, ਕੋਮੋਡੋਰ ਐਮ.ਐਸ. ਸ਼ੇਰਗਿਲ ਤੇ ਧਰਮਪਤਨੀ ਪਰਨੀਤ ਕੌਰ ਸ਼ੇਰਗਿਲ, ਗੀਤ ਗਰੇਵਾਲ, ਲੁਕੇਸ਼ ਕੁਮਾਰ, ਸੁਖਦੇਵ ਸੈਣੀ, ਅੰਗਦ ਸਿੰਘ, ਕਨਿਸ਼ਕ ਮਹਿਤਾ, ਇਸ਼ਾਨ ਸਿੰਘ, ਤਨਿਸ਼ ਜੈਨ, ਪੰਜਾਬੀ ਯੂਨੀਵਰਸਿਟੀ ਦੇ ਡਿਫੈਂਸ ਸਟੱਡੀਜ ?ਵਿਭਾਗ ਦੇ ਵਲੰਟੀਅਰਾਂ ਦੀ ਟੀਮ, ਐਨ.ਸੀ.ਸੀ., ਆਰਮੀ ਯੂਨਿਟ, ਆਈ.ਟੀ.ਬੀ.ਪੀ. ਤੇ ਪਟਿਆਲਾ ਪੁਲਿਸ ਨੇ ਇਸ ਫੈਸਟੀਵਲ ਨੂੰ ਨੇਪਰੇ ਚਾੜਨ ਲਈ ਯੋਗਦਾਨ ਪਾਇਆ।ਇਸ ਮੌਕੇ ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਫੌਜ ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਸਮੇਤ ਪਟਿਆਲਾ ਦੇ ਵਸਨੀਕਾਂ ਨੇ ਵੀ ਹਿੱਸਾ ਲਿਆ।

'ਪੰਜਾਬ ਬਚਾਓ ਯਾਤਰਾ' ਦਾ ਨਾਂ ਬਦਲ ਕੇ 'ਅਕਾਲੀ ਦਲ ਬਚਾਓ ਯਾਤਰਾ' ਰੱਖਿਆ ਜਾਵੇ : ਰਾਜਾ ਵੜਿੰਗ

ਚੰਡੀਗੜ੍ਹ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕੋਲ ਪੰਜਾਬ ਦੇ ਸਿਆਸੀ ਢਾਂਚੇ 'ਚ ਪ੍ਰਸੰਗਿਕਤਾ ਨੂੰ ਕਾਇਮ ਰੱਖਣ ਲਈ ਯਤਨਾਂ ਦਾ ਸਹਾਰਾ ਲੈਂਦਿਆਂ ਇਕ ਤਾਲਮੇਲ ਮਨੋਰਥ ਅਤੇ ਦ੍ਰਿਸ਼ਟੀਕੋਣ ਦੀ ਘਾਟ ਪ੍ਰਤੀਤ ਹੁੰਦੀ ਹੈ, ਜਿਸ ਤੋਂ ਜ਼ਾਹਿਰ ਹੁੰਦਾ ਹੈ ਇਹ ਸਿਰਫ਼ ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦੀ ਨਕਲ ਹੈ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਯਾਤਰਾ ਦਾ ਨਾਂ ਬਦਲਣ ਦਾ ਪ੍ਰਸਤਾਵ ਦਿੰਦਿਆਂ ਟਿੱਪਣੀ ਕੀਤੀ ਕਿ ਯਾਤਰਾ ਨੂੰ ਸਹੀ ਰੂਪ 'ਚ 'ਅਕਾਲੀ ਦਲ ਬਚਾਓ ਯਾਤਰਾ' ਕਿਹਾ ਜਾਣਾ ਚਾਹੀਦਾ ਹੈ, ਜੋ ਪਾਰਟੀ ਦੇ ਅੰਦਰੂਨੀ ਵਿਵਾਦ ਨੂੰ ਦਰਸਾਉਂਦਾ ਹੈ, ਜਿੱਥੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਦੀ

ਮੰਗ ਕੀਤੀ ਜਾਂਦੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਗੱਠਜੋੜ ਬਾਰੇ ਹੋਰ ਗੱਲ ਕਰਦਿਆਂ ਸੂਬਾ ਕਾਂਗਰਸ ਪ੍ਰਧਾਨ ਨੇ ਕਿਹ ਕਿ ਅਕਾਲੀ ਦਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕ ਇਹ ਨਹੀਂ ਭੁੱਲੇ ਹਨ ਕਿ ਕਿਵੇਂ ਉਨ੍ਹਾਂ ਨੇ ਸ਼ੁਰੂ 'ਚ ਤਿੰਨ ਕਾਲੇ ਖ਼ੇਤੀ ਕਾਨੂੰਨਾਂ ਦਾ ਸਮਰਥਨ ਕੀਤਾ ਸੀ ਅਤੇ ਲੋਕਾਂ ਦੇ ਭਾਰੀ ਦਬਾਅ ਤੋਂ ਬਾਅਦ ਹੀ ਇਸ ਨੇ ਭਾਜਪਾ ਨਾਲੋਂ ਆਪਣਾ ਗੱਠਜੋੜ ਤੋੜ ਲਿਆ ਸੀ। ਅਕਾਲੀ ਦਲ ਪੰਜਾਬ ਨੂੰ ਬਚਾਉਣ ਦੀ ਗੱਲ ਕਿਵੇਂ ਕਰ ਸਕਦਾ ਹੈ ਜਦੋਂ ਕਿ ਉਹ ਦਿੱਲੀ ਦੀਆਂ ਸਰਹੱਦਾਂ 'ਤੇ 800 ਦੇ ਕਰੀਬ ਕਿਸਾਨਾਂ ਦੀ ਮੌਤ ਲਈ ਭਾਜਪਾ ਵਾਂਗ ਜਵਾਬਦੇਹ ਹੈ ? ਚੰਡੀਗੜ੍ਹ 'ਚ ਹਾਲ ਹੀ 'ਚ ਹੋਈਆਂ ਮੇਅਰ ਚੋਣਾਂ 'ਤੇ ਟਿੱਪਣੀ ਕਰਦਿਆਂ ਰਾਜਾ ਵੜਿੰਗ ਨੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਕੱਲ੍ਹ ਅਸੀਂ ਲੋਕਤੰਤਰ 'ਤੇ ਇਕ ਅਫ਼ਸੋਸਨਾਕ ਹਮਲਾ ਦੇਖਿਆ ਹੈ। ਮੇਰੇ 25 ਸਾਲਾਂ ਦੇ ਸਿਆਸੀ ਤਜ਼ਰਬੇ 'ਚ ਅਜਿਹੀ ਘਟਨਾ ਕਦੇ ਨਹੀਂ ਵਾਪਰੀ, ਜਦੋਂ ਕਿ ਅਕਾਲੀ ਦਲ ਆਪਣੀ ਯਾਤਰਾ ਰਾਹੀਂ ਪੰਜਾਬ ਨੂੰ ਬਚਾਉਣ ਦੀ ਗੱਲ ਕਰਦਾ ਹੈ। ਅਸਲ 'ਚ ਉਹ ਭਾਜਪਾ ਨਾਲ ਗੱਠਜੋੜ ਕਰਨ ਬਾਰੇ ਸੋਚਦੇ ਹਨ, ਜੋ ਸਾਡੇ ਰਾਸ਼ਟਰ-ਲੋਕਤੰਤਰ ਦੀ ਨੀਂਹ ਨੂੰ ਕਮਜ਼ੋਰ ਕਰਨ ਵਾਲੀ ਸਿਆਸੀ ਪਾਰਟੀ ਹੈ।'

ਕੌਮੀ ਪੱਧਰੀ 'ਗਰੀਨ ਸਕੂਲ ਪ੍ਰੋਗਰਾਮ' ਵਿੱਚ ਜ਼ਿਲ੍ਹਾ ਸੰਗਰੂਰ ਨੂੰ ਸ਼ਾਨਦਾਰ ਕਾਰਗੁਜ਼ਾਰੀ ਲਈ ਮਿਲਿਆ ਸਰਵੋਤਮ ਜ਼ਿਲ੍ਹਾ ਐਵਾਰਡ: ਜਤਿੰਦਰ ਜੋਰਵਾਲ

ਸੰਗਰੂਰ, 3 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਜ਼ਿਲ੍ਹਾ ਸੰਗਰੂਰ ਨੇ ਕੌਮੀ ਪੱਧਰ ਦੇ 'ਗਰੀਨ ਸਕੂਲ ਪ੍ਰੋਗਰਾਮ' ਲਈ ਨਿਰਧਾਰਿਤ ਮਾਪਦੰਡਾਂ ਵਿੱਚ ਸਭ ਤੋਂ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ 'ਸਰਵੋਤਮ ਜ਼ਿਲ੍ਹਾ ਐਵਾਰਡ' ਹਾਸਲ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸੰਗਰੂਰ ਦੇ ਹਰ ਪ੍ਰਾਇਮਰੀ ਤੇ ਅੱਪਰ ਪ੍ਰਾਇਮਰੀ ਸਕੂਲ ਨੂੰ ਹਰ ਪੱਖੋਂ ਮੋਹਰੀ ਬਣਾਉਣ ਲਈ ਅਸੀਂ ਨਿਰੰਤਰ ਜੁਟੇ ਹੋਏ ਹਾਂ ਅਤੇ ਇਸੇ ਕੜੀ ਤਹਿਤ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਵੱਲੋਂ ਸਾਲਾਨਾ ਕਰਵਾਏ ਜਾਂਦੇ 'ਗਰੀਨ ਸਕੂਲ ਪ੍ਰੋਗਰਾਮ' ਨਾਂ ਦੇ ਕੌਮੀ ਪੱਧਰੀ ਮੁਕਾਬਲੇ ਤਹਿਤ ਜ਼ਿਲ੍ਹਾ ਸੰਗਰੂਰ ਨਾਂ ਇਹ ਉਪਲਬਧੀ ਹਾਸਲ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਿੱਖਿਆ ਵਿਭਾਗ ਸੰਗਰੂਰ ਦੀ ਟੀਮ ਨੇ ਸਕੂਲੀ ਵਿਦਿਆਰਥੀਆਂ ਨੂੰ ਵਾਤਾਵਰਣ ਨਾਲ ਜੋੜਨ ਦੇ ਉਦਮ ਸਦਕਾ ਹਰ ਉਸ ਕਦਮ ਨੂੰ ਸਫ਼ਲਤਾ ਦੀ ਪੈੜ ਵਿੱਚ ਬਦਲਿਆ ਜਿਸ ਸਦਕਾ ਸਾਡੇ ਵਿਦਿਆਰਥੀ ਤੇ ਅਧਿਆਪਕ ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਪ੍ਰਤੀ ਸੁਚੇਤ ਹੋ ਸਕਣ ਤੇ ਸਕੂਲਾਂ ਵਿੱਚ ਹਰਿਆਵਲ ਭਰਪੂਰ ਵਾਤਾਵਰਣ ਸਿਰਜਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 500 ਤੋਂ ਵੀ ਵੱਧ ਸਕੂਲਾਂ ਨੇ ਇਸ ਪ੍ਰੋਗਰਾਮ ਤਹਿਤ ਆਨਲਾਈਨ ਆਡਿਟ ਕਰਵਾਇਆ ਜਿਸ ਵਿੱਚ ਵੱਖ-ਵੱਖ ਮਾਪਦੰਡਾਂ ਦੀ ਕਸੌਟੀ 'ਤੇ ਖਰਾ ਉਤਰਦੇ ਹੋਏ ਜ਼ਿਲ੍ਹਾ ਸੰਗਰੂਰ ਨੇ ਇਹ ਐਵਾਰਡ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿੱਚ ਇਹ ਕਿਸੇ ਜ਼ਿਲ੍ਹੇ ਦੇ ਸਕੂਲਾਂ ਦੁਆਰਾ ਕਰਵਾਏ ਗਏ ਸਭ ਤੋਂ ਵੱਧ ਆਡਿਟ ਹਨ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੀਤਇੰਦਰ ਘਈ ਨੇ ਦੱਸਿਆ ਕਿ ਇਹ ਪ੍ਰੋਜੈਕਟ ਦਰਅਸਲ ਸਕੂਲਾਂ ਵਿੱਚ ਥਿਓਰੀਆਂ ਤੇ ਅਭਿਆਸ ਪੁਸਤਕਾਂ ਦੀ ਆਮ ਢੰਗ ਦੀ ਪੜ੍ਹਾਈ ਨਾਲੋਂ ਕੁਝ ਵਿਲੱਖਣ ਕਰਨ ਦੀਆਂ ਗਤੀਵਿਧੀਆਂ ਦੀ ਪੜਚੋਲ 'ਤੇ ਆਧਾਰਿਤ ਹੈ ਜਿਸ ਤਹਿਤ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਵਿੱਚ ਵਾਤਾਵਰਣ ਪੱਖੀ ਸੋਚ ਨੂੰ ਵਧੇਰੇ ਵਿਕਸਤ ਕਰਨ ਦੇ ਉਪਰਾਲਿਆਂ ਦੇ ਨਾਲ ਨਾਲ ਹਵਾ, ਊਰਜਾ, ਭੋਜਨ, ਮਿੱਟੀ, ਪਾਣੀ ਦੇ ਨਾਲ ਨਾਲ ਬਿਜਲੀ, ਬੂਟੇ ਲਗਾਉਣ ਤੇ ਯੋਗ ਸੰਭਾਲ ਕਰਨ, ਪੈਟਰੋਲ ਤੇ ਡੀਜ਼ਲ ਵਾਲੇ ਵਾਹਨਾਂ ਦੀ ਥਾਂ ਸਾਇਕਲ ਵਰਤਣ, ਬਾਇਓਗ੍ਰੇਡੇਬਲ ਤੇ ਨਾਨ-ਬਾਇਓਗ੍ਰੇਡੇਬਲ ਵੇਸਟ ਦਾ ਨਿਪਟਾਰਾ, ਸੋਲਰ ਸਿਸਟਮ, ਮਿਡ ਡੇਅ ਮੀਲ ਪ੍ਰਣਾਲੀ, ਵਿਦਿਆਰਥੀਆਂ ਨੂੰ ਪਰੋਸੇ ਜਾਂਦੇ ਭੋਜਨ ਦੇ ਮਿਆਰ, ਸਕੂਲਾਂ 'ਚ ਵਿਦਿਆਰਥੀਆਂ, ਅਧਿਆਪਨ ਤੇ ਗੈਰ ਅਧਿਆਪਨ ਅਮਲੇ ਦੀ ਗਿਣਤੀ ਆਦਿ ਮਾਪਦੰਡਾਂ ਬਾਰੇ ਵਿਸਤ੍ਰਿਤ ਆਡਿਟ 'ਤੇ ਆਧਾਰਿਤ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਨਿਰੰਤਰ ਹੱਲਾਸ਼ੇਰੀ ਸਦਕਾ ਅਸੀਂ ਉਸ ਵੇਲੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਦੀ ਅਗਵਾਈ ਹੇਠ ਰੋਜ਼ਾਨਾ ਦੇ ਆਧਾਰ 'ਤੇ ਇਸ ਪ੍ਰੋਗਰਾਮ ਦੇ ਟੀਚਿਆਂ ਬਾਰੇ ਸਮੀਖਿਆ ਕੀਤੀ ਅਤੇ ਮਹੀਨਿਆਂਬੱਧੀ ਮਿਹਨਤ ਦੇ ਨਾਲ ਐਵਾਰਡ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਇਹ ਐਵਾਰਡ ਗਰੀਨ ਸਕੂਲਾਂ ਦੀ ਆਲ ਇੰਡੀਆ ਰੇਟਿੰਗ 'ਤੇ ਆਧਾਰਿਤ ਹੈ ਅਤੇ ਇਹ ਸਾਬਤ ਕਰਦਾ ਹੈ ਕਿ ਸਾਡੇ ਸਕੂਲਾਂ ਦੇ ਸਟਾਫ਼ ਤੇ ਵਿਦਿਆਰਥੀਆਂ ਦੇ ਮਨਾਂ 'ਚ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਸਮਾਜ ਵਿੱਚ ਵਿਚਰਨ ਅਤੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕਰਨ ਦੀ ਭਾਵਨਾ ਦਾ ਵਿਕਾਸ ਹੋਇਆ ਹੈ।

ਰੋਜ਼ ਨਾ ਪੀਓ ਅਦਰਕ ਵਾਲੀ ਚਾਹ

ਸਰਦੀ ਹੋਵੇ ਜਾਂ ਗਰਮੀ, ਅਕਸਰ ਲੋਕ ਅਦਰਕ ਵਾਲੀ ਚਾਹ ਪੀਣੀ ਪਸੰਦ ਕਰਦੇ ਹਨ। ਚਾਹ ਵਾਲੀਆਂ ਦੁਕਾਨਾਂ 'ਤੇ ਵੀ ਲੋਕ ਇਹੀ ਕਹਿੰਦੇ ਸੁਣਦੇ ਮਿਲ ਜਾਣਗੇ ਕਿ ਚਾਹ 'ਚ ਅਦਰਕ ਪਾ ਦਿਓ। ਕੀ ਕਦੇ ਤੁਸੀਂ ਸੋਚਿਆ ਹੈ ਕਿ ਹਰ ਵਾਰ ਅਦਰਕ ਵਾਲੀ ਚਾਹ ਪੀਣ ਨਾਲ ਨੁਕਸਾਨ ਵੀ ਹੋ ਸਕਦਾ ਹੈ?

ਜਿਨ੍ਹਾਂ ਦਾ ਬਲੱਡ ਪ੍ਰੈਸ਼ਰ ਘੱਟ ਰਹਿੰਦਾ ਹੈ, ਉਨ੍ਹਾਂ ਲਈ ਜ਼ਿਆਦਾ ਮਾਤਰਾ 'ਚ ਖਾਧਾ ਗਿਆ ਅਦਰਕ ਨੁਕਸਾਨਦੇਹ ਹੋ ਸਕਦਾ ਹੈ...

ਤੇਜ਼ਾਬੀ ਮਾਦਾ : ਅਦਰਕ ਦੀ ਵਰਤੋਂ ਜੇ ਸਹੀ ਮਾਤਰਾ 'ਚ ਕੀਤੀ ਜਾਵੇ ਤਾਂ ਇਹ ਫ਼ਾਇਦੇਮੰਦ ਹੈ ਪਰ ਜ਼ਰੂਰਤ ਤੋਂ ਜ਼ਿਆਦਾ ਵਰਤੋਂ ਨਾਲ ਐਸੀਡਿਟੀ ਹੋ ਜਾਂਦੀ ਹੈ। ਸਰੀਰ 'ਚ ਐਸਿਡ ਬਣਨ ਲਗਦਾ ਹੈ।

ਬਲੱਡ ਪ੍ਰੈਸ਼ਰ : ਜਿਨ੍ਹਾਂ ਲੋਕਾਂ ਨੂੰ ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਰਹਿੰਦੀ ਹੈ, ਉਨ੍ਹਾਂ ਨੂੰ ਉਚਿਤ ਮਾਤਰਾ 'ਚ ਅਦਰਕ ਖਾਣਾ ਫ਼ਾਇਦੇਮੰਦ ਹੁੰਦਾ ਹੈ। ਜਿਨ੍ਹਾਂ ਦਾ ਬਲੱਡ ਪ੍ਰੈਸ਼ਰ ਘੱਟ ਰਹਿੰਦਾ ਹੈ, ਉਨ੍ਹਾਂ ਲਈ ਜ਼ਿਆਦਾ ਮਾਤਰਾ 'ਚ ਖਾਧਾ ਗਿਆ ਅਦਰਕ ਨੁਕਸਾਨਦੇਹ ਹੋ ਸਕਦਾ ਹੈ, ਕਿਉਂਕਿ ਅਦਰਕ 'ਚ ਖ਼ੂਨ ਨੂੰ ਪਤਲਾ ਕਰਨ ਵਾਲੇ ਗੁਣ ਹੁੰਦੇ ਹਨ। ਅਜਿਹੇ 'ਚ ਘੱਟ ਬੀਪੀ ਵਾਲੇ ਲੋਕਾਂ ਦਾ ਬਲੱਡ ਪ੍ਰੈਸ਼ਰ ਹੋਰ ਘੱਟ ਸਕਦਾ ਹੈ।

ਸ਼ੂਗਰ ਰੋਗ : ਅਦਰਕ ਦਾ ਸੇਵਨ ਬਲੱਡ ਸ਼ੂਗਰ ਦੇ ਪੱਧਰ ਨੂੰ ਵੀ ਘੱਟ ਕਰਦਾ ਹੈ। ਇਸ ਲਈ ਸ਼ੂਗਰ ਦੇ ਰੋਗੀਆਂ, ਖ਼ਾਸਕਰ ਜਿਨ੍ਹਾਂ ਦੀ ਸ਼ੂਗਰ ਘੱਟ ਰਹਿੰਦੀ ਹੈ, ਉਨ੍ਹਾਂ ਨੂੰ ਅਦਰਕ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ। ਅਦਰਕ ਦੇ ਜ਼ਿਆਦਾ ਸੇਵਨ ਨਾਲ ਬਲੱਡ ਸ਼ੂਗਰ ਪੱਧਰ ਘੱਟ ਹੋ ਸਕਦਾ ਹੈ, ਜਿਸ ਨਾਲ ਹਾਈਪੋ ਗਲਾਈਸੀਮੀਆ ਦੀ ਸਥਿਤੀ ਪੈਦਾ ਹੋ ਸਕਦੀ ਹੈ।

ਨੀਂਦ 'ਚ ਪਰੇਸ਼ਾਨੀ : ਰਾਤ ਨੂੰ ਅਦਰਕ ਵਾਲੀ ਚਾਹ ਪੀਣ ਤੋਂ ਬਚਣਾ ਚਾਹੀਦਾ ਹੈ। ਕੁਝ ਲੋਕ ਸੋਚਦੇ ਹਨ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਅਦਰਕ ਦੀ ਚਾਹ ਪੀਣ ਨਾਲ ਲਾਭ ਹੁੰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸੌਣ ਤੋਂ ਪਹਿਲਾਂ ਅਦਰਕ ਵਾਲੀ ਚਾਹ ਪੀਣ ਨਾਲ ਤੁਹਾਡੀ ਨੀਂਦ 'ਚ ਵਿਘਨ ਪੈ ਸਕਦਾ ਹੈ।

ਸੀਨੇ 'ਚ ਜਲਣ : ਚਾਹ 'ਚ ਥੋੜ੍ਹਾ ਜਿਹਾ ਅਦਰਕ ਪਾ ਕੇ ਪੀਣ ਨਾਲ ਚਾਹ ਦਾ ਸੁਆਦ ਵਧਦਾ ਹੈ ਅਤੇ ਹਾਜ਼ਮਾ ਵੀ ਦਰੁੱਸਤ ਰਹਿੰਦਾ ਹੈ। ਕੁਝ ਲੋਕ ਚਾਹ 'ਚ ਹਰ ਵਾਰ ਜ਼ਰੂਰਤ ਤੋਂ ਜ਼ਿਆਦਾ ਅਦਰਕ ਪਾ ਕੇ ਪੀਂਦੇ ਹਨ, ਜਿਸ ਨਾਲ ਸੀਨੇ 'ਚ ਜਲਣ ਹੋਣ ਲਗਦੀ ਹੈ। ਕਈ ਵਾਰ ਹਾਜ਼ਮਾ ਖ਼ਰਾਬ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

ਗਰਭਵਤੀ ਮਹਿਲਾਵਾਂ ਕਰਨ ਪਰਹੇਜ਼

ਗਰਭਵਤੀ ਮਹਿਲਾਵਾਂ ਲਈ ਅੱਧੇ ਕੱਪ ਤੋਂ ਜ਼ਿਆਦਾ ਅਦਰਕ ਦੀ ਚਾਹ ਪੀਣੀ ਹਾਨੀਕਾਰਕ ਹੋ ਸਕਦੀ ਹੈ। ਅਦਰਕ ਦੇ ਜ਼ਿਆਦਾ ਸੇਵਨ ਨਾਲ ਗਰਭਵਤੀ ਮਹਿਲਾਵਾਂ ਨੂੰ ਪੇਟ ਦਰਦ ਵੀ ਹੋ ਸਕਦਾ ਹੈ।

ਕਿੰਨੀ ਵਰਤੋਂ ਫ਼ਾਇਦੇਮੰਦ ?

- ਇਕ ਕੱਪ ਚਾਹ 'ਚ ਵੱਧ ਤੋਂ ਵੱਧ ਇਕ ਚੌਥਾਈ ਚਮਚ ਅਦਰਕ ਪਾਉਣਾ ਚਾਹੀਦਾ ਹੈ। ਇਸ ਨੂੰ ਕੱਦੂਕਸ ਕਰ ਕੇ ਚਮਚ ਨਾਲ ਨਾਪ ਸਕਦੇ ਹੋ।
- ਗਰਭਵਤੀ ਮਹਿਲਾਵਾਂ ਨੂੰ ਦਿਨ 'ਚ 2.5 ਗ੍ਰਾਮ ਤੋਂ ਜ਼ਿਆਦਾ ਅਦਰਕ ਦਾ ਸੇਵਨ ਨਹੀਂ ਕਰਨਾ ਚਾਹੀਦਾ।
- ਹਾਜ਼ਮਾ ਖ਼ਰਾਬ ਰਹਿੰਦਾ ਹੈ ਤਾਂ 1.2 ਗ੍ਰਾਮ ਤੋਂ ਜ਼ਿਆਦਾ ਅਦਰਕ ਦਾ ਸੇਵਨ ਨੁਕਸਾਨਦੇਹ ਹੋ ਸਕਦਾ ਹੈ। •

ਸਤਵਿੰਦਰ ਸਿੰਘ ਧੜਾਕ

ਪ੍ਰੋਸਟੇਟ ਕੈਂਸਰ ਦੇ ਇਲਾਜ 'ਚ ਲਾਭਕਾਰੀ ਰੋਬੋਟਿਕ ਸਰਜਰੀ

ਪ੍ਰੋਸਟੇਟ ਕੈਂਸਰ ਇਕ ਭਿਆਨਕ ਬਿਮਾਰੀ ਹੈ, ਜਿਸ ਦੀ ਸਮਾਂ ਰਹਿੰਦਿਆਂ ਪਛਾਣ ਕਰ ਕੇ ਇਲਾਜ ਕੀਤਾ ਜਾਣਾ ਬੇਹੱਦ ਲਾਜ਼ਮੀ ਹੈ। ਜੇ ਸਮੇਂ ਸਿਰ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਹੋ ਸਕਦਾ ਹੈ। ਰੋਬੋਟਿਕ ਸਰਜਰੀ ਅਜਿਹੇ ਮਰੀਜ਼ਾਂ ਲਈ ਵਰਦਾਨ ਸਾਬਤ ਹੋਈ ਹੈ। ਇਸ ਵਿਚ ਰੋਬੋਟ ਦੀ ਮਦਦ ਨਾਲ ਆਪ੍ਰੇਸ਼ਨ ਸਬੰਧੀ ਮਰੀਜ਼ਾਂ ਨੂੰ ਜਾਗਰੂਕ ਕੀਤਾ ਜਾਣਾ ਸਮੇਂ ਦੀ ਮੁੱਖ ਮੰਗ ਹੈ। 'ਪੰਜਾਬੀ ਜਾਗਰਣ' ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਫੋਰਟਿਸ ਹਸਪਤਾਲ, ਮੋਹਾਲੀ ਦੇ ਯੂਰੋਲੋਜੀ ਤੇ ਰੋਬੋਟਿਕ ਸਰਜਰੀ ਦੇ ਮਾਹਰ ਡਾਕਟਰ ਮਨੀਸ਼ ਆਹੂਜਾ ਨੇ ਬੇਹੱਦ ਅਹਿਮ ਜਾਣਕਾਰੀ ਦਿੱਤੀ।

ਡਾਕਟਰ ਮਨੀਸ਼ ਆਹੂਜਾ



• ਪ੍ਰੋਸਟੇਟ ਕੈਂਸਰ ਕੀ ਹੈ?

ਪ੍ਰੋਸਟੇਟ ਪੁਰਸ਼ਾਂ ਦੇ ਸਰੀਰ 'ਚ ਮੌਜੂਦ ਅਖਰੋਟ ਦੇ ਅਕਾਰ ਦੀ ਇਕ ਗ੍ਰੰਥੀ ਹੁੰਦੀ ਹੈ। ਇਹ ਵੀਰਜ ਨਿਰਮਾਣ ਦੀ ਪ੍ਰਕਿਰਿਆ 'ਚ ਸ਼ਾਮਲ ਹੁੰਦੀ ਹੈ। ਇਸ ਗ੍ਰੰਥੀ ਚ ਪੁਰਸ਼ ਹਾਰਮੋਨ ਦੇ ਪ੍ਰਭਾਵ ਨਾਲ ਸਮੇਂ-ਸਮੇਂ 'ਤੇ ਵਿਸਥਾਰ ਕਰਨ ਦੀ ਪ੍ਰਵਿਰਤੀ ਹੁੰਦੀ ਹੈ। ਪ੍ਰੋਸਟੇਟ ਵਿਚ ਵਾਧਾ ਜ਼ਿਆਦਾਤਰ ਰੋਗੀਆਂ ਵਿਚ ਆਮ ਹੁੰਦਾ ਹੈ ਪਰ ਕੁਝ ਲੋਕਾਂ ਵਿਚ ਇਹ ਕੈਂਸਰ ਦਾ ਕਾਰਨ ਹੋ ਸਕਦਾ ਹੈ। 50 ਸਾਲਾਂ ਦੀ ਉਮਰ ਤੋਂ ਬਾਅਦ ਪ੍ਰੋਸਟੇਟ ਵਾਧੇ ਦੇ ਲੱਛਣ ਜ਼ਿਆਦਾ ਵਿਖਾਈ ਦੇਣ ਲਗਦੇ ਹਨ।

• ਪ੍ਰੋਸਟੇਟ ਕੈਂਸਰ ਦੇ ਲੱਛਣ ਕੀ ਹੁੰਦੇ ਹਨ?

ਪ੍ਰੋਸਟੇਟ ਕੈਂਸਰ ਦੀ ਸ਼ੁਰੂਆਤ ਵਿਚ ਕੋਈ ਖ਼ਾਸ ਲੱਛਣ ਸਾਹਮਣੇ ਨਹੀਂ ਆਉਂਦੇ। ਜੇ ਕੁਝ ਲੱਛਣ ਹਨ ਤਾਂ ਉਹ ਨਾਨ-ਕੈਂਸਰ ਜਾਂ ਇਸ ਗ੍ਰੰਥੀ ਦੇ ਸਧਾਰਨ ਵਾਧੇ ਵਰਗੇ ਹੀ ਹੋ ਸਕਦੇ ਹਨ। ਇਸ ਦੇ ਲੱਛਣਾਂ ਵਿਚ ਦਿਨ ਅਤੇ ਰਾਤ ਵੇਲੇ ਵਾਰ-ਵਾਰ ਪਿਸ਼ਾਬ ਆਉਣਾ, ਪਿਸ਼ਾਬ ਦਾ ਹੌਲੀ ਹੋਣਾ, ਰਿਸਵਾਂ ਪਿਸ਼ਾਬ, ਰੁਕ-ਰੁਕ ਕੇ ਪਿਸ਼ਾਬ ਆਉਣਾ ਜਾਂ ਰੁਕਾਵਟ ਦੇ ਕਾਰਨ ਤਣਾਅ ਆਦਿ ਅਲਾਮਤਾਂ ਸ਼ਾਮਲ ਹੋ ਸਕਦੀਆਂ ਹਨ। ਪ੍ਰੋਸਟੇਟ ਕੈਂਸਰ ਦੇ ਮੁੱਢਲੇ ਲੱਛਣਾਂ ਦੌਰਾਨ ਹੱਡੀਆਂ ਵਿਚ ਦਰਦ ਵੀ ਰਹਿ ਸਕਦਾ ਹੈ।

• ਪ੍ਰੋਸਟੇਟ ਕੈਂਸਰ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?

ਪ੍ਰੋਸਟੇਟ ਕੈਂਸਰ ਦੀ ਪਛਾਣ ਰੋਗੀ ਦੇ ਇਲਾਜ ਦੀ ਜਾਣਕਾਰੀ, ਜਾਂਚ ਅਤੇ ਸੀਰਮ ਪੀਐੱਸਏ ਨਾਮਕ ਖ਼ੂਨ ਦੇ ਨਮੂਨੇ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

• ਸੀਰਮ ਪੀਐੱਸਏ (Serum PSA) ਟੈਸਟ ਕੀ ਹੈ?

ਇਹ ਖ਼ੂਨ ਦਾ ਇਕ ਟੈਸਟ ਹੈ। ਪੀਐੱਸਏ ਪ੍ਰੋਸਟੇਟ ਵਿਸ਼ਿਸ਼ਟ ਐਂਟੀਜਨ ਦੇ ਨਾਲ ਹੈ। ਇਹ ਇਕ ਪ੍ਰੋਟੀਨ ਹੈ, ਜੋ ਵਿਸ਼ੇਸ਼ ਤੌਰ 'ਤੇ ਪ੍ਰੋਸਟੇਟ ਗ੍ਰੰਥੀ ਦੁਆਰਾ ਤਿਆਰ ਕੀਤੀ ਜਾਂਦੀ ਹੈ ਅਤੇ ਇਹ ਵੀਰਜ ਵਿਚ ਪਾਇਆ ਜਾਂਦਾ ਹੈ। ਪ੍ਰੋਸਟੇਟ ਸਬੰਧੀ ਸਮੱਸਿਆ ਹੋਣ 'ਤੇ ਇਹ ਪ੍ਰੋਟੀਨ ਖ਼ੂਨ ਵਿਚ ਰਚ ਜਾਂਦੀ ਹੈ, ਜਿਸ ਤੋਂ ਬਾਅਦ ਪ੍ਰੋਸਟੇਟ ਰੋਗ ਹੋਣ 'ਤੇ ਖ਼ੂਨ ਦਾ ਪੱਧਰ ਵਧ ਜਾਂਦਾ ਹੈ। ਕੋਈ ਵੀ ਪ੍ਰੋਸਟੇਟ ਸਮੱਸਿਆ ਉੱਚ ਸੀਰਮ ਪੀਐੱਸਏ ਨੂੰ ਜਨਮ ਦੇ ਸਕਦੀ ਹੈ। ਜੇ ਇਸ ਵਾਧੇ ਦਾ ਕੋਈ ਹੋਰ ਕਾਰਨ ਨਹੀਂ ਹੈ ਤਾਂ ਪ੍ਰੋਸਟੇਟ ਕੈਂਸਰ ਦਾ ਸੰਦੇਹ ਰਹਿੰਦਾ ਹੈ।

• ਕੀ ਹਾਈ ਸੀਰਮ ਪੀਐੱਸਏ ਵਾਲੇ ਸਾਰੇ ਪੁਰਸ਼ਾਂ ਨੂੰ ਪ੍ਰੋਸਟੇਟ ਕੈਂਸਰ ਹੁੰਦਾ ਹੈ?

ਬਿਲਕੁਲ ਨਹੀਂ, ਰੋਗੀ ਅਤੇ ਪੁਰਾਣੇ ਇਲਾਜ ਦੀਆਂ ਰਿਪੋਰਟਾਂ ਦੇ ਨਤੀਜਿਆਂ ਨੂੰ ਧਿਆਨ 'ਚ ਰੱਖਦੇ ਹੋਏ ਹਾਈ ਸੀਰਮ ਪੀਐੱਸਏ ਦੀ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। ਹਾਈ ਸੀਰਮ ਪੀਐੱਸਏ ਦੀ ਵਿਆਖਿਆ ਨੂੰ ਪਿਸ਼ਾਬ ਰੋਗਾਂ ਦੇ ਮਾਹਰ ਦੇ ਇਲਾਜ ਲਈ ਛੱਡ ਦਿੱਤਾ ਜਾਣਾ ਚਾਹੀਦਾ ਹੈ। ਕਈ ਵਾਰ ਅਗਲੀ ਜਾਂਚ ਵਾਸਤੇ ਪਰਸੈਂਟ ਫ੍ਰੀ ਪੀਐੱਸਏ, ਮਲਟੀ ਪੈਰਾਮੀਟ੍ਰਿਕ ਐੱਮਆਰਆਈ ਜਾਂ ਪੀਐੱਸਐੱਮਏ ਪੈੱਟ ਸਕੈਨ ਪਿਸ਼ਾਬ ਰੋਗ ਮਾਹਰ ਦੁਆਰਾ ਇਸ ਦਾ ਹੱਲ ਕਰਨ ਲਈ ਕੀਤਾ ਜਾ ਸਕਦਾ ਹੈ। ਆਖ਼ਰੀ ਨਤੀਜੇ ਤਕ ਪਹੁੰਚਣ ਲਈ ਪ੍ਰੋਸਟੇਟ ਦੀ ਅਲਟਰਾਸਾਊਂਡ-ਨਿਰਦੇਸ਼ਿਤ ਬਾਇਓਪਸੀ ਦੀ ਜ਼ਰੂਰਤ ਵੀ ਪੈ ਸਕਦੀ ਹੈ। ਇਕ ਸੂਈ ਨਾਲ ਪ੍ਰੋਸਟੇਟ ਗ੍ਰੰਥੀ ਦਾ ਛੋਟਾ ਜਿਹਾ ਟੁਕੜਾ ਲੈ ਕੇ ਮਾਈਕਰੋ-ਸਕੋਪ ਨਾਲ ਉਸ ਦੀ ਜਾਂਚ ਕੀਤੀ ਜਾਂਦੀ ਹੈ।

• ਪ੍ਰੋਸਟੇਟ ਕੈਂਸਰ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਪ੍ਰੋਸਟੇਟ ਕੈਂਸਰ ਦਾ ਇਲਾਜ ਬਿਮਾਰੀ ਦੀ ਸਟੇਜ 'ਤੇ ਨਿਰਭਰ ਕਰਦਾ ਹੈ। ਸ਼ੁਰੂਆਤੀ ਸਮੇਂ ਵਿਚ ਜੇ ਕੈਂਸਰ ਪ੍ਰੋਸਟੇਟ ਗ੍ਰੰਥੀ ਦੇ ਅੰਦਰ ਸੀਮਿਤ ਹੈ ਤਾਂ ਉਸ ਅਵਸਥਾ ਵਿਚ ਗ੍ਰੰਥੀ ਨੂੰ ਪੂਰੀ ਤਰ੍ਹਾਂ ਨਾਲ ਰੋਬੋਟਿਕ ਸਰਜਰੀ ਕਰ ਕੇ ਹਟਾਇਆ ਜਾ ਸਕਦਾ ਹੈ। ਸਰਜਰੀ ਲਈ ਫਿਟ ਨਾ ਹੋਣ ਵਾਲਿਆਂ ਦਾ ਇਲਾਜ ਬਦਲਵੇਂ ਤਰੀਕਿਆਂ, ਜਿਵੇਂ ਰੇਡੀਏਸ਼ਨ ਜਾਂ ਹਾਰਮੋਨਲ ਥੈਰੇਪੀ ਦੁਆਰਾ ਕੀਤਾ ਜਾਂਦਾ ਹੈ। ਦੇਰੀ ਦੀ ਸੂਰਤ ਵਿਚ ਬਿਮਾਰੀ ਪਹਿਲਾਂ ਹੀ ਗ੍ਰੰਥੀ ਤੋਂ ਬਾਹਰ ਤਕ ਫੈਲ ਸਕਦੀ ਹੈ ਅਤੇ ਇਸ ਅਵਸਥਾ ਵਿਚ ਇਲਾਜ ਸਿਰਫ਼ ਹਾਰਮੋਨ ਥੈਰੇਪੀ ਨਾਲ ਹੀ ਸੰਭਵ ਹੈ। ਕਈ ਖ਼ਤਰਨਾਕ ਟਿਊਮਰਜ਼ ਲਈ ਵਾਧੂ ਕੀਮੋਥੈਰੇਪੀ ਦੀ ਵੀ ਜ਼ਰੂਰਤ ਹੋ ਸਕਦੀ ਹੈ।

• ਰੋਬੋਟਿਕ ਸਰਜਰੀ ਕੀ ਹੈ?

ਪ੍ਰੋਸਟੇਟ ਕੈਂਸਰ ਦੇ ਇਲਾਜ ਲਈ 2000 ਦੇ ਦਹਾਕੇ ਵਿਚ ਰੋਬੋਟਿਕ ਸਰਜਰੀ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਇਸ ਦੇ ਇਲਾਜ ਵਿਚ ਵੱਡੀ ਤਬਦੀਲੀ ਆਈ। ਇਸ ਪ੍ਰਕਿਰਿਆ ਨੂੰ ਰੋਬੋਟ ਦੀ ਮਦਦ ਨਾਲ ਅੰਜਾਮ ਦਿੱਤਾ ਜਾਂਦਾ ਹੈ ਅਤੇ ਇਸ ਨੂੰ 'ਰੈਡੀਕਲ ਪ੍ਰੋਸਟੇਟੈਕਟੋਮੀ' ਆਖਦੇ ਹਨ। ਆਪ੍ਰੇਸ਼ਨ ਲਈ ਜ਼ਰੂਰੀ ਸਾਜ਼ੋ-ਸਾਮਾਨ ਨੂੰ ਇਸਤੇਮਾਲ ਅਤੇ ਕੰਟਰੋਲ ਕਰਨ ਲਈ ਰੋਬੋਟ ਇਕ ਜ਼ਰੂਰੀ ਉਪਕਰਣ ਹੈ। ਮਾਹਰ ਡਾਕਟਰ ਰੋਗੀ ਨੂੰ ਮਰੀਜ਼ ਦੇ ਪੇਟ ਵਿਚ ਦਾਖ਼ਲ ਕੀਤੇ ਇਕ ਵਿਸ਼ੇਸ਼ ਕੈਮਰੇ ਜ਼ਰੀਏ ਪ੍ਰਭਾਵਿਤ ਏਰੀਆ ਦਾ 3-ਡੀ ਵਿਊ ਮਿਲਦਾ ਹੈ। ਰੋਬੋਟ ਦੇ ਇਸਤੇਮਾਲ ਨਾਲ ਉਪਕਰਣਾਂ ਦੀ ਗਤੀ ਨੂੰ ਕੰਟਰੋਲ ਕਰ ਕੇ ਸਰਜਨ ਪ੍ਰੋਸਟੇਟ ਨੂੰ ਹਟਾਉਣ ਦਾ ਕੰਮ ਕਰਦਾ ਹੈ। ਦੂਰਬੀਨ ਦੀ ਮਦਦ ਨਾਲ ਸਧਾਰਨ ਐਨੇਸਥੀਸੀਆ ਦੀ ਮਦਦ ਨਾਲ ਇਹ ਆਪ੍ਰੇਸ਼ਨ ਹੋ ਜਾਂਦਾ ਹੈ।

• ਰਵਾਇਤੀ ਸਰਜਰੀ ਦੇ ਮੁਕਾਬਲੇ ਰੋਬੋਟਿਕ ਸਰਜਰੀ ਦੇ ਕੀ ਫ਼ਾਇਦੇ ਹਨ?

ਰੋਬੋਟਿਕ ਸਰਜਰੀ ਡੂੰਘਾਈ 'ਤੇ ਸਥਿਤ ਪ੍ਰੋਸਟੇਟ ਵਰਗੀਆਂ ਸੰਰਚਨਾਵਾਂ ਦੇ ਆਪ੍ਰੇਸ਼ਨ ਲਈ ਖ਼ਾਸ ਤੌਰ 'ਤੇ ਉਪਯੋਗੀ ਹੈ। ਖੁੱਲ੍ਹੀ ਸਰਜਰੀ ਜ਼ਰੀਏ ਇਹ ਇਕ ਬੇਹੱਦ ਪੇਚੀਦਾ ਤੇ ਮੁਸ਼ਕਲ ਕਾਰਜ ਹੈ। ਰੋਬੋਟਿਕ ਉਪਕਰਣਾਂ ਨੂੰ ਵਿਸ਼ੇਸ਼ ਤੌਰ 'ਤੇ ਮਨੁੱਖੀ ਕਲਾਈ ਦੀ ਮੂਵਮੈਂਟ ਦੀ ਨਕਲ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ। ਇਸ ਤਰ੍ਹਾਂ ਸਰਜਨ ਉਪਕਰਣਾਂ ਨੂੰ ਸਥਾਨਾਂਤਰਿਤ ਕਰਨ ਦੇ ਲਈ ਇਸਤੇਮਾਲ ਕਰਦਾ ਹੈ ਜਿਵੇਂ ਕਿ ਉਸ ਦਾ ਆਪਣਾ ਹੱਥ ਪੇਟ ਦੇ ਅੰਦਰ ਹੁੰਦਾ ਹੈ। ਸਰਜਰੀ ਦੌਰਾਨ ਬਹੁਤ ਵਧੀਆ ਕੰਟਰੋਲ ਹੁੰਦਾ ਹੈ, ਕੋਈ ਕੰਬਣੀ ਜਾਂ ਫ਼ਾਲਤੂ ਹਿੱਲਜੁੱਲ ਪੈਦਾ ਨਹੀਂ ਹੁੰਦੀ, ਘੱਟ ਤੋਂ ਘੱਟ ਖ਼ੂਨ ਦੀ ਕਮੀ, ਇਲਾਜ ਲਈ ਚੁਣੇ ਗਏ ਅੰਗਾਂ ਤਕ ਵਧੀਆ ਪਹੁੰਚ, ਵਧੀਆ ਸਰਜਰੀ ਅਤੇ ਰਵਾਇਤੀ ਸਰਜਰੀ ਦੇ ਮੁਕਾਬਲੇ ਸਰਜਨ ਬਿਹਤਰੀਨ ਨਤੀਜੇ ਦੇਣ ਦੇ ਸਮਰੱਥ ਹੁੰਦੇ ਹਨ।

• ਰੋਬੋਟਿਕ ਸਰਜਰੀ ਦੇ ਹੋਰ ਉਪਯੋਗ ਕੀ ਹਨ?

ਰੋਬੋਟਿਕ ਸਰਜਰੀ ਵਿਸ਼ੇਸ਼ ਰੂਪ ਨਾਲ ਜਟਿਲ ਸਯੂਟਿੰਗ (ਜਿਵੇਂ ਪਾਇਲੋਪਲਾਸਟੀ) ਦੀ ਜ਼ਰੂਰਤ ਵਾਲੇ ਆਪ੍ਰੇਸ਼ਨਾਂ ਵਿਚ ਬੇਹੱਦ ਉਪਯੋਗੀ ਹੁੰਦੀ ਹੈ ਜਾਂ ਜਿੱਥੇ ਸਿਰਫ਼ ਅੰਗ ਦੇ ਇਕ ਹਿੱਸੇ ਨੂੰ ਹਟਾਉਣ ਦੀ ਜ਼ਰੂਰਤ ਹੁੰਦੀ ਹੈ (ਜਿਵੇਂ ਅੰਸ਼ਿਕ ਨੈਫਰੇਕਟੋਮੀ) ਆਦਿ। ਇਸ ਤੋਂ ਇਲਾਵਾ ਰੋਬੋਟ ਦੀ ਵਰਤੋਂ ਨਾਲ ਸਰੀਰ ਦੇ ਹੋਰਨਾਂ ਅੰਗਾਂ ਦੇ ਸਾਰੇ ਸਰਲ ਅਤੇ ਜਟਿਲ ਆਪ੍ਰੇਸ਼ਨ ਵਧੀਆ ਤਰੀਕੇ ਨਾਲ ਕੀਤੇ ਜਾ ਸਕਦੇ ਹਨ। •

95011-13116

ਕੋਸਾ ਪਾਣੀ ਪੀਣ ਦੇ ਫ਼ਾਇਦੇ

ਕਿਸੇ ਵੀ ਰੋਗ ਤੋਂ ਬਚਣ ਲਈ ਡਾਕਟਰ ਜ਼ਿਆਦਾ ਪਾਣੀ ਪੀਣ ਦੀ ਸਲਾਹ ਦਿੰਦੇ ਹਨ। ਸਾਡੇ ਸਰੀਰ 'ਚ ਮੌਜੂਦ ਪਾਣੀ ਤੇਜ਼ਾਬ, ਖਾਰ ਅਤੇ ਹੋਰ ਜ਼ਹਿਰੀਲੇ ਤੱਤਾਂ ਨੂੰ ਆਪਣੇ ਵਿਚ ਘੋਲ ਕੇ ਸਰੀਰ ਵਿਚੋਂ ਪਸੀਨੇ ਤੇ ਪਿਸ਼ਾਬ ਜ਼ਰੀਏ ਬਾਹਰ ਕੱਢਦਾ ਹੈ। ਇਸ ਪ੍ਰਕਿਰਿਆ ਨੂੰ ਮਨੁੱਖ ਲਈ ਕੁਦਰਤ ਦਾ ਅਣਮੁੱਲਾ ਤੋਹਫ਼ਾ ਆਖਿਆ ਜਾ ਸਕਦਾ ਹੈ। ਮਨੁੱਖੀ ਸਰੀਰ 'ਚ ਕਰੀਬ 75 ਫ਼ੀਸਦੀ ਪਾਣੀ ਹੁੰਦਾ ਹੈ। ਸਰੀਰ 'ਚ ਪਾਣੀ ਦੀ ਕਮੀ ਕਈ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਇਸ ਲਈ ਹਰ ਵਿਅਕਤੀ ਨੂੰ ਜ਼ਿਆਦਾ ਮਾਤਰਾ 'ਚ ਪਾਣੀ ਪੀਣਾ ਚਾਹੀਦਾ ਹੈ। ਸਵੇਰੇ ਖਾਲੀ ਪੇਟ ਕੋਸਾ ਪਾਣੀ ਪੀਣ ਨਾਲ ਅਸੀਂ ਖ਼ੁਦ ਨੂੰ ਕਈ ਬਿਮਾਰੀਆਂ ਤੋਂ ਦੂਰ ਰੱਖ ਸਕਦੇ ਹਾਂ।



ਪਾਚਨ ਸ਼ਕਤੀ

ਪਾਚਨ ਪ੍ਰਣਾਲੀ 'ਚ ਗੜਬੜੀ ਕਾਰਨ ਕਬਜ਼, ਉਲਟੀਆਂ ਆਉਣ, ਪੇਟ ਦਰਦ ਤੇ ਬੇਚੈਨੀ ਰਹਿੰਦੀ ਹੈ। ਅਜਿਹੀ ਸਥਿਤੀ 'ਚ ਲੋਕ ਜ਼ਿਆਦਾ ਪਾਣੀ ਪੀ ਕੇ ਭੋਜਨ ਪਚਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਇਹ ਪਰੇਸ਼ਾਨੀ ਮੇਟਾਬੋਲਿਕ ਐਕਟੀਵਿਟੀਜ਼ ਜਾਂ ਮੇਟਾਬੋਲਿਜ਼ਮ ਦੀ ਰਫ਼ਤਾਰ ਮੱਧਮ ਪੈ ਜਾਣ ਕਾਰਨ ਪੈਦਾ ਹੁੰਦੀ ਹੈ। ਇਸ ਪ੍ਰਕਿਰਿਆ ਦੇ ਹੌਲੀ ਹੋਣ ਨਾਲ ਭੋਜਨ ਨੂੰ ਪਚਾਉਣ ਵਾਲੇ ਐਨਜ਼ਾਈਮਜ਼ ਦਾ ਰਿਸਾਅ ਸਰੀਰ 'ਚ ਘਟ ਜਾਂਦਾ ਹੈ ਤੇ ਖਾਣਾ ਸਹੀ ਤਰੀਕੇ ਨਾਲ ਹਜ਼ਮ ਨਹੀਂ ਹੁੰਦਾ। ਇਸ ਸਥਿਤੀ ਤੋਂ ਮੁਕਤੀ ਪਾਉਣ ਲਈ ਖਾਲੀ ਪੇਟ ਕੋਸਾ ਪਾਣੀ ਪੀਣਾ ਬੇਹੱਦ ਲਾਭਦਾਇਕ ਹੈ।

ਬਲੱਡ ਪ੍ਰੈਸ਼ਰ ਰਹੇ ਕਾਬੂ

ਵਧੇਰੇ ਮਾਤਰਾ 'ਚ ਪਾਣੀ ਦੀ ਵਰਤੋਂ ਕਰਨ ਨਾਲ ਬਲੱਡ ਪ੍ਰੈਸ਼ਰ ਠੀਕ ਰਹਿੰਦਾ ਹੈ। ਸਾਡੇ ਵੱਲੋਂ ਪੀਤਾ ਗਿਆ ਪਾਣੀ ਖ਼ੂਨ ਦੇ ਸੰਘਣੇਪਨ ਨੂੰ ਘਟਾਉਂਦਾ ਹੈ ਤੇ ਨਾੜੀਆਂ 'ਚ ਇਸ ਦੇ ਦਬਾਅ ਜਾਂ ਰਫ਼ਤਾਰ ਨੂੰ ਕਾਬੂ 'ਚ ਰੱਖਦਾ ਹੈ। ਇਸ ਤੋਂ ਇਲਾਵਾ ਕਬਜ਼ ਕਾਰਨ ਮਿਹਦੇ 'ਚ ਪੈਦਾ ਹੋਣ ਵਾਲੀ ਗੈਸ ਵੀ ਖ਼ੂਨ ਦੇ ਦਬਾਅ ਨੂੰ ਵਧਾਉਂਦੀ ਹੈ। ਕੋਸਾ ਪਾਣੀ ਪੀਣ ਨਾਲ ਕਬਜ਼ ਤੇ ਗੈਸ ਦੀ ਸਮੱਸਿਆ ਦੂਰ ਹੁੰਦੀ ਹੈ ਅਤੇ ਬਲੱਡ ਪ੍ਰੈਸ਼ਰ ਵੀ ਕੰਟਰੋਲ 'ਚ ਰਹਿੰਦਾ ਹੈ।

ਪਿਸ਼ਾਬ ਨਲੀ ਦੀ ਸੋਜ਼ਿਸ਼

ਖ਼ੂਨ 'ਚ ਸ਼ਾਮਲ ਹੋਏ ਜ਼ਹਿਰੀਲੇ ਮਾਦੇ ਨੂੰ ਸਰੀਰ ਨੇ ਗੁਰਦਿਆਂ ਜ਼ਰੀਏ ਪਿਸ਼ਾਬ ਦੇ ਰੂਪ 'ਚ ਕੱਢਣਾ ਹੁੰਦਾ ਹੈ। ਘੱਟ ਪਾਣੀ ਪੀਣ ਨਾਲ ਸਰੀਰ 'ਚ ਪਿਸ਼ਾਬ ਵੀ ਘੱਟ ਮਾਤਰਾ 'ਚ ਬਣਦਾ ਹੈ ਤੇ ਇਸ ਨਾਲ ਜ਼ਹਿਰੀਲਾ ਮਾਦਾ ਜ਼ਿਆਦਾ ਸਮੇਂ ਤਕ ਖ਼ੂਨ, ਗੁਰਦਿਆਂ ਤੇ ਪਿਸ਼ਾਬ ਵਾਲੀ ਥੈਲੀ (ਯੂਰੇਨਰੀ ਬਲੈਡਰ) 'ਚ ਰਹਿੰਦਾ ਹੈ। ਇਹ ਜ਼ਹਿਰੀਲਾ ਮਾਦਾ ਪਿਸ਼ਾਬ ਵਾਲੀ ਨਾਲੀ ਦੇ ਇਨਫੈਕਸ਼ਨ ਕਾਰਨ ਬਣਦਾ ਹੈ, ਜਿਸ ਨੂੰ ਡਾਕਟਰੀ ਭਾਸ਼ਾ 'ਚ ਯੂਰੇਨਰੀ ਟ੍ਰੈਕਟ ਇਨਫੈਕਸ਼ਨ ਜਾਂ ਪਿਸ਼ਾਬ ਨਲੀ ਦੀ ਸੋਜ਼ਿਸ਼ ਕਿਹਾ ਜਾਂਦਾ ਹੈ। ਜ਼ਿਆਦਾ ਪਾਣੀ ਪੀਣ ਨਾਲ ਪਿਸ਼ਾਬ ਨਲੀ, ਗੁਰਦਿਆਂ ਜਾਂ ਪਿਸ਼ਾਬ ਵਾਲੀ ਥਾਲੀ 'ਚ ਜਮ੍ਹਾਂ ਹੋਏ ਬੈਕਟੀਰੀਆ ਪਿਸ਼ਾਬ ਜ਼ਰੀਏ ਸਰੀਰ 'ਚੋਂ ਬਾਹਰ ਨਿਕਲ ਜਾਂਦੇ ਹਨ ਤੇ ਇਨਫੈਕਸ਼ਨ 'ਤੇ ਜਲਦੀ ਕਾਬੂ ਪਾਇਆ ਜਾ ਸਕਦਾ ਹੈ। ਜਿਹੜੇ ਵਿਅਕਤੀਆਂ ਦੇ ਸਰੀਰ 'ਚ ਯੂਰਿਕ ਐਸਿਡ ਜਾਂ ਬਲੱਡ ਯੂਰੀਆ ਵਧੇਰੇ ਮਾਤਰਾ 'ਚ ਬਣਦੇ ਹੋਣ, ਉਨ੍ਹਾਂ ਨੂੰ ਵੀ ਜ਼ਿਆਦਾ ਪਾਣੀ ਪੀਣਾ ਚਾਹੀਦਾ ਹੈ।

ਇਸ ਤਰ੍ਹਾਂ ਪੀਓ ਪਾਣੀ

ਸਵੇਰੇ ਖਾਲੀ ਪੇਟ ਇਕ ਗਲਾਸ ਕੋਸਾ ਪਾਣੀ ਪੀਓ। ਇਸ ਤੋਂ ਬਾਅਦ ਦੁਪਹਿਰ ਦੇ ਖਾਣੇ ਤੋਂ ਕੁਝ ਦੇਰ ਬਾਅਦ ਕੁਝ ਘੱਟ ਪਾਣੀ ਪੀ ਸਕਦੇ ਹੋ। ਪਾਣੀ ਪੀਂਦੇ ਸਮੇਂ ਜਲਦੀ ਨਾ ਕਰੋ। ਇਸ ਨੂੰ ਥੋੜ੍ਹਾ-ਥੋੜ੍ਹਾ ਕਰ ਕੇ ਪੀਓ। ਰੋਟੀ ਖਾਣ ਤੋਂ ਬਾਅਦ ਜੇ ਅੱਧੇ ਘੰਟੇ ਬਾਅਦ ਪਾਣੀ ਪੀਤਾ ਜਾਵੇ ਤਾਂ ਇਹ ਫ਼ਾਇਦੇਮੰਦ ਹੋਵੇਗਾ। ਦਿਨ 'ਚ ਘੱਟੋ-ਘੱਟ 10 ਤੋਂ 12 ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। •

ਸਿਹਤ ਦਾ ਦੁਸ਼ਮਣ ਹੈ ਤਣਾਅ

ਡਾ. ਉਲਹਾਸ ਬੁਰਾਡੇ
ਸੰਜੀਵਨੀ ਹਸਪਤਾਲ, ਭੰਡਾਰਾ, ਨਾਗਪੁਰ

ਤੰਦਰੁਸਤ ਅਤੇ ਲੰਬੀ ਉਮਰ ਲਈ ਮਨ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ। ਇਸ ਲਈ ਵੱਡੇ ਬਜ਼ੁਰਗ ਵੀ ਹਮੇਸ਼ਾਂ ਖ਼ੁਸ਼ ਰਹਿਣ ਦਾ ਹੀ ਆਸ਼ੀਰਵਾਦ ਦਿੰਦੇ ਹਨ। ਮਨ ਖ਼ੁਸ਼ ਹੋਵੇ, ਤਾਂ ਜੀਵਨ ਦੇ ਦੂਜੇ ਪਹਿਲੂ ਵੀ ਆਸਾਨ ਅਤੇ ਸੁਭਾਵਿਕ ਲਗਦੇ ਹਨ, ਪਰ ਭੋਜਨ-ਵਿਹਾਰ, ਵਿਚਾਰ, ਵਤੀਰੇ ਅਤੇ ਸੰਸਕਾਰਾਂ ਦੇ ਕਾਰਣ ਇਨ੍ਹਾਂ ਦਿਨ੍ਹਾਂ ਵਿਚ ਪ੍ਰਸੰਨ ਚਿੱਤ ਚਿਹਰੇ ਵਿਰਲੇ ਹੀ ਦਿਸਦੇ ਹਨ। ਇਨ੍ਹਾਂ ਦਿਨਾਂ ਵਿਚ ਜ਼ਿਆਦਾਤਰ ਲੋਕਾਂ ਦੇ ਚਿਹਰਿਆਂ 'ਤੇ ਤਣਾਅ ਹੀ ਝਲਕਦਾ ਹੈ।

ਸਰੀਰ ਵਿਚ ਰਸਾਇਣਿਕ ਬਦਲਾਅ

ਸਾਡੇ ਕਰਮ ਜਾਂ ਵਤੀਰੇ ਨਾਲ ਮਨ ਵਿਚ ਜੋ ਸੰਵੇਗ ਉਤਪੰਨ ਹੁੰਦੇ ਹਨ, ਉਹ ਸਰੀਰ ਵਿਚ ਰਸਾਇਣਿਕ ਬਦਲਾਅ ਪੈਦਾ ਕਰਦੇ ਹਨ। ਇਨ੍ਹਾਂ ਬਦਲਾਵਾਂ ਦੇ ਕਾਰਣ ਸਾਡੇ ਮਨ ਵਿਚ ਪੈਦਾ ਹੋਣ ਵਾਲੀ ਅਸੁਰੱਖਿਆ, ਡਰ, ਨਿਰਾਸ਼ਾ, ਉਦਾਸੀਨਤਾ, ਗੁੱਸਾ ਅਤੇ ਦੁਖ ਆਦਿ ਹੀ ਮਾਨਸਿਕ ਤਣਾਅ ਦੇ ਕਾਰਣ ਹਨ। ਤਣਾਅ ਸਾਡੇ ਮਨ ਦੀ ਇਕ ਦਸ਼ਾ ਹੈ। ਕਦੇ ਇਹ ਸੱਚ ਹੁੰਦਾ ਹੈ, ਕਦੇ ਕਾਲਪਨਿਕ। ਮਾਨਸਿਕ ਤਣਾਅ ਕਈ ਤਰ੍ਹਾਂ ਨਾਲ ਸਾਡੇ ਜੀਵਨ 'ਤੇ ਅਸਰ ਪਾਉਂਦਾ ਹੈ। ਮਾਨਸਿਕ ਤਣਾਅ ਨੂੰ ਬਲੱਡ ਪ੍ਰੈਸ਼ਰ, ਡਾਇਬਿਟੀਜ਼, ਦਿਲ ਦੇ ਰੋਗ, ਮੋਟਾਪਾ, ਅਨੇਕਾਂ ਤਰ੍ਹਾਂ ਦੀਆ ਐਲਰਜੀ, ਸੰਧੀਵਾਤ (ਗਠੀਆ), ਥਾਇਰਾਈਡ, ਅਮਲਪਿੱਤ, ਪੇਟ ਦੇ ਰੋਗ ਅਤੇ ਕੈਂਸਰ ਤਕ ਦਾ ਇਕ ਕਾਰਣ ਮੰਨਿਆ ਜਾਂਦਾ ਹੈ।

ਤਣਾਅ ਨੂੰ ਆਯੁਰਵੇਦ ਵਿਚ ਉਦਵੇਗ ਕਿਹਾ ਗਿਆ ਹੈ। ਆਯੁਰਵੇਦ ਕਿਸੇ ਵਿਅਕਤੀ ਨੂੰ ਤਦ ਸਿਹਤਮੰਦ ਮੰਨਦਾ ਹੈ, ਜਦੋਂ ਉਸ ਦੇ ਸਰੀਰ ਵਿਚ ਭੌਤਿਕ ਅਤੇ ਮਨੋਵਿਗਿਆਨਿਕ ਤੱਤਾਂ (ਸਮਦੋਸ਼), ਸਰੀਰ ਵਿਚ ਪੈਦਾ ਹੋਣ ਵਾਲੀ ਊਰਜਾਵਾਂ (ਸਮਾਗਨੀ) ਅਤੇ ਮਾਸਪੇਸ਼ੀਆਂ (ਸਮਧਾਤੂ) ਦਾ ਮਿਲਾਪ ਹੋਵੇ। ਇਸ ਦੇ ਨਾਲ ਹੀ ਉਸਦਾ ਪੇਟ ਹੀ ਨਹੀਂ ਬਲਕਿ ਉਸ ਦਾ ਮਨ ਵੀ ਕ੍ਰਿਆਸ਼ੀਲ ਅਤੇ ਪ੍ਰਸੰਨਚਿੱਤ ਹੋਵੇ।

ਕਿਸੇ ਵੀ ਤਰ੍ਹਾਂ ਦੇ ਉਦਵੇਗ ਨਾਲ ਸਰੀਰ ਵਿਚ ਵਾਤ ਦੋਸ਼ ਵੱਧ ਜਾਂਦਾ ਹੈ। ਸਰੀਰ ਵਿਚ ਸਭ ਤੋਂ ਵੱਡੀ ਖਰਾਬੀ ਵਾਤਦੋਸ਼ ਨੂੰ ਹੀ ਮੰਨਿਆ ਗਿਆ ਹੈ। ਵਾਤ ਦੋਸ਼ ਦਾ ਪ੍ਰਕੋਪ ਵੱਧਣ ਨਾਲ ਹੋਰ ਤੱਤਾਂ 'ਤੇ ਵੀ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ ਅਤੇ ਅਨੇਕਾਂ ਰੋਗ ਪੈਦਾ ਹੁੰਦੇ ਹਨ।

ਵਿਆਹੁਤਾ ਅਤੇ ਕਾਰੋਬਾਰੀ ਜੀਵਨ

ਆਪਣੇ ਵਿਆਹੁਤਾ ਅਤੇ ਪੇਸ਼ੇਵਰ ਜੀਵਨ ਵਿਚ ਜਿਨ੍ਹਾਂ ਲੋਕਾਂ ਨਾਲ ਜੁੜੇ ਹੁੰਦੇ ਹਨ, ਵੱਖ-ਵੱਖ ਪਰਿਸਥਿਤੀਆਂ ਵਿਚ ਉਨ੍ਹਾਂ ਸਾਰਿਆਂ ਦਾ ਵਤੀਰਾ ਇੱਕੋ ਜਿਹਾ ਨਹੀਂ ਹੁੰਦਾ। ਇਕ-ਦੂਸਰੇ ਦੇ ਪ੍ਰਤੀ ਕਦੇ ਪਿਆਰ ਤੇ ਕਦੇ ਨਫ਼ਰਤ ਦੇ ਭਾਵ ਉੱਠਦੇ ਹਨ। ਜੇਕਰ ਸਾਡੇ ਆਪਸੀ ਸਬੰਧ ਜਾਂ ਵਤੀਰਾ ਨਕਾਰਾਤਮਕ ਹਨ, ਤਾਂ ਉਸ ਨਾਲ ਤਣਾਅ ਪੈਦਾ ਹੋ ਸਕਦਾ ਹੈ।

ਵਿਆਹੁਤਾ ਸਬੰਧਾਂ ਵਿਚ ਆਮ ਤੌਰ 'ਤੇ ਬਾਹਰੀ ਕਾਰਕਾਂ ਨਾਲ ਤਣਾਅ ਪੈਦਾ ਹੁੰਦਾ ਹੈ, ਜੋ ਵਿਆਹੁਤਾ, ਸਨੇਹਬੰਧਨ, ਉਤਸਾਹ ਅਤੇ ਉਮੰਗ ਨੂੰ ਘੱਟ ਕਰ ਦਿੰਦਾ ਹੈ। ਇਸ ਨਾਲ ਸਰੀਰਕ ਸੰਬੰਧਾਂ ਵਿਚ ਸ਼ਿਥਿਲਤਾ ਆ ਜਾਂਦੀ ਹੈ। ਤਣਾਅ ਗ੍ਰਸਤ ਪਤੀ-ਪਤਨੀ ਸਮਾਜਿਕ ਪੱਧਰ 'ਤੇ ਵੀ ਆਪਣੇ ਆਪ ਨੂੰ ਹੀਣ ਮਹਿਸੂਸ ਕਰਦੇ ਹਨ। ਕਾਰਜ ਖੇਤਰ ਦੇ ਤਣਾਅ ਦੇ ਘਰ ਵਿਚ ਪ੍ਰਵੇਸ਼ ਕਰ ਜਾਣ ਨਾਲ ਗ੍ਰਹਿਸਥੀ ਜੀਵਨ ਦਾ ਆਨੰਦ, ਸੁੱਖ ਅਤੇ ਖ਼ੁਸ਼ਹਾਲੀ ਵੀ ਨਸ਼ਟ ਹੋ ਸਕਦੀ ਹੈ।

ਇੰਝ ਪਾਓ ਤਣਾਅ ਤੋਂ ਰਾਹਤ

- ਤਣਾਅ ਉਤਪੰਨ ਕਰਨ ਵਾਲੇ ਕਾਰਕਾਂ ਅਤੇ ਤੱਤਾਂ ਤੋਂ ਦੂਰ ਰਹੋ। ਹੋ ਸਕੇ ਤਾਂ ਸ਼ਾਂਤ ਰਹਿਣ ਦਾ ਯਤਨ ਕਰੋ।
- ਜੇਕਰ ਤਣਾਅ ਗੈਰ ਜ਼ਰੂਰੀ ਹੈ ਅਤੇ ਜਿਸ ਨੂੰ ਟਾਲ ਨਹੀਂ ਸਕਦੇ ਤਾਂ ਉਸ ਵੱਲ ਧਿਆਨ ਨਾ ਦਿਓ।
- ਦੁੱਖ ਜਾਂ ਆਵੇਗਪੂਰਣ ਸਥਿਤੀ ਵਿਚ ਸੰਜਮ ਰੱਖਣ ਦਾ ਜਤਨ ਕਰੋ।
- ਆਪਸੀ ਵਿਚਾਰ-ਸਲਾਹ ਦੁਆਰਾ ਮਨ ਵਿਚ ਦੱਬੇ ਭਾਵ ਵੇਗਾਂ ਨੂੰ ਬਾਹਰ ਕੱਢੋ।
- ਖ਼ੁਸ਼ਹਾਲ ਅਤੇ ਆਨੰਦਪੂਰਵਕ ਵਾਤਾਵਰਣ ਵਿਚ ਰਹੋ।
- ਲੰਬੀ ਸਾਹ ਲਓ। ਨਿਯਮਿਤ ਰੂਪ ਨਾਲ ਪ੍ਰਾਣਾਯਾਮ ਕਰੋ।
- ਰੋਜ਼ ਯੋਗ ਅਭਿਆਸ ਅਤੇ ਘੱਟ ਤੋਂ ਘੱਟ 20 ਮਿੰਟ ਧਿਆਨ ਸਾਧਨਾ ਕਰੋ।
- ਬ੍ਰਹਮੀ, ਜਯੋਤਿਸ਼ਮਤੀ, ਜਟਾਮਾਸੀ, ਪਿੱਪਲ, ਤੁਲਸੀ, ਸਵਰਣਭਸਮ, ਬਦਾਮ ਅਤੇ ਗਾਂ ਦੇ ਘਿਓ ਦਾ ਸੇਵਨ ਤਨ-ਮਨ ਦੀ ਸਿਹਤ ਲਈ ਲਾਭਦਾਇਕ ਹੈ।
- ਆਯੁਰਵੇਦਿਕ ਪੰਚਕਰਮ ਵਿਚ ਵਰਣਿਤ ਸ਼ਿਰੋਧਾਰਾ, ਸ਼ਿਰੋਵਸਤੀ, ਸ਼ਿਰੋਅਭਯੰਗ (ਤੇਲ ਮਾਲਿਸ਼) ਆਦਿ ਨਾਲ ਤਣਾਅ ਘੱਟ ਕੀਤਾ ਜਾ ਸਕਦਾ ਹੈ।

ਤਣਾਅ ਨਾਲ ਵਿਆਹੁਤਾ ਸਬੰਧਾਂ ਵਿਚ ਅਰੁਚੀ, ਨਿਰਾਸ਼ਾ ਜਾਂ ਗੁੱਸਾ ਭਾਵਨਾਵਾਂ ਘਰ ਕਰ ਜਾਂਦੀਆਂ ਹਨ ਅਤੇ ਪਤੀ-ਪਤਨੀ ਆਪਣੇ ਵਿਆਹੁਤਾ ਜੀਵਨ ਦਾ ਪੂਰਣ ਆਨੰਦ ਨਹੀਂ ਲੈ ਪਾਉਂਦੇ। ਹੌਲੀ-ਹੌਲੀ ਉਨ੍ਹਾਂ ਵਿਚ ਦੂਰੀਆਂ ਵੱਧ ਜਾਂਦੀਆਂ ਹਨ ਅਤੇ ਪਾਰਿਵਾਰਿਕ ਜੀਵਨ ਕਸ਼ਟਦਾਈ ਲੱਗਣ ਲੱਗਦਾ ਹੈ।

ਇਸੇ ਤਰ੍ਹਾਂ ਕਾਰਜ ਸਥਾਨਾਂ 'ਤੇ ਜਾਂ ਪੇਸ਼ੇਵਰ ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੀ ਵੀ ਸਾਡੇ ਮਨ 'ਤੇ ਉਲਟ ਅਸਰ ਪੈਂਦਾ ਹੈ। ਸਾਡੇ ਵਿਹਾਰਿਕ ਸਬੰਧਾਂ ਅਤੇ ਵਿਅਕਤੀ ਵਿਸ਼ੇਸ਼ ਦੇ ਅਨੁਸਾਰ ਬਦਲਦੀਆਂ ਭਾਵਨਾਵਾਂ ਨਾਲ ਵੀ ਮਨ 'ਤੇ ਤਰੰਗਾਂ ਪੈਦਾ ਹੁੰਦੀਆਂ ਹਨ। ਜੇਕਰ ਦਫ਼ਤਰ ਵਿਚ ਕਿਸੇ ਵਿਅਕਤੀ ਦੇ ਪ੍ਰਤੀ ਸਾਡਾ ਮਿੱਤਰਤਾ ਭਾਵ ਜਾਂ ਈਰਖਾ ਜਾਂ ਕੋਈ ਹੋਰ ਨਕਾਰਾਤਮਕ ਭਾਵ ਹੈ, ਤਾਂ ਸਾਡਾ ਮਨ ਮਿੱਤਰਤਾ ਤੋਂ ਜ਼ਿਆਦਾ ਹਮੇਸ਼ਾ ਨਕਾਰਾਤਮਕ ਸੰਵੇਗਾਂ ਵਿਚ ਹੀ ਰੁਝਿਆ ਰਹਿੰਦਾ ਹੈ। ਕੰਮ ਸਬੰਧੀ ਲੋੜਾਂ ਅਤੇ ਸਮੇਂ ਦੀ ਕਮੀ ਦੇ ਚਲਦੇ ਜ਼ਿਆਦਾ ਕੰਮ ਦਾ ਤਣਾਅ ਵੀ ਕੰਮ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ।

ਇਕ ਪ੍ਰਸੰਨ ਚਿੱਤ ਵਿਅਕਤੀ ਜਿੰਨੇ ਬੇਹਤਰ ਢੰਗ ਨਾਲ ਕਿਸੇ ਕੰਮ ਨੂੰ ਕਰਦਾ ਹੈ, ਓਨਾ ਕੰਮ ਮਾਨਸਿਕ ਤਣਾਅ ਨਾਲ ਗ੍ਰਸਤ ਵਿਅਕਤੀ ਨਹੀਂ ਕਰ ਪਾਉਂਦਾ। ਲਗਾਤਾਰ ਤਣਾਅ ਗ੍ਰਸਤ ਰਹਿਣ ਨਾਲ ਕੰਮ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ ਅਤੇ ਇਹ ਤਣਾਅ ਸਿਹਤ ਲਈ ਵੀ ਨੁਕਸਾਨਦੇਹ ਹੈ। ਜੋ ਲੋਕ ਲਗਾਤਾਰ ਮਾਨਸਿਕ ਤਣਾਅ ਨਾਲ ਗ੍ਰਸਤ ਰਹਿੰਦੇ ਹਨ, ਉਨ੍ਹਾਂ ਦੀਆਂ ਦੋ ਹੀ ਪ੍ਰਵਿਰਤੀਆਂ ਹੁੰਦੀਆਂ ਹਨ। ਉਹ ਜਾਂ ਤਣਾਅ ਨਾਲ ਲੜਣਗੇ ਜਾਂ ਭੱਜ ਜਾਣਗੇ। ਦੋਵਾਂ ਹੀ ਸਥਿਤੀਆਂ ਵਿਚ ਸਰੀਰ ਨੂੰ ਵਧੇਰੇ ਊਰਜਾ ਦੀ ਲੋੜ ਪੈਂਦੀ ਹੈ। ਇਸ ਲਈ ਅਜਿਹੇ ਲੋਕਾਂ ਦੇ ਸਰੀਰ ਵਿਚ ਬਲੱਡ ਸ਼ੂਗਰ ਦੀ ਮਾਤਰਾ ਅਤੇ ਬਲੱਡ ਪ੍ਰੈਸ਼ਰ ਵਾਰ-ਵਾਰ ਵੱਧ ਜਾਂਦਾ ਹੈ। ਹੌਲੀ-ਹੌਲੀ ਸਰੀਰ ਦੀ ਇਹ ਆਦਤ ਬਣ ਜਾਂਦੀ ਹੈ ਅਤੇ ਇਨ੍ਹਾਂ ਦਿਨਾਂ 'ਚ ਲਗਭਗ ਹਰ ਰੋਗ ਦਾ ਮੂਲ ਕਾਰਣ ਇਹੀ ਆਦਤ ਹੈ। ਆਧੁਨਿਕ ਵਿਗਿਆਨ ਦੇ ਖੋਜ ਅਧਿਐਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਆਯੁਰਵੇਦ ਇਸ ਉਦਵੇਗ ਨੂੰ ਸਰਵਦੋਸ਼ ਪ੍ਰਕੋਪਕ ਕਹਿੰਦਾ ਹੈ।

ਸਾਂਵਲਾਪਣ ਦੂਰ ਕਰਨ ਲਈ

ਘਰੇਲੂ ਨੁਸਖ਼ੇ

ਚਿਹਰੇ ਦੀ ਰੰਗਤ ਨੂੰ ਬਹੁਤ ਸਾਰੇ ਕਾਰਕ ਪ੍ਰਭਾਵਿਤ ਕਰਦੇ ਹਨ, ਉਹ ਸੂਰਜ ਦੀ ਰੌਸ਼ਨੀ ਜਾਂ ਧੁੱਪ ਵੀ ਹੋ ਸਕਦੀ ਹੈ, ਧੂੜ ਅਤੇ ਧੂੰਆਂ ਵੀ ਅਤੇ ਖ਼ਾਣ-ਪੀਣ ਦੀਆਂ ਗ਼ਲਤ ਆਦਤਾਂ ਵੀ। ਤੁਸੀ ਇਨ੍ਹਾਂ ਕਾਰਨਾਂ ਨੂੰ ਖ਼ਤਮ ਤਾਂ ਨਹੀ ਕਰ ਸਕਦੇ ਪਰ ਜੇ ਚਾਹੋ ਤਾਂ ਕੁਝ ਸਧਾਰਨ ਵਸਤਾਂ ਦੀ ਵਰਤੋਂ ਕਰ ਕੇ ਆਪਣੀ ਚਮੜੀ ਨੂੰ ਸਾਫ਼ ਰੱਖ ਸਕਦੇ ਹੋ। ਕਈ ਵਾਰ ਗੋਰਾ ਰੰਗ ਕੁਦਰਤੀ ਹੁੰਦਾ ਹੈ ਪਰ ਇਸ ਨੂੰ ਕਾਇਮ ਰੱਖਣ ਲਈ ਵੀ ਕੁਝ ਨਾ ਕੁਝ ਕਰਨਾ ਪੈਂਦਾ ਹੈ। ਬਾਜ਼ਾਰ ਵਿਚ ਕਈ ਅਜਿਹੇ ਉਤਪਾਦ ਹਨ, ਜੋ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਵਰਤੋਂ ਨਾਲ ਹੀ ਚਮੜੀ 'ਤੇ ਨਿਖ਼ਾਰ ਆਉਂਦਾ ਹੈ ਪਰ ਰਸਾਇਣ ਯੁਕਤ ਇਹ ਪਦਾਰਥ ਖ਼ਤਰਨਾਕ ਹੋ ਸਕਦੇ ਹਨ। ਆਓ, ਜਾਣਦੇ ਹਾਂ ਚਮੜੀ ਨੂੰ ਸਾਫ਼ ਰੱਖਣ 'ਚ ਮਦਦਗਾਰ ਕੁਝ ਘਰੇਲੂ ਨੁਸਖ਼ਿਆਂ ਬਾਰੇ :

ਪਪੀਤਾ : ਪਪੀਤਾ ਵੀ ਇਕ ਕੁਦਰਤੀ ਬਲੀਚ ਹੈ। ਪਪੀਤੇ ਦਾ ਇਕ ਟੁਕੜਾ ਕੱਟ ਕੇ ਉਸ ਨੂੰ ਚੰਗੀ ਤਰ੍ਹਾਂ ਚਿਹਰੇ 'ਤੇ ਮਲੋ। ਦੋ-ਤਿੰਨ ਮਿੰਟ ਬਾਅਦ ਚਿਹਰੇ ਨੂੰ ਧੋ ਲਵੋ। ਕੁਝ ਦਿਨਾਂ ਵਿਚ ਹੀ ਤੁਹਾਨੂੰ ਫ਼ਰਕ ਸਾਫ਼ ਨਜ਼ਰ ਆਉਣ ਲੱਗ ਪਵੇਗਾ।

ਸ਼ਹਿਦ : ਸ਼ਹਿਦ ਬਲੀਚ ਵਰਗਾ ਕੰਮ ਕਰਦਾ ਹੈ। ਇਸ ਵਿਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ। ਚਿਹਰੇ ਉੱਪਰ ਸ਼ਹਿਦ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਇਸ ਨੂੰ ਚਿਹਰੇ ਉੱਪਰ ਪੰਜ ਮਿੰਟ ਤਕ ਲੱਗਾ ਰਹਿਣ ਦਿਓ ਤੇ ਬਾਅਦ ਵਿਚ ਕੋਸੇ ਪਾਣੀ ਨਾਲ ਚਿਹਰੇ ਨੂੰ ਸਾਫ਼ ਕਰ ਲਵੋ।

ਦਹੀਂ : ਦਹੀਂ ਵਿਚ ਲੈਕਟਿਕ ਐਸਿਡ ਹੁੰਦਾ ਹੈ, ਜੋ ਇਕ ਕੁਦਰਤੀ ਬਲੀਚ ਹੈ। ਦਹੀਂ ਦੀ ਚਿਹਰੇ ਉੱਪਰ ਹਲਕੀ ਮਾਲਿਸ਼ ਕਰੋ ਅਤੇ ਬਾਅਦ 'ਚ ਕੋਸੇ ਪਾਣੀ ਨਾਲ ਚਿਹਰੇ ਨੂੰ ਧੋ ਲਵੋ। ਤੁਹਾਨੂੰ ਕੁਝ ਹੀ ਸਮੇਂ ਵਿਚ ਚਿਹਰੇ ਦੀ ਰੰਗਤ 'ਚ ਫ਼ਰਕ ਨਜ਼ਰ ਆਉਣਾ ਸ਼ੁਰੂ ਹੋ ਜਾਵੇਗਾ।

ਨਿੰਬੂ : ਨਿੰਬੂ ਕੁਦਰਤੀ ਬਲੀਚ ਦੀ ਇਕ ਵਧੀਆ ਉਦਾਹਰਣ ਹੈ। ਇਸ 'ਚ ਮੌਜੂਦ ਐਂਟੀ ਆਕਸੀਡੈਂਟਸ ਚਿਹਰੇ ਲਈ ਬਹੁਤ ਫ਼ਾਇਦੇਮੰਦ ਹਨ। ਨਿੰਬੂ ਦੀਆਂ ਕੁਝ ਬੂੰਦਾਂ ਨੂੰ ਚਿਹਰੇ ਉੱਪਰ ਲਗਾ ਕੇ ਪੰਜ ਮਿਨਟ ਬਾਅਦ ਧੋ ਲਵੋ। ਇਸ ਨਾਲ ਚਿਹਰਾ ਸਾਫ਼ ਦਿਖਾਈ ਦੇਣ ਲੱਗੇਗਾ।

ਹਲਦੀ : ਹਲਦੀ ਐਂਟੀਸੈਪਟਿਕ ਹੋਣ ਦੇ ਨਾਲ ਹੀ ਐਂਟੀ ਬੈਕਟੀਰੀਅਲ ਵੀ ਹੈ। ਇਹ ਚਿਹਰੇ ਲਈ ਬਹੁਤ ਫ਼ਾਇਦੇਮੰਦ ਹੈ। ਇਕ ਛੋਟਾ ਚਮਚ ਪੀਸੀ ਹੋਈ ਹਲਦੀ ਅਤੇ ਵੇਸਣ ਨੂੰ ਮਲਾਈ 'ਚ ਮਿਲਾ ਕੇ 10-12 ਦਿਨ ਲਾਗਤਾਰ ਚਿਹਰੇ ਉੱਪਰ ਲਗਾਉਣ ਨਾਲ ਸੁੰਦਰਤਾ 'ਚ ਨਿਖ਼ਾਰ ਆਵੇਗਾ ਤੇ ਚਮੜੀ ਨਰਮ ਬਣੇਗੀ। •

ਪ੍ਰਭਜੋਤ ਕੌਰ ਢਿੱਲੋਂ

ਹਰ ਨਸ਼ਾ ਤਬਾਹ ਕਰਦੈ

ਹਰ ਤਰ੍ਹਾਂ ਦਾ ਨਸ਼ਾ ਤਬਾਹੀ ਕਰਦਾ ਹੈ। ਚਾਹੇ ਉਹ ਨਸ਼ਾ ਸ਼ਰਾਬ ਦਾ ਹੋਵੇ, ਕੈਪਸੂਲ, ਗੋਲੀਆਂ, ਡੁੱਕੀ ਜਾਂ ਫਿਰ ਪੈਸੇ ਦਾ। ਨਸ਼ਾ ਤਬਾਹੀ ਤਾਂ ਕਰਦਾ ਹੀ ਹੈ, ਜਿਹੜੀ ਚੀਜ਼ ਮੱਤ ਮਾਰ ਦੇਵੇ, ਉਹੀ ਨਸ਼ਾ ਹੈ ਅਤੇ ਉਹੀ ਬਰਬਾਦੀ ਦਾ ਸਬੱਬ ਬਣਦਾ ਹੈ। ਲੋਕਾਂ ਦੀਆਂ ਚੁਗਲੀਆਂ ਕਰਨਾ, ਦੂਸਰਿਆਂ ਬਾਰੇ ਝੂਠੀਆਂ ਕਹਾਣੀਆਂ ਬਣਾਉਣਾ ਵੀ ਨਸ਼ਾ ਹੀ ਹੁੰਦਾ ਹੈ। ਕਾਰਲ ਗੁਸਤਾਵ ਜੁੰਗ ਅਨੁਸਾਰ, 'ਨਸ਼ਾ ਹਰ ਤਰ੍ਹਾਂ ਦਾ ਮਾੜਾ ਹੁੰਦਾ ਹੈ, ਇਹ ਮੂਰਛਾ ਜਾਂ ਬੇਹੋਸ਼ੀ ਭਾਵੇਂ ਸ਼ਰਾਬ ਕਾਰਨ ਹੋਵੇ, ਅਫ਼ੀਮ ਕਾਰਨ ਜਾਂ ਫਿਰ ਆਦਰਸ਼ਵਾਦ ਕਾਰਨ ਹੋਵੇ। ਨਸ਼ੇ ਕਾਰਨ ਸੁੱਧ-ਬੁੱਧ ਕੰਮ ਕਰਨੋਂ ਹਟ ਜਾਂਦੀ ਹੈ।

ਸ਼ਰਾਬ

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਸ਼ਰਾਬ ਦੇ ਨਸ਼ੇ ਦੀ। ਜਾਪਦਾ ਹੈ ਕਿ ਸਰਕਾਰ ਇਸ ਨੂੰ ਨਸ਼ਾ ਮੰਨਣ ਲਈ ਤਿਆਰ ਨਹੀਂ ਹੈ ਅਤੇ ਬੋਤਲਾਂ ਉੱਪਰ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖ ਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਜਾਂਦੀ ਹੈ। ਸ਼ਰਾਬ ਦਾ ਹਰ ਮੋੜ-ਚੁਰਾਹੇ 'ਤੇ ਆਸਾਨੀ ਨਾਲ ਮਿਲਣਾ ਵੀ ਇਸ ਦੀ ਵਧੇਰੇ ਵਰਤੋਂ ਦਾ ਕਾਰਨ ਹੈ। ਦਿਆਲ ਸਿੰਘ ਪਰਵਾਨਾ ਨੇ ਲਿਖਿਆ ਹੈ,'ਜੱਟਾ ਬੋਤਲ ਇਕ ਸ਼ਰਾਬ ਦੀ ਤੈਨੂੰ ਪੈਂਦੀ ਮਹਿੰਗੇ ਮੁੱਲ, ਜਾਂ ਪੁਆਵੇ ਬੇੜੀਆਂ ਜਾਂ ਪਾਉਂਦੀ ਰੰਗਾ ਫੁੱਲ।' ਇਹ ਗੱਲ ਤਾਂ ਸਾਫ਼ ਹੈ ਕਿ ਸ਼ਰਾਬ ਮੁਸੀਬਤਾਂ ਖੜ੍ਹੀਆਂ ਕਰ ਦਿੰਦੀ ਹੈ ਅਤੇ ਇਸ ਨਾਲ ਮੌਤ ਵੀ ਸੰਭਵ ਹੈ। ਜਦੋਂ ਰੋਜ਼ ਇਸ ਦਾ ਸੇਵਨ ਕਰਨਾ ਸ਼ੁਰੂ ਹੋ ਜਾਵੇ ਤਾਂ ਘਰ ਦਾ ਬਜਟ ਤਾਂ ਹਿਲਦਾ ਹੀ ਹੈ, ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਲਗਦਾ ਹੈ। ਸ਼ਰਾਬ ਬਗੈਰ ਰਹਿਣਾ ਔਖਾ ਹੋ ਜਾਵੇ, ਘਰ ਵਿਚ ਕਲੇਸ਼ ਸ਼ੁਰੂ ਹੋ ਜਾਵੇ ਤਾਂ ਇਸ ਨੂੰ ਨਸ਼ੇ ਤੋਂ ਬਾਹਰ ਤਾਂ ਰੱਖਿਆ ਹੀ ਨਹੀਂ ਜਾ ਸਕਦਾ। ਇਸ ਦਾ ਅਸਰ ਜਿਗਰ ਉੱਪਰ ਬੇਹੱਦ ਮਾੜਾ ਪੈਂਦਾ ਹੈ। ਜਦੋਂ ਇਲਾਜ ਹੁੰਦਾ ਹੈ ਤਾਂ ਘਰ ਧੋਤਾ ਜਾਂਦਾ ਹੈ। ਨਸ਼ਾ ਛੁਡਾਊ ਕੇਂਦਰਾਂ ਵਿਚ ਛੱਡਿਆ ਜਾਂਦਾ ਹੈ ਤਾਂ ਹਰ ਮਹੀਨੇ ਹਜ਼ਾਰਾਂ ਰੁਪਏ ਲਗਦੇ ਹਨ। ਹਰ ਮਹੀਨੇ ਇੰਨੇ ਪੈਸੇ ਕੱਢਣੇ ਔਖੇ ਹੁੰਦੇ ਹਨ। ਇਸ ਲਈ ਸ਼ਰਾਬ ਨਸ਼ਾ ਤਾਂ ਹੈ ਹੀ, ਨਾਲ ਹੀ ਤਬਾਹੀ ਵੀ ਮਚਾਉਂਦਾ ਹੈ।

ਗੋਲੀਆਂ-ਕੈਪਸੂਲ

ਹੁਣ ਨਸ਼ੇ ਦੇ ਰੂਪ ਵਿਚ ਗੋਲੀਆਂ ਅਤੇ ਕੈਪਸੂਲਾਂ ਦੀ ਵੀ ਵਰਤੋਂ ਕੀਤੀ ਜਾਣ ਲੱਗੀ ਹੈ। ਇਸ ਮੈਡੀਕਲ ਨਸ਼ੇ ਨੇ ਵੀ ਤਬਾਹੀ ਮਚਾਈ ਹੋਈ ਹੈ। ਗੋਲੀਆਂ ਜਾਂ ਕੈਪਸੂਲ ਸੌਖਿਆਂ ਹੀ ਕੈਮਿਸਟਾਂ ਕੋਲੋਂ ਮਿਲ ਜਾਂਦੇ ਹਨ ਜਾਂ ਨਸ਼ੇ ਦਾ ਧੰਦਾ ਕਰਨ ਵਾਲੇ ਅੱਗੇ ਸਪਲਾਈ ਕਰਦੇ ਹਨ। ਅੱਜ ਬਹੁਤੇ ਨੌਜਵਾਨ ਇਸ ਨਸ਼ੇ 'ਚ ਪੈ ਕੇ ਕੀਮਤੀ ਜਾਨਾਂ ਅਜਾਈਂ ਗਵਾ ਰਹੇ ਹਨ। ਇਸ ਨਾਲ ਉਨ੍ਹਾਂ ਦੀ ਆਪਣੀ ਜ਼ਿੰਦਗੀ ਤਾਂ ਤਬਾਹ ਹੁੰਦੀ ਹੀ ਹੈ, ਮਾਪਿਆਂ ਦੀ ਜ਼ਿੰਦਗੀ ਵੀ ਤਬਾਹ ਹੋ ਜਾਂਦੀ ਹੈ। ਘਰ ਵਿਚ ਪੈਸੇ ਟਿਕਦੇ ਹੀ ਨਹੀਂ ਜਾਂ ਕਹਿ ਲਵੋ ਕਿ ਨਸ਼ਾ ਟਿਕਣ ਹੀ ਨਹੀਂ ਦਿੰਦਾ। ਜਿੰਨੀ ਦੇਰ ਨਸ਼ਾ ਕਰਨ ਵਾਲਾ ਜਿਊਂਦਾ ਹੈ, ਪੈਸੇ ਉਸ 'ਤੇ ਲਗਦੇ ਰਹਿੰਦੇ ਹਨ। ਮਾਪੇ ਆਪਣੇ ਸਾਹਮਣੇ ਬੱਚਿਆਂ ਨੂੰ ਮਰਦਾ ਨਹੀਂ ਵੇਖ ਸਕਦੇ। 'ਹੁਣ ਸੁਧਰ ਜਾਵੇਗਾ' ਦੀ ਆਸ ਵਿਚ ਪੈਸੇ ਇਲਾਜ 'ਤੇ ਲਗਾਉਂਦੇ ਰਹਿੰਦੇ ਹਨ। ਜਦੋਂ ਮਾਪਿਆਂ ਦੇ ਸਾਹਮਣੇ ਨਸ਼ਿਆਂ ਨਾਲ ਪੁੱਤ ਮਰ ਜਾਂਦਾ ਹੈ ਤਾਂ ਉਹ ਵੀ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ। ਮਾਪਿਆਂ ਕੋਲ ਹੋਰ ਕੋਈ ਸਹਾਰਾ ਨਹੀਂ ਹੁੰਦਾ ਤੇ ਪੁੱਤ ਦੀ ਅਰਥੀ ਦਾ ਭਾਰ ਚੁੱਕਣਾ ਸਭ ਤੋਂ ਔਖਾ ਹੁੰਦਾ ਹੈ। •

98150-30221

ਸਿੰਥੈਟਿਕ ਨਸ਼ੇ

ਸਿੰਥੈਟਿਕ ਨਸ਼ਿਆਂ 'ਚ ਚਿੱਟਾ ਤੇ ਨਸ਼ੀਲੇ ਟੀਕੇ ਵੀ ਸ਼ਾਮਲ ਹਨ। ਇਹ ਸਰੀਰ ਨੂੰ ਤੇਜ਼ੀ ਨਾਲ ਖੋਖਲਾ ਕਰਦੇ ਹਨ। ਇਹ ਮਹਿੰਗੇ ਨਸ਼ੇ ਹਨ ਤੇ ਇਸ ਦੀ ਪੂਰਤੀ ਲਈ ਜਦੋਂ ਪੈਸੇ ਨਹੀਂ ਮਿਲਦੇ ਤਾਂ ਨੌਜਵਾਨ ਕਈ ਤਰ੍ਹਾਂ ਦੇ ਗ਼ਲਤ ਕੰਮ ਕਰਨ ਲੱਗ ਪੈਂਦੇ ਹਨ। ਮਾਪਿਆਂ ਨੂੰ ਵੀ ਕੰਗਾਲ ਕਰ ਦਿੰਦੇ ਹਨ। ਅਸਲ 'ਚ ਨਸ਼ਾ ਕਰਨ ਵਾਲਾ ਸਿਰਫ਼ ਨਸ਼ੇ ਬਾਰੇ ਹੀ ਸੋਚਦਾ ਹੈ। ਨਸ਼ਾ ਕੋਈ ਵੀ ਹੋਵੇ ਬਰਬਾਦੀ ਤੇ ਮੌਤ ਦੇ ਮੂੰਹ 'ਚ ਧੱਕਦਾ ਹੈ। ਮਹਾਕਵੀ ਰਬਿੰਦਰ ਨਾਥ ਟੈਗੋਰ ਨੇ ਲਿਖਿਆ ਹੈ, 'ਸਮੁੰਦਰਾਂ ਅਤੇ ਦਰਿਆਵਾਂ ਦੀ ਨਿਸਬਤ, ਸ਼ਰਾਬ ਦੀ ਪਿਆਲੀ ਨੇ ਜ਼ਿਆਦਾ ਮਨੁੱਖਾਂ ਨੂੰ ਡੋਬਿਆ ਹੈ।'

ਨਸ਼ਾ ਸਿਰਫ਼ ਨਸ਼ਾ ਹੈ। ਇਹ ਕਿਸੇ ਵੀ ਤਰ੍ਹਾਂ ਦਾ ਹੋਵੇ, ਹਾਨੀਕਾਰਕ ਹੁੰਦਾ ਹੈ। ਇਸ ਤੋਂ ਬਚਣਾ ਚਾਹੀਦਾ ਹੈ ਤੇ ਦੂਸਰਿਆਂ ਨੂੰ ਬਚਾਉਣਾ ਚਾਹੀਦਾ ਹੈ। ਨਸ਼ਾ ਬਹੁਤਾ ਹੈ ਜਾਂ ਘੱਟ ਹੈ, ਦੀ ਗੱਲ ਕਰਨੀ ਠੀਕ ਨਹੀਂ। ਇਹ ਜਿੰਨਾ ਵੀ ਹੈ, ਉਸ ਨੂੰ ਖ਼ਤਮ ਕਰਨ ਵਾਸਤੇ ਸਰਕਾਰ ਤੇ ਪ੍ਰਸ਼ਾਸਨ ਨੂੰ ਕਦਮ ਚੁੱਕਣੇ ਚਾਹੀਦੇ ਹਨ। ਹਰ ਕਿਸੇ ਨੂੰ ਰੁਜ਼ਗਾਰ ਦਿਓ ਅਤੇ ਉਸ ਦੀ ਉਸ ਕੰਮ ਪ੍ਰਤੀ ਜਵਾਬਦੇਹੀ ਤਹਿ ਜ਼ਰੂਰ ਕਰੋ। ਕਿਸੇ ਵੀ ਚੀਜ਼ ਦੀ ਬਹੁਤਾਤ ਨਸ਼ਾ ਹੁੰਦਾ ਹੈ ਤੇ ਤਬਾਹੀ ਵੱਲ ਲਿਜਾਂਦਾ ਹੈ।

ਵਿਅਕਤੀ ਨੇ ਜਿਉਂਦੇ-ਜਾਗਦੇ ਮਨਾਈ ਆਪਣੀ 6ਵੀਂ ਬਰਸੀ, ਲਗਾਇਆ ਲੰਗਰ ਤੇ ਵੰਡੇ ਗਰੀਬਾਂ ਨੂੰ ਕੰਬਲ

ਫਤਹਿਗੜ੍ਹ ਸਾਹਿਬ 3 ਫਰਵਰੀ। ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਮਾਜਰੀ ਸੋਢੀਆਂ ਵਿਖੇ ਇਕ ਵਿਅਕਤੀ ਨੇ ਜਿਉਂਦੇ ਜੀ ਆਪਣੀ 6ਵੀਂ ਬਰਸੀ ਮਨਾ ਕੇ ਦਾਨ ਪੁੰਨ ਦੀਆਂ ਸਾਰੀਆਂ ਰਸਮਾਂ ਕੀਤੀਆਂ। ਇਹੀ ਨਹੀਂ, ਇਸ ਦੌਰਾਨ ਕੰਨਿਆਂਵਾਂ ਨੂੰ ਭੋਜਨ ਛਕਾਇਆ ਗਿਆ ਅਤੇ ਗਰੀਬਾਂ ਨੂੰ

ਕੰਬਲ ਵੰਡੇ ਗਏ। ਇੱਥੇ ਇਹ ਅੰਦਾਜਾ ਲਗਾਉਣਾ ਵੀ ਗਲਤ ਹੋਵੇਗਾ ਕਿ ਭੋਗ ਪਾਉਣ ਵਾਲਾ ਵਿਅਕਤੀ ਕਾਫੀ ਅਮੀਰ ਹੈ। ਅਜਿਹਾ ਕਰਨ ਵਾਲਾ ਹਰਭਜਨ ਸਿੰਘ ਦਰਮਿਆਨੇ ਪਰਿਵਾਰ ਨਾਲ ਸਬੰਧਤ ਹੈ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ। ਭੋਗ ਉਪਰੰਤ 11 ਕੰਨਿਆਵਾਂ ਨੂੰ ਭੋਜਨ ਛਕਾਇਆ ਗਿਆ ਅਤੇ ਬਾਅਦ ਵਿੱਚ ਸਾਰੀ ਸੰਗਤਾਂ ਨੂੰ ਭੋਜਨ ਛਕਾਇਆ ਗਿਆ। ਇਸ ਦੌਰਾਨ ਉਨ੍ਹਾਂ 5 ਜਰੂਰਤਮੰਦ ਵਿਅਕਤੀਆਂ ਨੂੰ ਕੰਬਲ ਵੀ ਦਿੱਤੇ। ਹਰਭਜਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦਾ ਮਨੋਰਥ ਸਮਾਜ ਨੂੰ ਸੁਚੇਤ ਕਰਨ ਦਾ ਹੈ, ਕਿ ਇੱਥੇ ਕਲਯੁਗ ਦਾ ਬਹੁਤ ਪ੍ਰਭਾਵ ਹੈ ਇਸ ਲਈ ਜੋ ਕਾਰਜ ਅਸੀਂ ਆਪਣੇ ਹੱਥੀਂ ਕਰ ਲੈਂਦੇ ਹਾਂ ਉਸ ਨਾਲ ਹੀ ਸਾਨੂੰ ਸੰਤੁਸਟੀ ਮਿਲਦੀ ਹੈ। ਇਸ ਮੌਕੇ ਮਾਰਕੀਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਅਤੇ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਐਗਜੈਕਟਿਵ ਮੈਂਬਰ ਕੁਲਦੀਪ ਸਿੰਘ ਪਹਿਲਵਾਨ ਨੇ ਵਿਸੇਸ ਤੌਰ 'ਤੇ ਸ਼ਿਰਕਤ ਕੀਤੀ।

ਪਿੰਡ ਦੇ ਹੀ ਮੁੰਡਿਆਂ ਨੇ ਅੱਲ੍ਹੜ ਕੁੜੀ ਦੀ ਲੁੱਟੀ ਇੱਜਤ

ਮੋਗਾ 3 ਫਰਵਰੀ। ਮੋਗਾ 'ਚ ਕਸਬਾ ਬਾਘਾਪੁਰਾਣਾ ਦੇ ਪਿੰਡ 'ਚ ਇਕ ਨਾਬਾਲਗ ਕੁੜੀ ਨਾਲ ਸਮੂਹਿਕ ਜਬਰ-ਜ਼ਿਨਾਹ ਕਰਨ ਵਰਗੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। 17 ਸਾਲਾਂ ਦੀ ਪੀੜਤ ਕੁੜੀ ਦੁਕਾਨ ਤੋਂ ਸਾਮਾਨ ਖਰੀਦਣ ਗਈ ਸੀ ਤਾਂ ਪਿੰਡ ਦੇ ਹੀ 5 ਮੁੰਡਿਆਂ ਨੇ ਉਸ ਨੂੰ ਕਾਰ 'ਚ ਸੁੱਟ ਕੇ ਅਗਵਾ ਕਰ ਲਿਆ ਅਤੇ ਸਮੂਹਿਕ ਜਬਰ-ਜ਼ਿਨਾਹ ਕੀਤਾ। ਦੋਸ਼ੀ ਸਵੇਰੇ ਪੀੜਤਾ ਨੂੰ ਉਸ ਦੇ ਘਰ ਨੇੜੇ ਗੰਭੀਰ ਹਾਲਤ 'ਚ ਸੁੱਟ ਕੇ ਫਰਾਰ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਸਮੂਹਿਕ ਜਬਰ-ਜ਼ਿਨਾਹ ਕਰਨ ਵਾਲੇ 5 ਦੋਸ਼ੀ ਪੀੜਤਾ ਦੇ ਪਿੰਡ ਦੇ ਹੀ ਹਨ। ਪੀੜਤ ਕੁੜੀ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਪਿੰਡ ਦੇ ਹੀ ਕੁੱਝ ਲੋਕ ਉਨ੍ਹਾਂ ਦੀ ਧੀ ਨੂੰ ਅਗਵਾ ਕਰਕੇ ਲੈ ਗਏ ਅਤੇ ਫਿਰ ਉਸ ਨਾਲ ਇਸ ਘਿਨੌਣੀ ਘਟਨਾ ਨੂੰ ਅੰਜਾਮ ਦਿੱਤਾ। ਪੀੜਤਾ ਦਾ ਕਹਿਣਾ ਹੈ ਕਿ ਪਹਿਲਾਂ ਇਕ ਦੋਸ਼ੀ ਉਸ ਨੂੰ ਗਲਤ ਕੰਮ ਕਰਨ ਲਈ ਲਗਾਤਾਰ ਫੋਨ ਕਰਦਾ ਰਿਹਾ ਅਤੇ ਫਿਰ ਉਸ ਨੂੰ ਅਗਵਾ ਕਰਕੇ ਜਬਰ-ਜ਼ਿਨਾਹ ਕੀਤਾ। ਜਦੋਂ ਪੀੜਤਾ ਨੇ ਖੁਦ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀਆਂ ਨੇ ਉਸ ਨੂੰ ਘੜੀਸ-ਘੜੀਸ ਕੇ ਕੁੱਟਿਆ।

ਜਤਿੰਦਰ ਔਲਖ ਨੇ ਚੇਅਰਮੈਨ ਪੰਜਾਬ ਲੋਕ ਸੇਵਾ ਕਮਿਸ਼ਨ ਅਤੇ ਇੰਦਰਪਾਲ ਸਿੰਘ ਨੇ ਮੁੱਖ ਸੂਚਨਾ ਕਮਿਸ਼ਨਰ ਵਜੋਂ ਚੁੱਕੀ ਸਹੁੰ

ਕਿਸ਼ਨ ਪਾਲ

ਚੰਡੀਗੜ੍ਹ 3 ਫਰਵਰੀ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਅੱਜ ਪੰਜਾਬ ਰਾਜ ਭਵਨ, ਚੰਡੀਗੜ੍ਹ ਵਿਖੇ ਪੰਜਾਬ ਲੋਕ ਸੇਵਾ ਕਮਿਸਨ ਦੇ ਨਵ ਨਿਯੁਕਤ ਚੇਅਰਮੈਨ ਜਤਿੰਦਰ ਸਿੰਘ ਔਲਖ ਅਤੇ ਪੰਜਾਬ ਰਾਜ ਸੂਚਨਾ ਕਮਿਸਨ ਦੇ ਨਵ ਨਿਯੁਕਤ ਰਾਜ ਮੁੱਖ ਸੂਚਨਾ ਕਮਿਸਨਰ ਇੰਦਰਪਾਲ ਸਿੰਘ ਨੂੰ ਅਹੁਦੇ ਦਾ ਭੇਤ ਗੁਪਤ ਰੱਖਣ ਦਾ ਹਲਫ ਦਿਵਾਇਆ। ਇੱਥੇ ਪੰਜਾਬ ਰਾਜ ਭਵਨ ਵਿਖੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਚਲਾਈ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਬ੍ਰਮ ਸੰਕਰ ਜਿੰਪਾ ਤੇ ਗੁਰਮੀਤ ਸਿੰਘ ਖੁੱਡੀਆ, ਮੁੱਖ ਮੰਤਰੀ ਦੇ ਵਿਸੇਸ ਮੁੱਖ ਸਕੱਤਰ ਵੀ ਕੇ ਸਿੰਘ, ਡੀਜੀਪੀ ਗੌਰਵ ਯਾਦਵ, ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਬਲਤੇਜ ਸਿੰਘ ਪੰਨੂੰ, ਪੰਜਾਬ ਲੋਕ ਸੇਵਾ ਕਮਿਸਨ ਦੇ ਮੈਂਬਰ ਗੁਰਪ੍ਰਤਾਪ ਸਿੰਘ ਮਾਨ, ਸੁਪ੍ਰੀਤ ਘੁੰਮਣ ਤੇ ਹਰਮੋਹਨ ਕੌਰ ਸੰਧੂ, ਰਾਜ ਸੂਚਨਾ ਕਮਿਸਨਰ ਅਸਿਤ ਜੌਲੀ ਤੇ ਅੰਮ੍ਰਿਤ ਪ੍ਰਤਾਪ ਸਿੰਘ ਸੇਖੋਂ ਤੋਂ ਇਲਾਵਾ ਸਿਵਲ ਤੇ ਪੁਲਸ ਦੇ ਉੱਚ ਪ੍ਰਸਾਸਨਿਕ ਅਧਿਕਾਰੀ ਅਤੇ ਨਵ ਨਿਯੁਕਤ ਚੇਅਰਮੈਨ ਤੇ ਰਾਜ ਮੁੱਖ ਸੂਚਨਾ ਕਮਿਸਨਰ ਦੇ ਪਰਿਵਾਰਕ ਮੈਂਬਰ ਅਤੇ ਸੁਭਚਿੰਤਕ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪੰਜਾਬ ਕਾਡਰ ਦੇ 1997 ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਜਤਿੰਦਰ ਸਿੰਘ ਔਲਖ ਪਿੰਡ ਬਰਗਾੜੀ (ਫਰੀਦਕੋਟ) ਦੇ ਜੰਮਪਲ ਹਨ। ਪੰਜਾਬ ਪੁਲਸ ਵਿਚ 33 ਸਾਲ ਸੇਵਾਵਾਂ ਨਿਭਾਉਣ ਤੋਂ ਬਾਅਦ



ਏ.ਡੀ.ਜੀ.ਪੀ. ਦੇ ਰੈਂਕ ਉੱਤੇ ਇੰਟੈਲੀਜੈਂਸ ਚੀਫ ਵਜੋਂ ਸੇਵਾਮੁਕਤ ਹੋਏ ਸਨ। ਔਲਖ ਨੇ ਪੀ.ਪੀ.ਐੱਸ. ਨਾਭਾ ਤੋਂ ਸਕੂਲੀ ਸਿੱਖਿਆ, ਡੀ.ਏ.ਵੀ. ਕਾਲਜ ਚੰਡੀਗੜ੍ਹ ਤੋਂ ਬੀ.ਏ. (ਆਨਰਜ) ਅਤੇ ਪੰਜਾਬ ਯੂਨੀਵਰਸਿਟੀ ਤੋਂ ਐੱਲ.ਐੱਲ.ਬੀ. ਅਤੇ ਇਤਿਹਾਸ ਵਿਸੇ ਵਿਚ ਐੱਮ.ਏ. ਦੀ ਡਿਗਰੀ ਹਾਸਲ ਕੀਤੀ। ਆਪਣੇ ਸੇਵਾ ਕਾਲ ਦੌਰਾਨ ਉਹ ਵੱਖ-ਵੱਖ ਜ਼ਿਲ੍ਹਿਆਂ ਐੱਸ.ਏ.ਐੱਸ. ਨਗਰ, ਸੰਗਰੂਰ, ਰੂਪਨਗਰ, ਜਗਰਾਉਂ, ਐੱਸ.ਬੀ.ਐੱਸ. ਨਗਰ, ਅਤੇ ਖੰਨਾ ਵਿਖੇ ਐੱਸ.ਐੱਸ.ਪੀ. ਵਜੋਂ ਤਾਇਨਾਤ ਰਹੇ। ਉਹ ਪੁਲਸ ਕਮਿਸਨਰ ਅੰਮ੍ਰਿਤਸਰ ਤੇ ਪੁਲਸ ਕਮਿਸਨਰ ਲੁਧਿਆਣਾ, ਆਈ.ਜੀ.ਪਟਿਆਲਾ ਤੇ ਫਿਰੋਜਪੁਰ ਰੇਂਜ, ਆਈ.ਜੀ. ਹੈੱਡਕੁਆਰਟਰ ਤੇ ਇੰਟੈਲੀਜੈਂਸ ਵਜੋਂ ਸੇਵਾ ਨਿਭਾਉਣ ਉਪਰੰਤ ਏ.ਡੀ.ਜੀ.ਪੀ. ਦੇ ਰੈਂਕ 'ਤੇ ਖੁਫੀਆ ਵਿੰਗ ਦੇ ਮੁਖੀ ਵਜੋਂ ਸੇਵਾਮੁਕਤ ਹੋਏ ਸਨ। ਉਨ੍ਹਾਂ ਨੂੰ ਰਾਸਟਰੀ ਪੁਰਸਕਾਰ (ਵਿਸੇਸ), ਵਿਸੇਸ ਸੇਵਾਵਾਂ ਲਈ ਪੁਲਸ ਮੈਡਲ, ਪੁਲਸ ਮੈਡਲ ਫਾਰ ਮੈਰੀਟੋਰੀਅਸ ਸਰਵਿਸਿਜ, ਮੁੱਖ ਮੰਤਰੀ ਮੈਡਲ ਅਤੇ ਤਿੰਨ ਵਾਰ ਡੀ.ਜੀ.ਪੀ. ਦੀ ਸਲਾਘਾ ਡਿਸਕ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਰਾਜ ਮੁੱਖ ਸੂਚਨਾ ਕਮਿਸਨਰ ਵਜੋਂ ਸਹੁੰ ਚੁੱਕਣ ਵਾਲੇ ਉੱਘੇ ਐਡਵੋਕੇਟ ਇੰਦਰਪਾਲ ਸਿੰਘ ਹੁਸ਼ਿਆਰਪੁਰ ਦੇ ਵਸਨੀਕ ਹਨ। ਇੰਦਰਪਾਲ ਸਿੰਘ ਨੇ ਕਾਨੂੰਨੀ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਅਤੇ ਉਹ ਬ੍ਰਿਟਿਸ ਹਾਈ ਕਮਿਸਨ ਲਈ ਸਟੈਂਡਿੰਗ ਕੌਂਸਲ, ਪੈਨਲ ਭਾਰਤੀ ਯੂਨੀਅਨ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਬਾਰ ਕੌਂਸਲ ਮੈਂਬਰ ਚੁਣੇ ਗਏ ਅਤੇ ਇਸ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਬਾਰ ਕੌਂਸਲ ਦੇ ਉਪ ਚੇਅਰਮੈਨ ਚੁਣੇ ਗਏ। ਉਨ੍ਹਾਂ ਨੂੰ 20 ਅਗਸਤ, 2022 ਨੂੰ ਪੰਜਾਬ ਦੇ ਸੀਨੀਅਰ ਐਡੀਸਨਲ ਐਡਵੋਕੇਟ ਜਨਰਲ ਵਜੋਂ ਨਿਯੁਕਤ ਕੀਤਾ ਗਿਆ ਸੀ।

ਪਿਆਕੜਾ ਨੂੰ ਵੱਡਾ ਝਟਕਾ, 2 ਫਰਵਰੀ ਤੋਂ ਮਹਿੰਗੀ ਹੋ ਜਾਵੇਗੀ ਸ਼ਰਾਬ

ਚੇਨਈ 3 ਫਰਵਰੀ। ਤਾਮਿਲਨਾਡੂ ਸਟੇਟ ਮਾਰਕੀਟਿੰਗ ਕਾਰਪੋਰੇਸਨ ਲਿਮਿਟੇਡ () ਨੇ 2 ਫਰਵਰੀ ਤੋਂ ਸਰਾਬ ਦੀਆਂ ਪ੍ਰਚੂਨ ਕੀਮਤਾਂ 'ਚ ਵਾਧੇ ਦਾ ਐਲਾਨ ਕੀਤਾ ਹੈ। ਦੇ ਇਸ ਫੈਸਲੇ ਤੋਂ ਬਾਅਦ ਸੂਬੇ 'ਚ ਸਰਾਬ ਦੇ ਸੌਕੀਨਾਂ ਨੂੰ 2 ਫਰਵਰੀ ਤੋਂ ਆਪਣੀਆਂ ਜੇਬਾਂ ਢਿੱਲੀਆਂ ਕਰਨੀਆਂ ਪੈਣਗੀਆਂ। ਇੱਥੇ ਜਾਰੀ ਅਧਿਕਾਰਤ ਬਿਆਨ 'ਚ ਕਿਹਾ ਗਿਆ ਹੈ ਕਿ ਵਾਧੇ ਦਾ ਕਾਰਨ ਐਕਸਾਈਜ ਡਿਊਟੀ 'ਚ ਵਾਧਾ ਹੈ। 180 ਮਿਲੀਲੀਟਰ ਅਤੇ ਦਰਮਿਆਨੇ ਦਰਜੇ ਦੀ ਸਰਾਬ ਦੀ ਕੀਮਤ 'ਚ 10 ਰੁਪਏ ਦਾ ਵਾਧਾ ਕੀਤਾ ਜਾਵੇਗਾ। 180 ਮਿਲੀਲੀਟਰ ਹਾਈ-ਐਂਡ ਸਰਾਬ ਦੀ ਕੀਮਤ 'ਚ 20 ਰੁਪਏ ਦਾ ਵਾਧਾ ਹੋਵੇਗਾ। ਬੀਅਰ ਦੇ ਸੌਕੀਨਾਂ ਨੂੰ 650 ਮਿਲੀਲੀਟਰ ਦੇ ਡੱਬੇ 'ਚ ਵਿਕਣ ਵਾਲੀ ਬੀਅਰ ਲਈ 10 ਰੁਪਏ ਹੋਰ ਅਦਾ ਕਰਨੇ ਪੈਣਗੇ। 375 ਮਿਲੀਲੀਟਰ, 750 ਮਿਲੀਲੀਟਰ ਅਤੇ 1,000 ਮਿਲੀਲੀਟਰ ਦੇ ਕੰਟੇਨਰਾਂ 'ਚ ਵਿਕਣ ਵਾਲੀ ਸਰਾਬ ਅਤੇ 325 ਮਿਲੀਲੀਟਰ ਅਤੇ 500 ਮਿਲੀਲੀਟਰ ਦੇ ਡੱਬਿਆਂ 'ਚ ਵਿਕਣ ਵਾਲੀ ਬੀਅਰ ਦੀਆਂ ਕੀਮਤਾਂ ਵੀ ਉਨ੍ਹਾਂ ਦੀ ਮਾਤਰਾ ਅਤੇ ਸ੍ਰੇਣੀ ਦੇ ਅਨੁਸਾਰ ਵਧਣਗੀਆਂ। ਹੁਣ ਕੀਮਤਾਂ ਵਧਣ ਨਾਲ ਸੂਬਾ ਸਰਕਾਰ ਨੂੰ ਇਸ ਸਾਲ ਸਰਾਬ ਦੀ ਵਿਕਰੀ ਤੋਂ ਜ਼ਿਆਦਾ ਮਾਲੀਆ ਮਿਲਣ ਦੀ ਉਮੀਦ ਹੈ। ਕੀਮਤਾਂ ਦੇ ਵਾਧੇ ਤੋਂ ਬਾਅਦ ਔਸਤ ਰੋਜਾਨਾ ਵਿਕਰੀ ਜੋ ਕਿ ਲਗਭਗ 100 ਕਰੋੜ ਰੁਪਏ ਦੀ ਸੀਮਾ 'ਚ ਸੀ, ਹਫਤੇ ਦੇ ਅਖੀਰ ਅਤੇ ਤਿਉਹਾਰਾਂ ਦੇ ਮੌਸਮ ਜਿਵੇਂ ਕਿ ਨਵੇਂ ਸਾਲ, ਪੌਂਗਲ ਅਤੇ ਦੀਵਾਲੀ ਦੇ ਦੌਰਾਨ 110-115 ਕਰੋੜ ਰੁਪਏ ਦੇ ਅੰਕੜੇ ਨੂੰ ਪਾਰ ਕਰ ਜਾਵੇਗੀ। ਜ਼ਿਕਰਯੋਗ ਹੈ ਕਿ ਸੂਬੇ ਦੀਆਂ ਸਿਆਸੀ ਪਾਰਟੀਆਂ ਖਾਸ ਕਰਕੇ ਅਤੇ ਵੱਖ-ਵੱਖ ਮਹਿਲਾ ਸੰਗਠਨਾਂ ਨੇ ਵੀ ਸਰਾਬ ਦੀਆਂ ਦੁਕਾਨਾਂ ਬੰਦ ਕਰਨ ਦੀ ਮੰਗ ਨੂੰ ਲੈ ਕੇ ਵਿਰੋਧ ਪ੍ਰਦਰਸਨ ਕੀਤਾ ਹੈ।

ਟੈਂਪੂ 'ਚੋਂ ਸਾਮਾਨ ਉਤਾਰ ਰਹੇ 2 ਵਿਅਕਤੀਆਂ ਨੂੰ ਤੇਜ ਰਫਤਾਰ ਟੈਂਕਰ ਨੇ ਮਾਰੀ ਜ਼ੋਰਦਾਰ ਟੱਕਰ

ਏਜੰਸੀਆਂ

ਹਲਵਾਰਾ/ਗੁਰੂਸਰ ਸੁਧਾਰ 3 ਫਰਵਰੀ। ਨਵੀਂ ਆਬਾਦੀ ਅਕਾਲਗੜ੍ਹ ਸਥਿਤੀ ਏਅਰ ਫੋਰਸ ਸਟੇਸਨ ਦੇ ਕੇਂਦਰੀ ਵਿਦਿਆਲਿਆ ਕੋਲ ਲੁਧਿਆਣਾ-ਬਠਿੰਡਾ ਰਾਜ ਮਾਰਗ 'ਤੇ ਖੜ੍ਹੇ ਟੈਂਪੂ 'ਚੋਂ ਸਾਮਾਨ ਉਤਾਰ ਰਹੇ ਦੋ ਵਿਅਕਤੀਆਂ ਨੂੰ ਰਾਏਕੋਟ ਸਾਈਡ ਤੋਂ ਆ ਰਹੇ ਕੈਂਟਰ ਨੇ ਧੁੰਦ ਤੇ ਸਪੀਡ ਬ੍ਰੇਕਰਾਂ ਕਾਰਨ ਸੰਤੁਲਨ ਵਿਗੜਨ 'ਤੇ ਟੱਕਰ ਮਾਰਦਿਆਂ ਦੋ ਵਿਅਕਤੀਆ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ, ਜਿਸ ਕਾਰਨ ਦੋਹਾਂ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਏਅਰ ਫੋਰਸ ਦੇ ਕਰਮਚਾਰੀ ਤਾਹਿਰ ਮੁਹੰਮਦ (36) ਵਾਸੀ ਨਵੀਂ ਆਬਾਦੀ ਅਕਾਲਗੜ੍ਹ ਤੇ ਚੰਦਰ ਬੋਸ (40) ਵਾਸੀ ਨਵੀਂ ਆਬਾਦੀ ਅਕਾਲਗੜ੍ਹ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵੇਂ ਵਿਅਕਤੀ ਦੇਰ ਰਾਤ ਤਾਹਿਰ ਦੀ ਦੁਕਾਨ 'ਤੇ ਪਾਣੀ ਦੀਆਂ ਭਰੀਆਂ ਬਾਲਟੀਆਂ ਟੈਂਪੂ 'ਚੋਂ ਉਤਾਰ ਰਹੇ ਸਨ। ਉਸੇ ਵਕਤ ਰਾਏਕੋਟ ਵਲੋਂ ਆ ਰਹੇ ਗਣਪਤੀ ਫੀਡ ਦੇ ਤੇਜ ਰਫਤਾਰ ਕੈਂਟਰ ਨੇ ਟੈਂਪੂ ਨੂੰ ਜੋਰਦਾਰ ਸਿੱਧੀ ਟੱਕਰ ਮਾਰੀ ਦਿੱਤੀ, ਜਿਸ ਨੇ ਟੈਂਪੂ 'ਚੋਂ ਪਾਣੀ ਉਤਾਰ ਰਹੇ ਚੰਦਰ ਬੋਸ ਤੇ ਤਾਹਿਰ ਮੁਹੰਮਦ ਨੂੰ ਆਪਣੀ ਚਪੇਟ 'ਚ ਲੈ ਲਿਆ ਤੇ ਦੋਵੇਂ ਗੰਭੀਰ ਰੂਪ 'ਚ ਜਖਮੀ ਹੋ ਗਏ। ਕੈਂਟਰ ਚੰਦਰ ਬੋਸ ਨੂੰ ਘੜੀਸਦੇ ਹੋਏ ਕਾਫੀ ਦੂਰ ਤੱਕ ਲੈ ਗਿਆ। ਜਖਮੀ ਹਾਲਾਤ 'ਚ ਤਾਹਿਰ ਨੂੰ ਸਿਵਲ ਹਸਪਤਾਲ ਲੁਧਿਆਣਾ ਲਿਜਾਇਆ ਗਿਆ। ਤਾਹਿਰ ਮੁਹੰਮਦ ਨੇ ਹਸਪਤਾਲ ਵਿਚ ਦਮ ਤੋੜ ਦਿੱਤਾ ਅਤੇ ਦੂਜੇ ਗੰਭੀਰ ਜਖਮੀ ਚੰਦਰ ਬੋਸ ਏਅਰ ਫੋਰਸ ਸਟੇਸਨ ਹਲਵਾਰਾ ਹਸਪਤਾਲ ਵਿਖੇ ਦਮ ਤੋੜ ਦਿੱਤਾ। ਸੁਧਾਰ ਪੁਲਸ ਨੇ ਕੈਂਟਰ ਸਣੇ ਡਰਾਈਵਰ ਪਰਮਜੀਤ ਸਿੰਘ ਮੰਡਿਆਣੀ ਨੂੰ ਹਿਰਾਸਤ 'ਚ ਲੈ ਲਿਆ ਹੈ। ਥਾਣਾ ਸੁਧਾਰ ਦੇ ਮੁਖੀ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਸਵਿੱਤਰੀ ਪਤਨੀ ਚੰਦਰ ਬੋਸ ਦੇ ਬਿਆਨ 'ਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਲਾਸ਼ਾਂ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਿਸਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ।

ਤਰਨਤਾਰਨ 'ਚ ਸ਼ਰਮਨਾਕ ਘਟਨਾ, ਪਿੰਡ ਦੇ ਹੀ ਵਿਅਕਤੀ ਨੇ ਔਰਤ ਨਾਲ ਜਬਰਦਸਤੀ ਕਰਨ ਦੀ ਕੀਤੀ ਕੋਸ਼ਿਸ਼

ਤਰਨਤਾਰਨ 3 ਫਰਵਰੀ। ਥਾਣਾ ਵਲਟੋਹਾ ਦੇ ਅਧੀਨ ਪੈਂਦੇ ਪਿੰਡ ਮਹਿਮੂਦਪੁਰਾ ਵਿਖੇ ਇਕ ਨੌਜਵਾਨ ਨੇ ਇੱਕ ਔਰਤ ਨਾਲ ਘਰ 'ਚ ਦਾਖਲ ਹੋ ਕੇ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਪੀੜਤ ਔਰਤ ਨੇ ਦੱਸਿਆ ਕਿ ਬੀਤੇ ਕੱਲ੍ਹ ਉਨ੍ਹਾਂ ਦੇ ਪਰਿਵਾਰਕ ਮੈਂਬਰ ਕਿਸੇ ਜ਼ਰੂਰੀ ਕੰਮ ਲਈ ਬਾਹਰ ਗਏ ਹੋਏ ਸਨ, ਇਸ ਗੱਲ ਦਾ ਫਾਇਦਾ ਚੁੱਕਦੇ ਹੋਏ ਪਿੰਡ ਦੇ ਹੀ ਰਹਿਣ ਵਾਲਾ ਗੁਰਲਾਲ ਸਿੰਘ ਨਾਮਕ ਵਿਅਕਤੀ ਆਪਣੇ ਕਿਸੇ ਸਾਥੀ ਨਾਲ ਘਰ ਵਿੱਚ ਦਾਖਲ ਹੋ ਗਿਆ। ਪੀੜਤ ਔਰਤ ਨੇ ਕਿਹਾ ਕਿ ਉਨ੍ਹਾਂ ਦੋਹਾਂ ਨੇ ਮੂੰਹ ਮਫਲਰ ਨਾਲ ਢੱਕੇ ਹੋਏ ਸਨ, ਜਦੋਂ ਉਹ ਮੇਰੇ ਨਾਲ ਜਬਰਦਸਤੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਮੈਂ ਇਕ ਮੁੰਡੇ ਦੇ ਮੂੰਹ ਤੋਂ ਮਫਲਰ ਖਿੱਚ ਕੇ ਲਾਹ ਦਿੱਤਾ, ਜਿਸ ਤੋਂ ਮੈਨੂੰ ਪਤਾ ਲੱਗਾ ਕਿ ਉਹ ਪਿੰਡ ਦਾ ਹੀ ਰਹਿਣ ਵਾਲਾ ਗੁਰਲਾਲ ਸਿੰਘ ਨਾਮਕ ਵਿਅਕਤੀ ਸੀ। ਇਸ ਤੋਂ ਬਾਅਦ ਉਸ ਵਿਅਕਤੀ ਵੱਲੋਂ ਮੈਨੂੰ ਫਾਹਾ ਦੇਣ ਦੀ ਕੋਸ਼ਿਸ਼ ਕੀਤੀ ਗਈ ਅਤੇ ਚਾਕੂਆਂ ਨਾਲ ਹਮਲਾ ਵੀ ਕੀਤਾ ਗਿਆ, ਇਸ ਦੌਰਾਨ ਮੇਰੇ ਵੱਲੋਂ ਚੀਕ ਚਿਹਾੜਾ ਪਾਉਣ ਤੇ ਗੁਰਲਾਲ ਸਿੰਘ ਅਤੇ ਉਸਦਾ ਸਾਥੀ ਕੰਧ ਟੱਪ ਕੇ ਫਰਾਰ ਹੋ ਗਏ

ਪੁਰਾਣੀ ਅੰਮ੍ਰਿਤਸਰ-ਤਰਨਤਾਰਨ ਸੜਕ 69.67 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗੀ ਚਾਰ ਮਾਰਗੀ: ਮੰਤਰੀ ਈ.ਟੀ.ਓ.

ਏਜੰਸੀਆਂ

ਚੰਡੀਗੜ੍ਹ 3 ਫਰਵਰੀ। ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਹੈ ਕਿ ਮਾਝਾ ਖੇਤਰ ਦੇ ਦੋ ਇਤਿਹਾਸਕ ਜ਼ਿਲ੍ਹਿਆਂ ਅੰਮ੍ਰਿਤਸਰ ਅਤੇ ਤਰਨਤਾਰਨ ਨੂੰ ਜੋੜਨ ਵਾਲੀ ਪੁਰਾਣੀ ਐੱਨ.ਐੱਚ-15/54 ਸੜਕ ਨੂੰ 69.67 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਮਾਰਗੀ ਸੜਕ ਵਿੱਚ ਅਪਗ੍ਰੇਡ ਕੀਤਾ ਜਾਵੇਗਾ, ਅਤੇ ਇਸ ਪ੍ਰੋਜੈਕਟ ਦੀ ਸ਼ੁਰੂਆਤ 2 ਫਰਵਰੀ ਨੂੰ ਕੀਤੀ ਜਾਵੇਗੀ। ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਜਾਣਕਾਰੀ ਦਿੰਦਿਆਂ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਸ ਸਮੇਂ ਸੜਕ ਦੇ ਇਸ ਹਿੱਸੇ ਦਾ ਕੈਰੇਜਵੇਅ 9.75 ਮੀਟਰ ਹੈ ਅਤੇ ਲੋਕ ਨਿਰਮਾਣ ਵਿਭਾਗ ਕੋਲ ਲੋੜੀਂਦਾ ਰਸਤਾ ਉਪਲਬਧ ਹੈ। ਇਸ ਲਈ ਪ੍ਰੋਜੈਕਟ ਵਾਸਤੇ ਜਮੀਨ ਐਕਵਾਇਰ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੀ ਕੁੱਲ ਸਿਵਲ ਲਾਗਤ 61.24 ਕਰੋੜ ਰੁਪਏ ਹੈ ਅਤੇ ਉਪਯੋਗਤਾ ਤਬਦੀਲੀ (ਜੰਗਲਾਤ ਜਮੀਨ ਨੂੰ ਮੋੜਨਾ, ਰੁੱਖਾਂ ਦੀ ਕਟਾਈ, ਬਿਜਲੀ ਅਤੇ ਹੋਰਾਂ ਸਮੇਤ) ਦੀ ਲਾਗਤ 8.43 ਕਰੋੜ ਰੁਪਏ ਹੈ। ਹੋਰ ਜਾਣਕਾਰੀ ਦਿੰਦਿਆਂ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਹ 2 ਮਹੱਤਵਪੂਰਨ ਜ਼ਿਲ੍ਹੇ ਪੁਰਾਣੇ -15/54 ਮਾਰਗ ਦੁਆਰਾ ਜੁੜੇ ਹੋਏ ਸਨ ਅਤੇ ਹੁਣ ਇਸ ਮਾਰਗ ਨੂੰ ਅੰਮ੍ਰਿਤਸਰ-ਬਠਿੰਡਾ ਮਾਰਗ (ਐੱਨ.ਐੱਚ-54) ਰਾਹੀਂ ਬਾਈਪਾਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ

ਨਵੀਂ ਸੜਕ ਬਣਨ ਤੋਂ ਬਾਅਦ ਵੀ ਇਸ ਮਾਰਗ 'ਤੇ ਆਵਾਜਾਈ ਕਈ ਗੁਣਾ ਵਧ ਗਈ ਹੈ ਅਤੇ ਇਸ ਮਾਰਗ 'ਤੇ ਮੌਜੂਦਾ ਆਵਾਜਾਈ 50,000 ਪੀ.ਸੀ.ਯੂ. ਦੇ ਕਰੀਬ ਹੈ। ਉਨ੍ਹਾਂ ਕਿਹਾ ਕਿ ਇਸ ਮਾਰਗ ਦਾ ਆਪਣਾ ਮਹੱਤਵ ਹੈ ਕਿਉਂਕਿ ਇਸ 'ਤੇ ਕਈ ਇਤਿਹਾਸਕ ਗੁਰਦੁਆਰਾ ਸਾਹਿਬ ਸਥਿਤ ਹਨ। ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਸ ਤੋਂ ਇਲਾਵਾ ਇਹ ਮਾਰਗ ਪੰਜਾਬ ਸਹਿਰੀ ਯੋਜਨਾ ਅਤੇ ਵਿਕਾਸ ਅਥਾਰਟੀ ਦੇ ਮਾਸਟਰ ਪਲਾਨ ਅਧੀਨ ਵੀ ਆਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸੜਕ 'ਤੇ ਝੋਨੇ ਦੀ ਪ੍ਰੋਸੈਸਿੰਗ ਦੇ ਮੈਗਾ ਯੂਨਿਟ ਅਤੇ ਕਈ ਰਾਈਸ ਮਿੱਲਾਂ ਸਥਿਤ ਹਨ ਅਤੇ ਇਹ ਅੰਮ੍ਰਿਤਸਰ ਦੇ ਨਾਲ-ਨਾਲ ਤਰਨਤਾਰਨ ਦੀਆਂ ਵੱਡੀਆਂ ਅਨਾਜ ਮੰਡੀਆਂ ਲਈ ਪਹੁੰਚ ਮਾਰਗ ਵਜੋਂ ਵੀ ਕੰਮ ਕਰਦਾ ਹੈ। ਮੰਤਰੀ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਹਾਲ ਹੀ ਵਿੱਚ ਲੈਵਲ ਕਰਾਸਿੰਗ ਏ-12 'ਤੇ ਐੱਮ.ਆਰ.ਟੀ.ਐਂਡ.ਐੱਚ ਦੇ ਫੰਡਾਂ ਨਾਲ ਇੱਕ ਨਵਾਂ ਰੇਲਵੇ ਓਵਰ ਬ੍ਰਿਜ (ਆਰ.ਓ.ਬੀ.) ਬਣਾਇਆ ਗਿਆ ਹੈ ਅਤੇ ਇਸ ਮਾਰਗ 'ਤੇ ਲੈਵਲ ਕਰਾਸਿੰਗ ਏ-25 'ਤੇ ਇੱਕ ਹੋਰ ਆਰ.ਓ.ਬੀ ਜਲਦੀ ਹੀ ਇਸ ਪ੍ਰੋਜੈਕਟ ਵਜੋਂ ਸੁਰੂ ਹੋਣ ਜਾ ਰਿਹਾ ਹੈ, ਜੋ ਟੈਂਡਰ ਪ੍ਰਕਿਰਿਆ ਅਧੀਨ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਨੂੰ ਚਹੁੰ ਮਾਰਗੀ ਕਰਨ ਨਾਲ ਨਾ ਸਿਰਫ ਆਵਾਜਾਈ ਨੂੰ ਸੁਖਾਲਾ ਬਣਾਉਣ ਵਿੱਚ ਮਦਦ ਮਿਲੇਗੀ ਸਗੋਂ ਇਸ ਸੜਕ ਦੇ ਨਾਲ ਲੱਗਦੇ ਖੇਤਰਾਂ ਦੇ ਵਿਕਾਸ ਵਿੱਚ ਵੀ ਤੇਜੀ ਆਵੇਗੀ।

ਅਡਾਨੀ ਦੇ ਸੋਲਰ ਨੂੰ ਪੰਜਾਬ ਦੇ ਘਰ-ਘਰ ਤਕ ਪਹੁੰਚਾਵੇਗਾ ਜੇ.ਐੱਸ. ਸੋਲਰ ਟੈੱਕ

ਏਜੰਸੀਆਂ

ਜਲੰਧਰ 3 ਫਰਵਰੀ। ਸੋਲਰ ਇੰਡਸਟਰੀ ਵਿਚ 8 ਸਾਲਾਂ ਤੋਂ ਵੱਧ ਤਜਰਬਾ ਰੱਖਣ ਵਾਲੀ ਕੰਪਨੀ ਜੇ.ਐੱਸ. ਸੋਲਰ ਟੈੱਕ ਇੰਡੀਆ ਪ੍ਰਾਈਵੇਟ ਲਿਮਿਟੇਡ ਪੰਜਾਬ ਵਿਚ ਅਡਾਨੀ ਸੋਲਰ ਰੂਫਟਾਪ ਸੋਲਰ ਪ੍ਰੋਜੈਕਟ ਨੂੰ ਪੰਜਾਬ ਦੇ ਹਰ ਘਰ ਤੱਕ ਪਹੁੰਚਾਉਣ ਲਈ ਕੰਮ ਕਰ ਰਿਹਾ ਹੈ। ਨਵੰਬਰ 2019 ਵਿਚ, ਇਸ ਕੰਪਨੀ ਨੂੰ ਅਡਾਨੀ ਸੋਲਰ ਦੁਆਰਾ ਉੱਤਰੀ ਭਾਰਤ ਵਿਚ ਹਰ ਘਰ ਤਕ ਸੋਲਰ ਪਹੁੰਚਾਉਣ ਲਈ ਅਧਿਕਾਰਤ ਚੈਨਲ ਪਾਰਟਨਰ ਵਜੋਂ ਨਿਯੁਕਤ ਕੀਤਾ ਗਿਆ ਸੀ ਅਤੇ ਕੰਪਨੀ ਨੇ ਪੰਜਾਬ, ਹਰਿਆਣਾ ਤੋਂ ਇਲਾਵਾ ਦਿੱਲੀ ਐੱਨ.ਸੀ.ਆਰ. ਵਿਚ ਵੀ ਇਸ ਲਈ ਵੇਅਰਹਾਊਸਿਜ ਦਾ ਨਿਰਮਾਣ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 22 ਜਨਵਰੀ ਨੂੰ ਦੇਸ ਦੇ 1 ਕਰੋੜ ਘਰਾਂ ਦੀਆਂ ਛੱਤਾਂ 'ਤੇ ਸੋਲਰ ਪੈਨਲ ਲਗਾਉਣ ਦੇ ਐਲਾਨ ਤੋਂ ਬਾਅਦ ਅਡਾਨੀ ਸਮੂਹ ਨੇ ਇਸ ਪ੍ਰਾਜੈਕਟ 'ਤੇ ਤੇਜੀ ਨਾਲ ਕੰਮ ਕਰਨਾ ਸੁਰੂ ਕਰ ਦਿੱਤਾ ਹੈ। ਇਸ ਸਬੰਧ ਵਿਚ ਅਡਾਨੀ ਸੋਲਰ ਵੱਲੋਂ ਜੇ.ਐੱਸ. ਸੋਲਰ ਟੈੱਕ ਨਾਲ ਮਿੱਲ ਕੇ ਪਾਰਟਨਰ ਮੀਟ ਕਰਵਾਈ ਗਈ। ਇਸ ਮੀਟਿੰਗ ਵਿਚ ਅਡਾਨੀ ਸੋਲਰ ਦੇ ਰਿਟੇਲ ਬਿਜਨਸ ਦੇ ਆਲ ਇੰਡੀਆ ਹੈੱਡ ਸੀਸਿਲ ਆਗਸਟੀਨ ਨੇ ਵੀ ਭਾਈਵਾਲਾਂ ਨਾਲ ਅਡਾਨੀ ਸੋਲਰ ਦੀ ਰਣਨੀਤੀ ਬਾਰੇ ਚਰਚਾ ਕੀਤੀ। ਇਸ ਦੌਰਾਨ ਉਨ੍ਹਾਂ

ਗੁਜਰਾਤ ਦੇ ਮੁਦਰਾ ਪੋਰਟ 'ਤੇ ਸਥਿਤ ਅਡਾਨੀ ਸੋਲਰ ਦੇ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਡਾਨੀ ਸੋਲਰ ਨੇ ਦੇਸ ਦੇ ਸਭ ਤੋਂ ਭਰੋਸੇਮੰਦ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਸੋਲਰ ਪੈਨਲ ਬਣਾਏ ਹਨ ਅਤੇ ਇਹ ਪੈਨਲ ਹੁਣ ਦੇਸ ਭਰ ਦੇ ਘਰਾਂ ਦੀਆਂ ਛੱਤਾਂ 'ਤੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅਡਾਨੀ ਸੋਲਰ ਦੀ ਇਸ ਫੈਕਟਰੀ ਵਿਚ ਸੋਲਰ ਪ੍ਰਾਜੈਕਟ ਲਗਾਉਣ ਲਈ ਸਾਰੀ ਸਮੱਗਰੀ ਇੱਕੋ ਛੱਤ ਹੇਠ ਤਿਆਰ ਕੀਤੀ ਜਾ ਰਹੀ ਹੈ। ਜੇ.ਐੱਸ. ਸੋਲਰ ਟੈਕ ਦੇ ਬਲਦੀਪ ਸਿੰਘ ਨੇ ਦੱਸਿਆ ਕਿ ਕੰਪਨੀ ਨੇ ਪਿਛਲੇ 8 ਸਾਲਾਂ ਵਿਚ 175 ਮੈਗਾਵਾਟ ਦੇ ਸੋਲਰ ਮੋਡੀਊਲ ਦੀ ਸਪਲਾਈ ਕੀਤੀ ਹੈ। ਇਸ ਦੇ ਨਾਲ, ਕੰਪਨੀ ਨੇ 250 ਮੈਗਾਵਾਟ ਦੇ ਸੋਲਰ ਇਨਵਰਟਰ ਦੀ ਵੀ ਸਪਲਾਈ ਕੀਤੀ ਹੈ ਅਤੇ 650 ਤੋਂ ਵੱਧ ਗਾਹਕਾਂ ਨੂੰ ਭਰੋਸੇਯੋਗ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੰਪਨੀ ਦਾ ਟੀਚਾ ਵਿੱਤੀ ਸਾਲ 2024 ਦੌਰਾਨ 100 ਤੋਂ ਵੱਧ ਗਾਹਕਾਂ ਨੂੰ ਜੋੜਨਾ ਹੈ ਅਤੇ ਇਸ ਲਈ ਪੰਜਾਬ ਭਰ ਵਿਚ ਵੇਅਰਹਾਊਸ ਬਣਾਏ ਜਾ ਰਹੇ ਹਨ।

ਤੇਜ ਰਫਤਾਰ ਓਡੀ ਚਾਲਕ ਈ-ਰਿਕਸਾ ਨੂੰ ਟੱਕਰ ਮਾਰਨ ਵਾਲਾ ਮੁਲਜਮ ਗ੍ਰਿਫਤਾਰ

ਜਲੰਧਰ 3 ਫਰਵਰੀ। 30 ਜਨਵਰੀ ਨੂੰ ਰਾਤ ਕਰੀਬ 9 ਵਜੇ ਬਿਧੀਪੁਰ ਨੇੜੇ ਇਕ ਤੇਜ ਰਫਤਾਰ ਓਡੀ ਕਾਰ ਨੇ ਇਕ ਈ-ਰਿਕਸਾ ਨੂੰ ਜੋਰਦਾਰ ਟੱਕਰ ਮਾਰ ਦਿੱਤੀ ਸੀ। ਇਸ ਟੱਕਰ 'ਚ ਈ-ਰਿਕਸਾ ਚਾਲਕ ਜਗਦੀਸ ਚੰਦਰ ਪੁੱਤਰ ਦਰਸਨ ਲਾਲ, ਪਰਜੀਤ ਸਿੰਘ ਉਰਫ ਪੰਮਾ ਪੁੱਤਰ ਮੋਹਨ ਲਾਲ, ਪੰਕਜ ਵਾਸੀ ਮੁਸਲਿਮ ਕਾਲੋਨੀ ਜਲੰਧਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਗੋਬਿੰਦਾ ਅਤੇ ਹਰਪ੍ਰੀਤ ਗੰਭੀਰ ਰੂਪ 'ਚ ਜਖਮੀ ਹੋ ਗਏ ਸਨ। ਇਸ ਮਾਮਲੇ ਵਿਚ ਓਡੀ ਚਾਲਕ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮਕਸੂਦਾਂ ਦੇ ਐੱਸ. ਐੱਚ. ਓ. ਸਿਕੰਦਰ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਓਡੀ ਕਾਰ ਚਾਲਕ ਦੀ ਪਛਾਣ ਗੁਰਪ੍ਰੀਤ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਬਟਾਲਾ ਵਜੋਂ ਹੋਈ ਹੈ। ਉਸ ਨੇ ਦੱਸਿਆ ਕਿ ਗੁਰਪ੍ਰੀਤ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਫਰਾਰ ਹੋ ਗਿਆ ਸੀ। ਉਸ ਨੇ ਦੱਸਿਆ ਕਿ ਪੁਲਸ ਨੇ ਫਰਾਰ ਓਡੀ ਚਾਲਕ ਗੁਰਪ੍ਰੀਤ ਸਿੰਘ ਨੂੰ ਕਾਬੂ ਕਰ ਲਿਆ ਅਤੇ ਉਸ ਦੀ ਗ੍ਰਿਫਤਾਰੀ ਪਾ ਦਿੱਤੀ ਗਈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਥਾਣਾ ਮਕਸੂਦਾਂ ਦੇ ਇੰਚਾਰਜ ਸਿਕੰਦਰ ਨੇ ਦੱਸਿਆ ਕਿ ਇਸ ਸਬੰਧੀ ਪਹਿਲਾਂ ਹੀ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਕੱਲ੍ਹ ਸਾਮੀਂ ਅਸੀਂ ਮੁਲਜਮ ਗੁਰਪ੍ਰੀਤ ਨੂੰ ਵੀ ਗ੍ਰਿਫਤਾਰ ਸੀ। ਉਹ ਪੰਜਾਬ ਪੁਲਸ ਦਾ ਮੁਲਾਜਮ ਹੈ ਅਤੇ ਪੀ. ਏ. ਪੀ. ਵਿੱਚ ਸਿਖਲਾਈ ਕਰ ਰਿਹਾ ਹੈ। ਉਸ ਰਾਤ ਉਹ ਟਰੇਨਿੰਗ ਤੋਂ ਬਾਅਦ ਬਟਾਲਾ ਘਰ ਜਾ ਰਿਹਾ ਸੀ ਤਾਂ ਉਸ ਦੀ ਕਾਰ ਇਕ ਈ-ਰਿਕਸਾ ਨਾਲ ਟਕਰਾ ਗਈ, ਜਿਸ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਜਖਮੀ ਹੋ ਗਏ। ਮੁਲਜਮ ਨੂੰ ਅੱਜ ਅਦਾਲਤ ਵਿੱਚ ਪੇਸ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ। ਮੌਜੂਦਾ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਉਸ ਦਾ ਮਕਸਦ ਰਾਤ ਨੂੰ ਘਰ ਜਾ ਕੇ ਸਵੇਰੇ ਵਾਪਸ ਆ ਜਾਵੇ, ਜਿਸ ਕਾਰਨ ਉਹ ਜਲਦੀ ਵਿਚ ਘਰ ਜਾ ਰਿਹਾ ਹੈ ਅਤੇ ਤੇਜ ਰਫਤਾਰ ਹੋਣ ਕਰਕੇ ਇਹ ਹਾਦਸਾ ਵਾਪਰ ਗਿਆ। ਗੁਰਪ੍ਰੀਤ ਨੂੰ ਨੌਕਰੀ ਉਸ ਦੇ ਪਿਤਾ ਦੀ ਮੌਤ ਮਗਰੋਂ ਮਿਲੀ ਸੀ। ਇਸ ਸੜਕ ਹਾਦਸੇ ਵਿੱਚ ਮਾਰੇ ਗਏ ਪੰਕਜ ਦੇ ਪਿਤਾ ਨੇ ਦੱਸਿਆ ਕਿ ਪੁਲਸ ਨੇ ਦੋਸੀ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਪੁਲਸ ਵਿਭਾਗ ਨੇ ਉਸ ਨੂੰ ਇਨਸਾਫ ਦਿਵਾਇਆ ਹੈ। ਪੰਕਜ ਦਾ ਅੰਤਿਮ ਸੰਸਕਾਰ ਅੱਜ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਪੁਲਸ ਵਿਭਾਗ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਮੁਲਜਮ ਨੂੰ ਜਲਦੀ ਗ੍ਰਿਫਤਾਰ ਕੀਤਾ ਹੈ।

ਕਾਂਗਰਸ 'ਚ ਖਿੱਚੋਤਾਣ ! ਪਾਰਟੀ 'ਚੋਂ ਮੁਅੱਤਲ ਕੀਤੇ ਗਏ ਸਿੱਧੂ ਧੜੇ ਦੇ ਆਗੂਆਂ ਨੇ ਰਾਜਾ ਵੜਿੰਗ ਨੂੰ ਪੁੱਛੇ ਤਿੱਖੇ ਸਵਾਲ

ਸਰਦੂਲ ਸਿੰਘ

ਮੋਗਾ 3 ਫਰਵਰੀ। ਕਾਂਗਰਸ ਪਾਰਟੀ ਵੱਲੋਂ ਮੋਗਾ ਦੇ ਹਲਕਾ ਨਿਹਾਲ ਸਿੰਘ ਵਾਲਾ ਦੇ ਸਾਬਕਾ ਵਿਧਾਇਕ ਮਹੇਸ ਇੰਦਰ ਸਿੰਘ ਮੋਸੀ ਅਤੇ ਉਨ੍ਹਾਂ ਦੇ ਪੁੱਤਰ ਧਰਮਪਾਲ ਸਿੰਘ ਡੀਪੀ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ ਹੈ। ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਿਰਦੇਸਾਂ 'ਤੇ ਨਵਜੋਤ ਸਿੰਘ ਸਿੱਧੂ ਦੇ ਕਰੀਬੀ ਮਹੇਸ ਇੰਦਰ ਸਿੰਘ ਅਤੇ ਧਰਮਪਾਲ ਸਿੰਘ ਨੂੰ ਕਾਂਗਰਸ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਮਗਰੋਂ ਦੋਹਾਂ ਆਗੂਆਂ ਨੇ ਪਾਰਟੀ ਪ੍ਰਧਾਨ ਰਾਜਾ ਵੜਿੰਗ ਨੂੰ ਤਿੱਖੇ ਸਵਾਲ ਪੁੱਛੇ ਹਨ। 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਧਰਮਪਾਲ ਸਿੰਘ ਡੀਪੀ ਨੇ ਕਿਹਾ ਕਿ ਜੇ ਪਹਿਲਾਂ ਉਨ੍ਹਾਂ ਖ਼ਿਲਾਫ ਸ਼ਿਕਾਇਤਾਂ ਸੀ ਤਾਂ ਤਾਂ ਉਸ ਵੇਲੇ ਹੀ ਉਨ੍ਹਾਂ ਵਿਰੁੱਧ ਕਾਰਵਾਈ ਕਰਦੇ। ਰੈਲੀ ਤੋਂ ਬਾਅਦ ਹੀ ਇਹ ਗੱਲ ਚੇਤੇ ਕਿਉਂ ਆਈ। ਡੀਪੀ ਨੇ ਕਿਹਾ ਕਿ ਹਿਮਾਚਲ ਚੋਣਾਂ ਵਿਚ ਕਾਂਗਰਸ ਨੇ ਮੈਨੂੰ ਕਾਂਗੜੇ ਜ਼ਿਲ੍ਹੇ ਦਾ ਆਬਜਰਵਰ ਬਣਾਇਆ। ਭਾਰਤ ਜੋੜੋ ਯਾਤਰਾ ਵਿਚ ਮੈਨੂੰ ਕੋਆਰਡੀਨੇਟਰ ਬਣਾਇਆ। ਫਿਰੋਜਪੁਰ ਤੇ ਮੋਗਾ 'ਚ ਦਿੱਤੇ ਗਏ ਧਰਨਿਆਂ 'ਚ ਮੇਰੀ ਡਿਊਟੀ ਲਗਾਈ ਗਈ। ਜੇ ਮੈਂ ਪਾਰਟੀ ਵਿਰੋਧੀ ਗਤੀਵਿਧੀਆਂ ਹੀ ਕਰ ਰਿਹਾ ਸੀ ਤਾਂ ਮੈਨੂੰ ਜ਼ਿੰਮੇਵਾਰੀਆਂ ਕਿਉਂ ਦਿੱਤੀਆਂ ਜਾ ਰਹੀਆਂ ਸਨ। ਡੀਪੀ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਸੰਵਿਧਾਨ ਮੁਤਾਬਕ ਇਹ ਅਨੁਸ਼ਾਸਨੀ ਕਮੇਟੀ ਨੂੰ ਮੇਰਾ ਕੇਸ ਭੇਜਦੇ, ਮੇਰੇ ਤੋਂ ਜਵਾਬ ਤਲਬੀ ਕੀਤੀ ਜਾਂਦੀ ਤਾਂ ਮੈਂ ਆਪਣਾ ਪੱਖ ਰੱਖਦਾ। ਇਹ ਤਾਨਾਸ਼ਾਹੀ ਰਵੱਈਆ ਹੈ ਕਿ ਇਕ ਬੰਦੇ ਨੇ ਇਹ ਫੈਸਲਾ ਲੈ ਲਿਆ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿਚ ਅਨੁਸ਼ਾਸਨੀ ਕਮੇਟੀ ਤਾਂ ਕਾਰਵਾਈ ਕਰ ਸਕਦੀ ਹੈ, ਪਰ ਇਸ ਤਰ੍ਹਾਂ ਇਕਤਰਫਾ ਫੈਸਲਾ ਨਹੀਂ ਲਿਆ ਜਾ ਸਕਦਾ। ਜੇਕਰ ਮੇਰੇ ਖ਼ਿਲਾਫ ਸ਼ਿਕਾਇਤਾਂ ਸੀ ਤਾਂ ਚੋਣਾਂ ਤੋਂ 2 ਸਾਲ ਬਾਅਦ ਇਹ ਕਾਰਵਾਈ ਕਿਉਂ ਹੋਈ। ਇਸ ਰੈਲੀ ਤੋਂ ਬਾਅਦ ਪਤਾ ਲੱਗਿਆ ਕਿ ਮੈਂ ਪਾਰਟੀ ਵਿਰੋਧੀ ਗਤੀਵਿਧੀਆਂ ਕੀਤੀਆਂ? ਨਵਜੋਤ ਸਿੰਘ ਸਿੱਧੂ ਨਾਲ ਗੱਲਬਾਤ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਆਪਸ ਵਿਚ ਅਕਸਰ ਹੀ ਗੱਲਬਾਤ ਹੁੰਦੀ ਰਹਿੰਦੀ ਹੈ ਤੇ ਉਹ ਇਸ ਮਸਲੇ 'ਤੇ ਵੀ ਉਨ੍ਹਾਂ ਨਾਲ ਗੱਲ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਮੋਗੇ ਵਿਚ ਕਦੀ ਵੀ ਕਾਂਗਰਸ ਦਾ ਇੰਨਾ ਵੱਡਾ ਇਕੱਠ ਨਹੀਂ ਹੋਇਆ, ਜਿੰਨਾ ਉਸ ਰੈਲੀ ਵਿਚ ਹੋਇਆ ਸੀ। ਇਸ ਗੱਲ ਲਈ ਮੇਰੀ ਪਿੱਠ ਥਾਪੜਣ ਦੀ ਬਜਾਏ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ। ਜੇ ਮੈਂ ਕਾਂਗਰਸ ਦਾ ਪ੍ਰਚਾਰ ਕਰਨ ਲਈ, ਕਾਂਗਰਸ ਦੀਆਂ ਨੀਤੀਆਂ ਲੋਕਾਂ ਤਕ ਪਹੁੰਚਾਉਣ ਲਈ ਹਜਾਰਾਂ ਲੋਕਾਂ ਨੂੰ ਉੱਥੇ ਇਕੱਠਾ ਕਰ ਦਿੱਤਾ ਤਾਂ ਪ੍ਰਧਾਨ ਨੇ ਮੈਨੂੰ ਸ਼ਾਬਾਸ਼ੀ ਦੇਣ ਦੀ ਬਜਾਏ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ। ਜੇਕਰ ਰੈਲੀ ਦੀ ਹੀ ਗੱਲ ਕਰੀਏ ਤਾਂ ਇਸ ਤੋਂ

ਪਹਿਲਾਂ ਵੀ ਤਿੰਨ ਰੈਲੀਆਂ ਹੋ ਚੁੱਕੀਆਂ ਸਨ। ਨਵਜੋਤ ਸਿੰਘ ਸਿੱਧੂ ਇਸ ਰੈਲੀ ਬਾਰੇ ਕਈ ਦਿਨ ਪਹਿਲਾਂ ਐਲਾਨ ਕਰ ਚੁੱਕੇ ਸਨ। ਜੇ ਰੈਲੀ ਜਾਇਜ ਨਹੀਂ ਸੀ ਤਾਂ ਮੈਨੂੰ ਪਹਿਲਾਂ ਹਦਾਇਤਾਂ ਜਾਰੀ ਕਰ ਕੇ ਇਸ ਬਾਰੇ ਦੱਸਦੇ ਤਾਂ ਮੈਂ ਪਾਰਟੀ ਦਾ ਸਿਪਾਹੀ ਹੋਣ ਦੇ ਨਾਤੇ ਉਨ੍ਹਾਂ ਹਦਾਇਤਾਂ ਦੀ ਪਾਲਣਾ ਕਰਦਾ। ਰੈਲੀ ਖਤਮ ਹੋਣ ਤੋਂ 2 ਘੰਟੇ ਬਾਅਦ ਮੈਨੂੰ ਨੋਟਿਸ ਜਾਰੀ ਕੀਤਾ ਗਿਆ। ਇਹ ਨਿੱਜੀ ਕਿੜ ਕੱਢਣ ਵਾਲਾ ਮਸਲਾ ਨਹੀਂ ਤਾਂ ਹੋਰ ਕੀ ਹੈ। ਮੇਰੇ ਕੋਲ ਬਹੁਤ ਗੱਲਾਂ ਨੇ ਪਰ ਮੈਂ ਉਹ ਜਨਤਕ ਨਹੀਂ ਕਰਨਾ ਚਾਹੁੰਦਾ, ਮੈਂ ਸਭ ਕੁਝ ਹਾਈਕਮਾਨ ਨੂੰ ਦੱਸਾਂਗਾ। ਉਨ੍ਹਾਂ ਕਿਹਾ ਕਿ ਕਾਂਗਰਸ ਲੋਕਤੰਤਰਿਕ ਪਾਰਟੀ ਹੈ, ਇਸ ਤੋਂ ਉੱਪਰ ਬਹੁਤ ਅਹੁਦੇਦਾਰ ਬੈਠੇ ਹਨ, ਮੈਂ ਉਨ੍ਹਾਂ ਦੇ ਨੋਟਿਸ ਵਿਚ ਤਮਾਮ ਗੱਲਾਂ ਲਿਆਵਾਂਗਾ। ਕਾਂਗਰਸ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਪਾਰਟੀ ਨਹੀਂ, ਕਾਂਗਰਸ ਇੱਕੋ ਜਿਹੀ ਵਿਚਾਰਧਾਰਾ ਰੱਖਣ ਵਾਲੇ ਲੋਕਾਂ ਦਾ ਸਮੂਹ ਹੈ ਤੇ ਮੈਂ ਕਾਂਗਰਸ ਦੀ ਚੜ੍ਹਦੀ ਕਲਾ ਲਈ ਕੰਮ ਕਰਦਾ ਰਿਹਾ ਹਾਂ। ਇਹ ਮੈਨੂੰ ਕਾਂਗਰਸ ਵਿਚੋਂ ਕੱਢ ਸਕਦੇ ਹਨ ਪਰ ਮੇਰੇ ਅੰਦਰੋਂ ਕਾਂਗਰਸ ਨਹੀਂ ਕੱਢ ਸਕਦੇ। ਦੂਜੇ ਪਾਸੇ ਮਹੇਸ਼ ਇੰਦਰ ਸਿੰਘ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੇ ਬਠਿੰਡਾ ਵਿਚ 2 ਰੈਲੀਆਂ ਕੀਤੀਆਂ। ਤੀਜੀ ਰੈਲੀ ਹੁਸ਼ਿਆਰਪੁਰ ਵਿਚ ਕੀਤੀ। ਮੋਗਾ ਰੈਲੀ ਦਾ ਐਲਾਨ ਵੀ ਅਸੀਂ ਨਹੀਂ ਸਗੋਂ ਨਵਜੋਤ ਸਿੰਘ ਸਿੱਧੂ ਨੇ ਕੀਤਾ ਸੀ। ਉਨ੍ਹਾਂ ਨੇ ਸਾਨੂੰ ਪਿਓ-ਪੁੱਤ ਨੂੰ ਕਿਹਾ ਕਿ ਤੁਸੀਂ ਇਸ ਰੈਲੀ ਦਾ ਪ੍ਰਬੰਧ ਕਰਨਾ ਹੈ। ਅਸੀਂ ਆਪਣੇ ਸਤਿਕਾਰਯੋਗ ਸਾਬਕਾ ਪ੍ਰਧਾਨ ਦਾ ਹੁਕਮ ਮੰਨ ਕੇ ਰੈਲੀ ਦਾ ਪ੍ਰਬੰਧ ਕੀਤਾ। ਉਨ੍ਹਾਂ ਸਵਾਲ ਕੀਤਾ ਕਿ ਤੁਸੀਂ ਸਾਨੂੰ ਤਾਂ ਮੁਅੱਤਲ ਕਰ ਦਿੱਤਾ ਪਰ ਨਵਜੋਤ ਸਿੰਘ ਸਿੱਧੂ ਤੇ ਲਾਲ ਸਿੰਘ ਖ਼ਿਲਾਫ ਕੋਈ ਕਾਰਵਾਈ ਕਿਉਂ ਨਹੀਂ ਹੋਈ। ਰਾਜਾ ਵੜਿੰਗ ਬਤੌਰ ਪ੍ਰਧਾਨ ਸਿੱਧੂ ਦੀਆਂ ਰੈਲੀਆਂ ਨੂੰ ਰੋਕ ਦੇਣ। ਨਵਜੋਤ ਸਿੰਘ ਸਿੱਧੂ ਵੱਲੋਂ ਤਾਂ 2 ਫਰਵਰੀ ਨੂੰ ਬਾਘਾਪੁਰਾਣਾ ਵਿਚ ਇਕ ਹੋਰ ਰੈਲੀ ਕੀਤੀ ਜਾ ਰਹੀ ਹੈ। ਮੋਗਾ ਰੈਲੀ ਨੂੰ ਸਫਲ ਦੱਸਦਿਆਂ ਮਹੇਸ਼ ਇੰਦਰ ਸਿੰਘ ਨੇ ਕਿਹਾ ਕਿ ਇਹ ਆਪ ਇੰਨਾ ਇਕੱਠ ਕਰ ਕੇ ਦਿਖਾ ਦੇਣ। ਸਾਨੂੰ ਸ਼ਾਬਾਸ਼ੀ ਦੇਣ ਦੀ ਬਜਾਏ ਸਜਾ ਦੇ ਰਹੇ ਹਨ। ਉਨ੍ਹਾਂ ਮਾਲਵਿਕਾ ਸੂਦ ਬਾਰੇ ਬੋਲਦਿਆਂ ਕਿਹਾ ਕਿ ਇਹ ਗੱਲ ਇਨ੍ਹਾਂ ਨੂੰ 2 ਸਾਲ ਬਾਅਦ ਕਿਉਂ ਯਾਦ ਆਈ। ਸਾਰੇ ਮਾਲਵੇ 'ਚੋਂ ਕਾਂਗਰਸ ਸਿਰਫ ਤਿੰਨ ਸੀਟਾਂ ਜਿੱਤੀ। ਜਿਹੜੀਆਂ 64 ਸੀਟਾਂ ਕਾਂਗਰਸ ਹਾਰੀ ਉਹ ਕਿਸਨੇ ਹਰਾਈਆਂ। ਮਾਲਵਿਕਾ ਸੂਦ ਤਾਂ ਆਪਣੇ ਵਾਰਡ ਵਿਚੋਂ ਵੀ ਹਾਰ ਗਈ ਸੀ। ਉਨ੍ਹਾਂ ਨੇ ਵੀ ਅਨੁਸ਼ਾਸਨੀ ਕਮੇਟੀ ਬਣਾਏ ਜਾਣ ਦੀ ਵਕਾਲਤ ਕਰਦਿਆਂ ਕਿਹਾ ਕਿ ਮੈਂ ਅਪੀਲ ਕੀਤੀ ਸੀ ਕਿ ਸਾਨੂੰ ਬੁਲਾ ਕੇ ਸਾਡਾ ਪੱਖ ਵੀ ਸੁਣਿਆ ਜਾਵੇ, ਪਰ ਸਾਨੂੰ ਸੁਣਿਆ ਹੀ ਨਹੀਂ ਗਿਆ। ਕੋਈ ਅਨੁਸ਼ਾਸਨੀ ਕਮੇਟੀ ਨਹੀਂ ਬਣੀ, ਇਹ 'ਵਨ ਮੈਨ ਸ਼ੋਅ' ਹੈ।